# ਵਰਿਆਮ

੩੮ਵਾਂ ਸਾਲ

ਅਗਸਤ ੨੦੧੩



ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਭੈਣੀ ਸਾਹਿਬ ਸੰਗਤਾਂ ਵਿਚ ਸੁਸ਼ੋਭਿਤ। ਨਾਲ ਸ੍ਰੀ ਮਾਤਾ ਚੰਦ ਕੌਰ ਜੀ ਵੀ ਦਰਸ਼ਨ ਦੇ ਰਹੇ ਹਨ।

25/-

Namdhari Elibrary NamdhariElibrary@gmail.com

੨੨ ਜੁਲਾਈ ੨੦੧੩ ਨੂੰ ਸਤਿਗੁਰੂ ਜੀ ਨੇ ੫੫ ਸਾਲ ਦੀ ਆਯੂ ਸੰਪੂਰਨ ਕੀਤੀ ਹੈ। ਲੇਖ ਅੰਦਰ ਪੜ੍ਹੋ ਜੀ..



ਨੈਰੋਬੀ ਹਵਾਈ ਅੱਡੇ ਤੇ ਸਤਿਗੁਰੂ ਜੀ ਦਾ ਸੁਆਗਤ। ਸੰਗਤਾਂ ਵਿਚ ਸ. ਤਰਲੋਚਨ ਸਿੰਘ ਤੇ ਉਹਨਾਂ ਦੇ ਘਰੋਂ ਬੀਬੀ ਉਤਮਜੀਤ ਕੌਰ ਵੀ ਹਨ।



ਬੀਬੀ ਉਤਮ ਜੀਤ ਕੌਰ

ਸਾਬਕਾ ਐਮ. ਪੀ ਅਤੇ ਭਾਰਤ ਸਰਕਾਰ ਦੇ ਮਿਨਾਰਟੀ ਕਮਿਸ਼ਨ ਦੇ ਪਿਛਲੇ ਚੇਅਰਮੈਨ ਸ. ਤਰਲੋਚਨ ਸਿੰਘ ਦੀ ਜੀਵਨ ਸਾਥਨ ਬੀਬੀ ਉਤਮ ਜੀਤ ਕੌਰ ਸਦੀਵੀ ਵਿਛੋੜਾ ਦੇ ਗਏ ਹਨ। ਬੀਬੀ ਜੀ ਸਾਦਗੀ, ਸੁਹੱਪਣ, ਸਿਆਣਪ ਅਤੇ ਸਹਿਣਸ਼ੀਲਤਾ ਦੇ ਗੁਣਾਂ ਨਾਲ ਭਰਪੂਰ ਸਨ। ਸਰਦਾਰ ਤ੍ਰਲੋਚਨ ਸਿੰਘ ਦੇ ਕਾਮਯਾਬ ਜੀਵਨ ਵਿਚ ਉਹ ਪ੍ਰਮੁੱਖ ਸਹਾਇਕ ਅਤੇ ਪ੍ਰੇਰਣਾ ਸ੍ਰੋਤ ਸਨ। ਵਰਿਆਮ ਸੰਪਾਦਕ ਨੇ ਨੈਰੋਵੀ ਪੂਰਬੀ ਅਫਰੀਕਾ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਤਰਾ ਸਮੇਂ ਇਸ ਮਹਾਨ ਤੇ ਪਵਿੱਤਰ ਜੋੜੀ ਦੀ ਸੰਗਤ ਮਾਣੀ ਸੀ। ਇਸ ਤੋਂ ਪਹਿਲਾਂ ਦੱਖਣੀ ਅਫਰੀਕਾ ਦੇ ਕੇਪਟਾਊਨ ਸ਼ਹਿਰ ਵਿਚ ਵਿਚਰਨ ਦਾ ਸੁਭਾਗ ਮਿਲਿਆ। ਬੀਬੀ ਜੀ ਦੇ ਵਿਛੋੜੇ ਨਾਲ ਸ. ਤ੍ਰਲੋਚਨ ਸਿੰਘ ਪਰਿਵਾਰ ਨੂੰ ਅਤੇ ਸਮਾਜ ਨੂੰ ਭਾਰੀ ਘਾਟਾ ਪਿਆ ਹੈ ਪਰ ਭਾਣਾ ਅਟੱਲ ਹੈ। ਲੰਮੇ ਸਮੇਂ ਤੋਂ ਵਰਿਆਮ ਨਾਲ ਬਤੌਰ ਲੇਖਕ ਅਤੇ ਸਹਾਇਕ ਵਜੋਂ ਜੁੜੇ ਸ. ਤ੍ਰਲੋਚਨ ਸਿੰਘ ਪਰਿਵਾਰ ਨਾਲ ਵਰਿਆਮ ਪਰਿਵਾਰ ਦੀ ਡੂੰਘੀ ਸੰਵੇਦਨਾ ਹੈ।

—ਜਗਦੀਸ਼ ਸਿੰਘ ਵਰਿਆਮ

Namdhari Elibrary NamdhariElibrary@gmail.com

# ਵਰਿਆਮ

ਅਗਸਤ -੨੦੧੩

ਜਿਲਦ-੩੯

ਅੰਕ- ੧੦



ਸੰਪਾਦਕ

ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

| ਦਫਤਰ ਦਾ ਪਤਾ: | Office Address : |
|---|---|
| ਮਾਸਿਕ ਵਰਿਆਮ | Monthly WARIAM |
| ਲਾਡੋਵਾਲੀ ਰੋਡ | |
| (ਸਾਹਮਣੇ ਸੈਂਟਰਲ ਟਾਊਨ) | Ladowali Road. |
| ਜਲੰਧਰ- ੧੪੪੦੦੧ | Opp. Central Town, Jalandhar-144001 |
| ਫੋਨ-:੦੧੮੧- ੨੨੨੨੫੪੩ | Ph. :0181-2222543 (O) |
| ਘਰ : ੦੧੮੧-੨੪੫੬੨੮੯ | 0181-2456289 (R) |


## ਵਰਿਆਮ ਦੇ ਦਰ

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਸੰਪਾਦਕੀ ..........੨

ਬਾਬਾ ਸੱਦਾ ਸਿੰਘ "ਕਬੀਰ"

*—ਸੁਵਰਨ ਸਿੰਘ ਵਿਰਕ* ..........੫

ਪਰਉਪਕਾਰੀ ਗੁਰੂ ਸਤਿਗੁਰੂ ਉਦੇ ਸਿੰਘ ਜੀ

*—ਸੁਲੱਖਣ ਸਿੰਘ ਭਿੰਡਰ* ..........੧੫

ਕਾਲੇ ਦਿਨਾਂ ਦੀ ਕਹਾਣੀ

*—ਵਰਿਆਮ ਸਿੰਘ ਸੰਧੂ* ..........੧੯

ਅਜ਼ਾਦੀ ਮੁੱਲ ਮੰਗਦੀ ਏ

*—ਜਸਵੰਤ ਸਿੰਘ ਕੈਲਵੀ* ..........੨੪

ਤਾਰਿਆ ਵੇ ਤੇਰੀ ਲੋਅ

*—ਹਰਭਜਨ ਸਿੰਘ ਕੋਮਲ* ..........੨੫

ਆਲ੍ਹਣਿਓਂ ਡਿੱਗੇ ਬੋਟ

*—ਅਮਰੀਕ ਸਿੰਘ ਸ਼ੇਰ ਖਾਂ* ..........੩੨

ਪਾਰਸ ਸੰਗੀਤ ਸਮਾਰੋਹ

*—ਸੁਧਾ ਸ਼ਰਮਾ* ..........੩੭

ਖ਼ਬਰਨਾਮਾ ..........੪੧

ਪ੍ਰਤੀਕਿਰਿਆ ..........੪੫



ਈ-ਮੇਲ ਪਤਾ :

jagdishsinghwariam@gmail.com





NamdhariElibrary NamdhariElibrary@gmail.com

# ਅਗਸਤ ਦਾ ਮਹੀਨਾ ਯਾਦ ਸ਼ਹੀਦਾਂ ਦੀ

ਅਗਸਤ ਦਾ ਮਹੀਨਾ ਇਤਿਹਾਸਕ ਯਾਦ ਲੈ ਕੇ ਆਉਂਦਾ ਹੈ। ੧੫ ਅਗਸਤ ੧੯੪੭ ਨੂੰ ਭਾਰਤ ਸਦੀਆਂ ਦੀ ਗੁਲਾਮੀ ਬਾਅਦ ਸਿਆਸੀ ਤੌਰ ਤੇ ਆਜ਼ਾਦ ਹੋਇਆ ਸੀ। ਆਜ਼ਾਦੀ ਦੇ ਨਾਲ ਹੀ ਇਤਿਹਾਸ ਦੇ ਪੰਨਿਆਂ ਦੇ ਸਭ ਤੋਂ ਵਧ ਭਿਆਨਕ ਫਿਰਕੂ ਫਸਾਦ ਸ਼ੁਰੂ ਹੋਏ। ਬੰਗਾਲ ਅਤੇ ਪੰਜਾਬ ਦੀ ਧਰਮ ਦੇ ਆਧਾਰ ਤੇ ਵੰਡ ਹੋਈ। ਸਾਂਝਾ ਭਾਰਤ ਹਿੰਦੂ ਅਤੇ ਮੁਸਲਿਮ ਮਜ਼ਹਬ ਦੀ ਬਿਨਾ ਤੇ ਵੰਡਿਆ ਗਿਆ। ਆਬਾਦੀਆਂ ਦਾ ਵੱਡੀ ਪੱਧਰ ਤੇ ਤਬਾਦਲਾ ਹੋਇਆ। ਕਤਲ ਖ਼ੂਨ ਖਰਾਬਾ ਉਧਾਲੇ ਅਤੇ ਬਲਾਤਕਾਰਾਂ ਦਾ ਬੋਲ ਬਾਲਾ ਰਿਹਾ। ਪ੍ਰੋ. ਮੋਹਨ ਸਿੰਘ ਨੇ ਆਪਣੀ ਕਵਿਤਾ ਵਿਚ ਗੁਰੂ ਨਾਨਕ ਨੂੰ ਉਲਾਹਮਾ ਦਿੱਤਾ "ਤੂੰ ਰੱਬ ਨੂੰ ਵੰਗਾਰਿਆ ਤੈਨੂੰ ਵੰਗਾਰਾਂ ਮੈਂ, ਆਇਆ ਨਾ ਤੈਨੂੰ ਦਰਦ ਏਨਾ ਘਾਣ ਹੋ ਗਿਆ।"

ਆਜ਼ਾਦੀ ਦੀ ਦਿਵਸ ਦੀਆਂ ਰੌਣਕਾਂ ਵਿਚ ਪ੍ਰਮੁੱਖ ਹੈ ਲਾਲ ਕਿਲੇ ਦੀ ਫਸੀਲ ਤੋਂ ਪ੍ਰਧਾਨ ਮੰਤਰੀ ਦੁਆਰਾ ਤਿਰੰਗੇ ਝੰਡੇ ਨੂੰ ਲਹਿਰਾਉਣਾ ਅਤੇ ਕੌਮ ਦੇ ਨਾਮ ਸੰਦੇਸ਼। ਏਸ ਦਿਨ ਤੇ ਸਾਡੀਆਂ ਸੋਚਾਂ ਇਤਿਹਾਸ ਦੇ ਪੰਨਿਆਂ ਤੇ ਇਕ ਵਾਰ ਮੁੜ ਚਲੀਆਂ ਜਾਂਦੀਆਂ ਹਨ। ਮੁੜ ਯਾਦ ਆਉਂਦੇ ਹਨ ਉਹ ਜਵਾਨ ਕੂਕੇ ਜੋ ਸੰਨ ੧੮੭੨ ਦੀਆਂ ਘੋਰ ਸਰਦੀਆਂ ਨੂੰ ਮਲੇਰਕੋਟਲਾ ਵਿਖੇ ਤੋਪਾਂ ਅਗੇ ਖੜੇ ਕਰਕੇ ਉੜਾ ਦਿੱਤੇ ਗਏ। ਕੈਸੀ ਜਾਬਰ ਸੀ ਅੰਗਰੇਜ਼ ਬਸਤੀਵਾਦੀ ਹਕੂਮਤ ਅਤੇ ਕਿਸ ਮਿੱਟੀ ਦੇ ਬਣੇ ਸਨ ਹੱਸ ਹੱਸ ਕੇ ਤੋਪਾਂ ਵਲ ਦੌੜਦੇ ਇਹ ਨੌਜਵਾਨ। ਢੀਮਾਂ ਤੇ ਖਲੋ ਕੇ ਤੋਪ ਦੇ ਹਾਣੀ ਬਨਣ ਵਾਲੇ ਮਰਦ ਅਤੇ ਡੀ. ਸੀ. ਕਾਵਨ ਦੀ ਦਾਹੜੀ ਫੜਣ ਵਾਲਾ ਬਾਂਕਾ ਬਾਲਕ ਜੋ ਕੁਰਬਾਨ ਤਾਂ ਹੋ ਗਿਆ ਪਰ ਜਾਬਰ ਦੀ ਦਾਹੜੀ ਨਾ ਛੱਡੀ। ਨਾਮਧਾਰੀ ਅੰਦੋਲਨ ਦੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੂਬੇ ਜੋ ਪਿਆਰੇ ਵਤਨ ਤੋਂ ਦੂਰ ਦੁਰਾਡੇ ਦੇਸ਼ਾਂ ਵਿਚ ਜਲਾਵਤਨ ਕੀਤੇ ਗਏ। ਸ਼ਹੀਦੀਆਂ, ਕੈਦਾਂ, ਕੁਰਕੀਆਂ, ਆਪਣੇ ਬੇਗਾਨਿਆਂ ਦੀਆਂ ਵਧੀਕੀਆਂ, ਨਫਰਤਾਂ, ਵਿਰੋਧੀ ਨੂੰ ਦਰਕਿਨਾਰ ਕਰਦਿਆਂ ਉਹ ਸਾਬਤ ਕਦਮ ਰਹੇ। ਇਤਿਹਾਸ ਅਜਿਹੇ ਮਰਜੀਵੜਿਆਂ ਦੇ ਬਿਤਾਂਤ ਨਾਲ ਭਰਿਆ ਪਿਆ ਹੈ। ਅਸੀਂ ਵਰਿਆਮ ਦੇ ਪੰਨਿਆਂ ਤੇ ਲੰਬੇ ਸਮੇਂ ਤੋਂ ਸਿਲਸਲੇਵਾਰ ਇਹ ਬਿਰਤਾਂਤ ਛਾਪ ਰਹੇ ਹਾਂ। ਇਸ ਅੰਕ ਵਿਚ ਵੀ ਹੈ।

ਅਗਸਤ ਮਹੀਨੇ ਵਿਚ ਜਿਥੇ ੧੫ ਅਗਸਤ ਜਸ਼ਨਾਂ ਦਾ ਦਿਨ ਸਾਰੀ ਦੁਨੀਆਂ ਵਿਚ ਭਾਰਤੀਆਂ ਵਲੋਂ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ ਉਥੇ ਬਟਵਾਰੇ ਦਾ ਦਰਦ ਮੁੜ ਮੁੜ ਉਜਾਗਰ ਹੁੰਦਾ ਹੈ।

ਇਸ ਦਰਦ ਨੂੰ ਬਿਆਨ ਕਰਦਾ ਸਾਹਿਤ ਵੀ ਰਚਿਆ ਗਿਆ ਹੈ। ਵਰਿਆਮ ਦੇ ਇਸ ਅੰਕ ਵਿਚ ਵੀ ਕੁਝ ਰਚਨਾਵਾਂ ਹਨ। ਆਜ਼ਾਦੀ ਲਈ ਕੁਰਬਾਨੀ ਅਤੇ ਵੰਡ ਦੇ ਭਿਆਨਕ ਦਰਦ ਨੂੰ ਤਾਂ ਦਰਸਾਉਂਦੀਆਂ ਹਨ ਪਰ ਅਡੋਲ ਅਤੇ ਸਮਦਰਸ਼ੀ ਬਿਰਤੀ ਨੂੰ ਕਾਇਮ ਰੱਖਦੀਆਂ ਹਨ। ਆਜ਼ਾਦੀ ਦਿਵਸ ਦੀ ਪਾਠਕਾਂ ਨੂੰ ਵਧਾਈ ਹੈ। ਆਜ਼ਾਦੀ ਲਈ ਮਰ ਮਿਟਣ ਵਾਲੇ ਕੁਰਬਾਨੀਆਂ ਦੇ ਪੁਤਲਿਆਂ ਨੂੰ ਸ਼ਰਧਾਂਜਲੀ ਹੈ।

*—ਜਗਦੀਸ਼ ਸਿੰਘ ਵਰਿਆਮ*


NamdhariElibrary NamdhariElibrary@gm

ਸ਼ਰਧਾਂਜਲੀ

# ਹਰਭਜਨ ਸਿੰਘ ਕੋਮਲ



"ਸਾਡਾ ਸਲੀਕਾ ਹੈ ਖਰੀ ਕਹਿਣੀ ਅਦਾ ਦੇ ਨਾਲ
ਤਾ ਕਿ ਕਿਸੇ ਨੂੰ ਦਰਦ ਨਾ ਹੋਵੇ ਦਵਾ ਦੇ ਨਾਲ
ਕੁਝ ਲੋਕ ਤਾਂ ਤੁਰ ਜਾਣਗੇ ਜ਼ਹਿਰੀ ਹਵਾ ਦੇ ਨਾਲ
ਜੋ ਬੱਚ ਗਏ ਉਹ ਮਰਨਗੇ ਮਹਿੰਗੀ ਦਵਾ ਦੇ ਨਾਲ
ਜੇ ਹੋਰ ਨਹੀਂ ਕੁਝ ਸਿਖਣਾ ਏਨਾ ਤਾਂ ਸਿਖ ਲਵੋ
ਰਹਿੰਦੇ ਸੀ ਲੋਕ ਕਿਸ ਤਰ੍ਹਾਂ ਸ਼ਰਮੋ ਹਯਾ ਦੇ ਨਾਲ
ਹੁਣ ਉਸ ਨੂੰ ਵੀ ਮੰਨਣੀ ਸਾਡੀ ਰਜ਼ਾ ਪਊ
ਰਹਿੰਦੇ ਰਹੇ ਹਾਂ ਹੁਣ ਤਲਕ ਜਿਸਦੀ ਰਜ਼ਾ ਦੇ ਨਾਲ।"

ਇਹੋ ਜਿਹੇ ਸ਼ਿਅਰਾਂ ਦਾ ਰਚੇਤਾ, ਪੰਜਾਬੀ ਵਿਚ ੧੫੬੭ ਤੋਂ ਵੱਧ ਸ਼ਿਅਰਾਂ ਵਾਲੀ 'ਧਰਤੀ ਦੀ ਗ਼ਜ਼ਲ' ਦਾ ਸ਼ਾਇਰ ਜਿਸਨੇ 'ਜ਼ਿੰਦਗੀ ਦੀ ਗ਼ਜ਼ਲ', ਛਾਵੇਂ ਬੈਠੀ ਧੁੱਪ ਅਤੇ 'ਧੀਆਂ ਦੀ ਗ਼ਜ਼ਲ' (ਛਪਾਈ ਅਧੀਨ) ਜਿਹੇ ਗ਼ਜ਼ਲ ਸੰਗ੍ਰਹਿ ਦਿੱਤੇ। ਕਾਵਿ ਅਤੇ ਕਹਾਣੀ ਸੰਗ੍ਰਹਿ, ਸਫਰਨਾਮਾ, ਅਲੋਚਨਾ ਆਦਿਕ ਦੀਆਂ ੧੫ ਮੌਲਿਕ ਅਤੇ ੯੩ ਕਿਤਾਬਾਂ ਲਿਪੀ ਅੰਤਰਿਤ ਅਤੇ ਅਨੁਵਾਦਤ ਕੀਤੀਆਂ, ਪੰਜਾਬੀ ਬੋਲੀ ਦਾ ਉਹ ਲਾਡਲਾ ਸਿਰਜਕ, ਹਰਿਆਣੇ ਵਿਚ ਪ੍ਰਗਤੀਸ਼ੀਲ ਸਾਹਿਤਕ ਅੰਦੋਲਨ ਦਾ ਮੋਢੀ ਅਤੇ ਵਡਾ ਸਤੰਭ, ਹਰਭਜਨ ਸਿੰਘ ਕੋਮਲ ਆਪਣੇ ਸਪੁੱਤਰ ਪ੍ਰੋ. ਸੁਰਿੰਦਰ ਸਿੰਘ ਕੋਮਲ ਦੇ ਬੇਵਕਤ ਚਲਾਣੇ ਤੋਂ ਸਤ ਕੁ ਮਹੀਨੇ ਬਾਦ ਸੰਖੇਪ ਜਿਹੀ ਬਿਮਾਰੀ ਮਗਰੋਂ ਚਲ ਵਸੇ ਹਨ।

ਇਹ ਇਕ ਸੰਜੋਗ ਹੀ ਕਿਹਾ ਜਾਵੇ ਕਿ ਇਸੇ ਛੇ ਜੁਲਾਈ ਨੂੰ 'ਦੇਸ਼ ਸੇਵਕ' ਅਖਬਾਰ ਵਿਚ ਪੰਜਾਬੀ ਭਾਸ਼ਾ ਨੂੰ ਦੇਵ ਨਾਗਰੀ ਲਿੱਪੀ ਵਿਚ ਲਿਖੇ ਜਾਣ ਦੀ ਵਕਾਲਤ ਕਰਨ ਵਾਲੇ ਬੇਸੁਰੇ ਰਾਗ ਦੀ ਉਹਨਾਂ ਅਕੱਟ ਦਲੀਲਾਂ ਨਾਲ ਖਿੱਲੀ ਉਡਾਂਦਿਆਂ ਸੰਪਾਦਕੀ ਪੰਨੇ ਤੇ ਲੇਖ ਲਿਖਿਆ ਸੀ। ਮੈਂ ਜਦੋਂ ਇਸ ਬਾਰੇ ਵਧਾਈ ਦੇਣ ਲਈ ਫੋਨ ਕੀਤਾ ਤਾਂ ਅਗੋਂ ਸਵਿਚ ਬੰਦ ਸੀ।

ਇਸੇ ਲੇਖ ਨੂੰ ਪੜ੍ਹ ਕੇ ਜਦੋਂ ਸੁਰਜੀਤ ਸਿੰਘ ਰੈਣੂ ਨੇ ਸਿਰਸਾ ਤੋਂ ਫੋਨ ਕੀਤਾ ਤਾਂ ਉਸ ਦੀ ਮਾਰਫਤ ਮੈਨੂੰ ਪਤਾ ਲੱਗਾ ਕਿ ਕੋਮਲ ਸਾਹਿਬ ਗੰਭੀਰ ਹਾਲਤ ਵਿਚ ਪੀ. ਜੀ. ਆਈ ਚੰਡੀਗੜ੍ਹ ਵਿਚ ਦਾਖਲ ਹਨ। ਮੈਂ ਉਸ ਦਿਨ ਨਿਰਵਾਣੇ ਕਿਸਾਨ ਸਭਾ ਦੇ ਇਕ ਸਟੱਡੀ ਸਰਕਲ ਵਿਚ ਸਾਂ ਜਿਥੇ ਸੂਰਜ ਛਿਪਦੇ ਨਾਲ ਇਹ ਮਨਹੂਸ ਖ਼ਬਰ ਮਿਲੀ ਕਿ ਕੋਮਲ ਸਾਹਿਬ ਨਹੀਂ ਰਹੇ।

ਕੋਮਲ ਜੀ ਦਾ ਜਨਮ ੧੦ ਨਵੰਬਰ ੧੯੩੫ ਨੂੰ ਏਮਨਾਬਾਦ ਦੇ ਨੇੜੇ ਗੁਜਰਾਂਵਾਲਾ ਜ਼ਿਲ੍ਹੇ ਦੇ ਪਿੰਡ ਤਲਵੰਡੀ ਰਾਹ ਵਾਲੀ ਵਿਚ ਹੋਇਆ ਸੀ। ਵੰਡ ਤੋਂ ਬਾਦ ਉਹ ਪਰਿਵਾਰ ਨਾਲ ਕਰਨਾਲ ਆ ਗਏ ਸਨ। ਉਹ ਬਹੁਤ ਸਾਰੀਆਂ ਸਭਾ ਸੁਸਾਇਟੀਆਂ ਵਿਚ ਉਮਰ ਭਰ ਸਰਗਰਮ ਰਹੇ। ਐਫਰੋ ਏਸ਼ੀਅਨ ਲੇਖਕਾਂ ਦੀ ਜਥੇਬੰਦੀ ਦੀ ਭਾਰਤੀ ਤਾਲਮੇਲ ਕਮੇਟੀ ਦੇ ਮੈਂਬਰ ਰਹੇ। ਹਰਿਆਣਾ ਪੰਜਾਬ ਵਿਚ ਉਹਨਾਂ ਨੂੰ ਬਹੁਤ ਸਾਰਾ ਮਾਨ ਸਨਮਾਨ ਮਿਲਿਆ। ਉਹਨਾਂ ਦੇ ਘਰੋਂ, ਭੈਣ ਗੁਰਦੀਪ ਕੌਰ ਗੁਜਰਾਂ ਵਾਲੇ ਦੇ ਨਾਮਧਾਰੀ ਪਰਿਵਾਰ ਵਿਚੋਂ ਹਨ। ਕੋਮਲ ਸਾਹਿਬ ਨਮਿਤ ਕੀਰਤਨ ਕਥਾ ਅਤੇ ਅੰਤਮ ਅਰਦਾਸ ਕਰਨਾਲ ਵਿਚ ੧੨ ਜੁਲਾਈ ੨੦੧੩ ਨੂੰ ਹੋਈ।

*—ਸੁਵਰਨ ਸਿੰਘ ਵਿਰਕ*

**ਕੋਮਲ ਸਾਹਿਬ ਨੂੰ ਸ਼ਰਧਾਂਜਲੀ ਵਜੋਂ ਉਹਨਾਂ ਦੀ ਪ੍ਰਸਿੱਧ ਕਹਾਣੀ 'ਤਾਰਿਆ ਵੇ ਤੇਰੀ ਲੋਅ'**
**ਇਸੇ ਅੰਕ ਵਿਚ ਪ੍ਰਕਾਸ਼ਤ ਕਰ ਰਹੇ ਹਾਂ — ਸੰਪਾਦਕ**


NamdhariElibrary NamdhariElibrary@gmail

# ਪ੍ਰੋ. ਸੁਖਬੀਰ ਸਿੰਘ ਗੁਲਾਟੀ ਨਮਿਤ ਭੋਗ ਅਤੇ ਸ਼ਰਧਾਂਜਲੀ ਸਮਾਗਮ



ਸੰਪਾਦਕ ਵਰਿਆਮ ਪ੍ਰੋ. ਸੁਖਬੀਰ ਸਿੰਘ ਗੁਲਾਟੀ ਨਾਲ ਵਿਸ਼ਵ ਪੰਜਾਬੀ ਕਾਨਫਰੰਸ ਦਿੱਲੀ ਵਿਖੇ

ਸਾਹਿਤ, ਸਮਾਜ ਅਤੇ ਯੋਗ ਖੇਤਰ ਨੂੰ ਸਮਰਪਤ ਪ੍ਰੋ. ਸੁਖਬੀਰ ਸਿੰਘ ਗੁਲਾਟੀ ਦੇ ਸੰਸਾਰ ਛੱਡ ਜਾਣ ਨਾਲ ਜਿੱਥੇ ਵਿਦਿਅਕ ਖੇਤਰ ਨੂੰ ਨੁਕਸਾਨ ਹੋਇਆ ਹੈ ਉੱਥੇ ਨਾਮਧਾਰੀ ਸਮਾਜ ਨੂੰ ਪਿਆ ਘਾਟਾ ਨਾ ਪੂਰਾ ਹੋਣ ਵਾਲਾ ਹੈ। ਆਪ ਮਾਂ-ਬੋਲੀ ਪੰਜਾਬੀ ਦੇ ਨਾਲ ਹਿੰਦੀ ਭਾਸ਼ਾ ਦੇ ਚੰਗੇ ਵਕਤਾ ਅਤੇ ਲਿਖਾਰੀ ਸਨ। ਪਿਛਲੇ ਕੁਝ ਦਿਨਾਂ ਤੋਂ ਪ੍ਰੋ. ਗੁਲਾਟੀ ਸਿਹਤ ਪੱਖੋਂ ਅਸਵਸਥ ਹੋਣ ਕਾਰਨ ਦਿੱਲੀ ਦੇ ਸੁੰਦਰ ਲਾਲ ਜੈਨ ਹਸਪਤਾਲ ਵਿਖੇ ਜ਼ੇਰੇ ਇਲਾਜ ਸਨ। ਪਰ ਅਕਾਲ ਪੁਰਖ ਦੀ ਬਖਸ਼ੀ ਆਯੂ ਭੋਗ ਹਸਪਤਾਲ ਵਿਖੇ ਹੀ ਅੰਤਿਮ ਸਾਹ ਲਿਆ। ਐਤਵਾਰ ੪ ਜੂਨ ੨੦੧੩ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਪ੍ਰੋ. ਸੁਖਬੀਰ ਸਿੰਘ ਗੁਲਾਟੀ ਦੀ ਆਤਮਕ ਕਲਿਆਣ ਹਿੱਤ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ ਕਥਾ ਕੀਰਤਨ, ਸ਼ਰਧਾਂਜਲੀਆਂ ਅਤੇ ਅੰਤਮ ਅਰਦਾਸ ਵਿਚ ਸਕੇ ਸਬੰਧੀਆਂ ਤੋਂ ਇਲਾਵਾ ਸਬੰਧਤ ਭਾਈਚਾਰਾ, ਸਾਹਿਤਕਾਰ ਸੱਜਣ-ਮਿੱਤਰ ਭਾਰੀ ਗਿਣਤੀ ਵਿਚ ਪੁੱਜੇ।

ਇਸ ਮੌਕੇ ਸ਼੍ਰੋਮਣੀ ਜਥੇਦਾਰ ਸੇਵਾ ਸਿੰਘ ਜੀ ਨੇ ਗੁਰਬਾਣੀ 'ਚੋਂ ਮਿਸਾਲਾਂ ਦਿੰਦਿਆਂ ਗੁਰਮੁਖ ਦੇ ਆਣ-ਜਾਣ ਦੀ ਫਿਲਾਸਫੀ ਦੱਸੀ। ਆਪ ਨੇ ਦੱਸਿਆ ਕਿ ਗੁਲਾਟੀ ਦਾ ਜੀਵਨ ਐਸਾ ਬਤੀਤ ਹੋਇਆ ਜਿਸਨੂੰ ਕਹਿੰਦੇ ਹਨ 'ਐਸਾ ਮਰਨਾ ਜੋ ਮਰੇ ਬਹੁਰ ਨ ਮਰਨਾ ਹੋਏ।' ਜਿਸ ਨੇ ਮਰਨ ਨੂੰ ਜਾਣ ਲਿਆ ਉਸ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ।

ਗੁਰਮੁਖ ਬਿਰਤੀ ਵਾਲਿਆਂ ਦਾ ਜਨਮ ਸਫਲ ਹੁੰਦਾ ਹੈ। ਇਸ ਤਰ੍ਹਾਂ ਗਏ ਨੇ ਸੁਖਬੀਰ ਸਿੰਘ ਗੁਲਾਟੀ। ਦਿੱਲੀ ਦੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਸਟੇਜ ਸਕੱਤਰ ਵਜੋਂ ਸੇਵਾ ਨਿਭਾਉਣ ਵਾਲੇ ਪ੍ਰਧਾਨ ਜਸਬੀਰ ਸਿੰਘ ਨੇ ਪ੍ਰੋ. ਗੁਲਾਟੀ ਪ੍ਰਤੀ ਸ਼ਰਧਾਂਜਲੀ ਭੇਟ ਕਰਦਿਆਂ ਯਾਦ ਕੀਤਾ ਕਿ ਪ੍ਰੋ. ਗੁਲਾਟੀ ਨਾਮਧਾਰੀ ਵਿਦਿਅਕ ਜਥੇ ਦੇ ਫਾਊਂਡਰ ਮੈਂਬਰ ਸਨ। ਪ੍ਰਾਰੰਭਕ ਦੌਰ ਦੇ ਮੈਂਬਰਾਂ ਵਿਚ ਮਾਨਯੋਗ ਇੰਦਰ ਸਿੰਘ ਨਾਮਧਾਰੀ (ਮੈਂਬਰ ਲੋਕ ਸਭਾ) ਅਤੇ ਸ੍ਰੀ ਐਚ. ਐਸ. ਹੰਸਪਾਲ (ਸਾਬਕਾ ਰਾਜ ਸਭਾ ਮੈਂਬਰ) ਵੀ ਹਨ।

ਪ੍ਰੋ. ਸੁਖਬੀਰ ਸਿੰਘ ਗੁਲਾਟੀ ਦੇ ਛੋਟੇ ਸਪੁੱਤਰ ਜਸਵਿੰਦਰ ਸਿੰਘ ਗੁਲਾਟੀ ਨੇ ਆਪਣੇ ਪਿਤਾ ਪ੍ਰਤੀ ਸ਼ਰਧਾ ਪ੍ਰਗਟ ਕਰਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਹ ਬਚਨ ਯਾਦ ਕਰਵਾਏ ਜਿਨ੍ਹਾਂ ਬਚਨਾਂ ਨਾਲ ਪ੍ਰੋ. ਗੁਲਾਟੀ ਨੇ ਸਤਿਗੁਰੂ ਜੀ ਸੰਬੋਧਨ ਕਰਦੇ ਹੁੰਦੇ ਸਨ-'ਸਤਿ ਸ੍ਰੀ ਅਕਾਲ'। ਜਸਵਿੰਦਰ ਗੁਲਾਟੀ ਨੇ ਮਾਣ ਮਹਿਸੂਸ ਕੀਤਾ ਕਿ ਉਨ੍ਹਾਂ ਦੇ ਪਿਤਾ ਜੀ ਨੂੰ ਆਪਣੇ ਕਰਮਾਂ ਨਾਲ ਸੱਚੀ ਸੰਗਤ ਮਿਲੀ ਅਤੇ ਹੋਰ ਚੰਗੇ ਕਰਮਾਂ ਸਦਕਾ 'ਸੱਚਾ ਸਤਿਗੁਰੂ' ਪ੍ਰਾਪਤ ਹੋਇਆ।

ਵੱਡੇ ਸਪੁੱਤਰ ਤਜਿੰਦਰ ਸਿੰਘ ਗੁਲਾਟੀ ਨੇ ਆਪਣੇ ਪਿਤਾ ਦੇ ਯੂਨੀਵਰਸਿਟੀ ਪੱਖ 'ਤੇ ਚਾਨਣਾ ਪਾਉਂਦਿਆਂ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਮੁੱਖੀ ਡਾ. ਹਰਿਭਜਨ ਸਿੰਘ ਨਾਲ ਨੇੜਤਾ ਬਾਰੇ ਦੱਸਿਆ। ਨਾਲ ਹੀ ਦੱਸਿਆ ਕਿ ਉਹ ਆਮ ਤੌਰ 'ਤੇ ਸ਼ੀਸ਼ੇ ਅੱਗੇ ਖਲੋ ਗੁਣਗੁਣਾਉਂਦੇ ਹੁੰਦੇ ਸਨ- 'ਮਨ ਤੂੰ ਜੋਤ ਸਰੂਪ ਹੈਂ...।' ਉਨ੍ਹਾਂ ਦੀ ਹਰ ਚੀਜ਼ ਨਿਯਮਬਧ ਸੀ ਜਿਵੇਂ ਤਾਰਿਆਂ ਦੀ ਚਾਲ। ਉਨ੍ਹਾਂ ਪਾਸ ਵੰਡਣ ਨੂੰ ਗਿਆਨ-ਧਿਆਨ ਸੀ। ਪ੍ਰੋ. ਸੁਖਬੀਰ ਸਿੰਘ ਗੁਲਾਟੀ ਦੇ ਅਧਿਆਪਕ ਸਾਥੀ ਦਵਿੰਦਰ ਸਿੰਘ ਜੱਸ ਦੇ ਸ਼ਰਧਾਂਜਲੀ ਸ਼ਬਦ ਸਨ- 'ਉਹ ਬੜੇ ਮੇਹਨਤਕਸ਼ ਸਨ। ਮਰਿਆਦਾ ਦੇ ਧਾਰਨੀ ਸਨ। ਉਹਨਾਂ 'ਚ ਸਮਾਂ ਬਧਤਾ ਸੀ। ਸਿਹਤ ਪ੍ਰਤੀ ਸੁਚੇਤ ਸਨ। ਪ੍ਰਭਾਵਸ਼ਾਲੀ ਵਕਤਾ ਅਤੇ ਸਾਹਿਤਕਾਰ ਸਨ।

ਗੁਰਮੁਖ ਸਿੰਘ ਅਨੇਜਾ ਨੇ ਆਪਣੀ ਕਾਵਿ ਸ਼ਰਧਾਂਜਲੀ ਵਿਚ ਪ੍ਰੋ. ਗੁਲਾਟੀ ਨੂੰ ਯੋਗ ਦੀਆਂ ਕਈ ਕ੍ਰਿਆਵਾਂ ਦੇ ਮਾਹਰ ਦੱਸਿਆ। ਯੋਗ ਸੰਸਥਾਨ ਦੇ ਪ੍ਰਧਾਨ ਸ੍ਰੀ ਰਿਸ਼ੀਰਾਮ ਸ਼ਰਮਾ ਨੇ ਪ੍ਰੋ. ਗੁਲਾਟੀ ਦੇ ਲੋਕ ਹਿੱਤ ਅਤੇ ਸਮਾਜ ਸੇਵਾ ਦੇ ਪੱਖ ਨੂੰ ਯਾਦ ਕਰਦਿਆਂ ਕਿਹਾ ਕਿ ਪ੍ਰੋ. ਗੁਲਾਟੀ ਜਿਹੜਾ ਜੀਵਨ ਜੀਏ ਉਹ ਸਾਡੇ ਵਾਸਤੇ ਮਾਰਗ-ਦਰਸ਼ਨ ਹੈ ਅਤੇ ਪ੍ਰੇਰਨਾਦਾਇਕ ਹੈ।

ਸ੍ਰੀ ਐਚ. ਐਸ. ਹੰਸਪਾਲ ਜੀ ਨੇ ਪ੍ਰੋ. ਗੁਲਾਟੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਦੱਸਿਆ ਕਿ 'ਜਦੋਂ ੧੯੬੪-੬੫ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਵਿਦਿਅਕ ਜਥੇ ਦੀ ਸਥਾਪਨਾ ਕੀਤੀ ਗਈ ਸੀ ਓਦੋਂ ਇਹੋ ਜਿਹੇ ਸਾਥੀ ਇਕੱਤਰ ਹੋਏ। ਮਾਸਟਰ ਨਿਹਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਪ੍ਰੋ. ਗੁਲਾਟੀ ਸਤਿਗੁਰੂ ਜੀ ਅਤੇ ਵਿਦਿਅਕ ਕਾਰਜਾਂ ਵਾਸਤੇ ਹੋਰ ਨਜ਼ਦੀਕ ਆਏ। ਸਤਿਗੁਰੂ ਜੀ ਨੇ ਕਈ ਇਕ


NamdhariElibrary NamdhariElibrary@gmail...

ਸੰਗੀਤ ਸੰਮੇਲਨ ਦਿੱਲੀ ਵਿਖੇ ਵੀ ਕੀਤੇ। ਵੱਡੇ ਵੱਡੇ ਸੰਗੀਤ ਉਸਤਾਦ ਬੁਲਾਏ ਜਾਂਦੇ ਸਨ। ਸਤਿਗੁਰੂ ਜੀ ਸੁਖਬੀਰ ਸਿੰਘ ਗੁਲਾਟੀ ਦੇ ਜ਼ਿੰਮੇ ਸਟੇਜ ਸੰਚਾਲਨ ਦਾ ਕੰਮ ਲਾਇਆ ਕਰਦੇ ਸਨ। 'ਸਤਿ ਸ੍ਰੀ ਅਕਾਲ' ਸੁਖਬੀਰ ਗੁਲਾਟੀ ਦਾ ਸੰਬੋਧਨ ਬਣ ਗਿਆ ਸੀ ਕਿਉਂ ਜੋ ਉਨ੍ਹਾਂ ਦਾ 'ਸਤਿ ਸ੍ਰੀ ਅਕਾਲ' ਕਹਿਣਾ ਨਿਵੇਕਲੇ ਅੰਦਾਜ਼ ਵਿਚ ਹੁੰਦਾ ਸੀ ਜਿਹੜਾ ਸਤਿਗੁਰੂ ਜੀ ਨੂੰ ਬਹੁਤ ਪਸੰਦ ਆਉਂਦਾ ਸੀ। ਪ੍ਰੋ. ਗੁਲਾਟੀ ਪੰਜਾਬੀ-ਪੱਤਰਕਾਰ ਡਿਪਾਰਟਮੈਂਟ ਦੇ ਮੁੱਖੀ ਰਹੇ ਹਨ।

*—ਸਰਬ ਸ਼ਕਤੀਮਾਨ*

# ਪ੍ਰਭਾਵਸ਼ਾਲੀ ਸਮਾਗਮ 'ਚ ਐਸ. ਐਸ. ਮੀਸ਼ਾ ਦੀ ਪੁਸਤਕ 'ਚਪਲ ਚੇਤਨਾ' ਲੋਕ ਅਰਪਣ



ਸ. ਸ. ਮੀਸ਼ਾ

ਜਲੰਧਰ, ੮ ਜੁਲਾਈ- ਪੰਜਾਬੀ ਸਾਹਿਤ ਦੇ ਨਾਮਵਰ ਹਸਤਾਖ਼ਰ ਤੇ ਸਿਰਮੌਰ ਸ਼ਾਇਰ ਐਸ. ਐਸ. ਮੀਸ਼ਾ ਦੀ ਪੁਸਤਕ 'ਚਪਲ ਚੇਤਨਾ' ਇਥੇ ਪੰਜਾਬ ਜਾਗ੍ਰਿਤੀ ਮੰਚ ਵਲੋਂ ਕਰਵਾਏ ਗਏ ਇਕ ਪ੍ਰਭਾਵਸ਼ਾਲੀ ਸਮਾਗਮ 'ਚ ਡਾ. ਬਰਜਿੰਦਰ ਸਿੰਘ ਹਮਦਰਦ ਮੁੱਖ ਸੰਪਾਦਕ 'ਅਜੀਤ ਪ੍ਰਕਾਸ਼ਨ ਸਮੂਹ' ਵਲੋਂ ਰਿਲੀਜ਼ ਕੀਤੀ ਗਈ। ਇਸ ਮੌਕੇ ਉਨ੍ਹਾਂ ਦਾ ਸਾਥ ਬੀਬੀ ਪ੍ਰਕਾਸ਼ ਕੌਰ, ਸਵਰਗੀ ਐਸ. ਐਸ. ਮੀਸ਼ਾ ਦੀ ਪਤਨੀ ਪ੍ਰਿੰਸੀਪਲ ਸੁਰਿੰਦਰ ਕੌਰ ਮੀਸ਼ਾ, ਸ. ਪ੍ਰੇਮ ਸਿੰਘ ਐਡਵੋਕੇਟ, ਸ. ਗੁਰਚਰਨ ਸਿੰਘ ਸਿਆਲ, ਪ੍ਰੋ. ਪਿਆਰਾ ਸਿੰਘ ਭੋਗਲ ਪ੍ਰਧਾਨ ਪੰਜਾਬ ਜਾਗ੍ਰਿਤੀ ਮੰਚ, ਸ੍ਰੀ ਇਰਵਿਨ ਖੰਨਾ ਮੁੱਖ ਸੰਪਾਦਕ 'ਦੈਨਿਕ ਉੱਤਮ ਹਿੰਦੂ', ਉੱਘੇ ਸਾਹਿਤਕਾਰ ਸ੍ਰੀ ਸੁਰੇਸ਼ ਸੇਠ, ਦੂਰਦਰਸ਼ਨ ਦੇ ਨਿਰਮਾਤਾ ਡਾ. ਲਖਵਿੰਦਰ ਜੌਹਲ, ਨਾਮਵਰ ਸ਼ਾਇਰ ਗੁਰਭਜਨ ਗਿੱਲ ਤੇ ਸ. ਸੁਰਿੰਦਰਪਾਲ ਸਿੰਘ ਗਵਾਲੀਅਰ ਵਲੋਂ ਦਿੱਤਾ ਗਿਆ। ਗਾਇਕ ਹੈਪੀ ਨਾਰੰਗ ਨੇ ਸ. ਮੀਸ਼ਾ ਦੀਆਂ ਰਚਨਾਵਾਂ ਨੂੰ ਆਪਣੀ ਆਵਾਜ਼ 'ਚ ਪੇਸ਼ ਕਰਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਇਸ ਮੌਕੇ ਸੁਰਿੰਦਰ ਕੌਰ ਮੀਸ਼ਾ ਨੂੰ ਸ੍ਰੀਮਤੀ ਸਰਬਜੀਤ ਕੌਰ ਹਮਦਰਦ, ਸੁਰਿੰਦਰ ਜੋਤੀ ਤੇ ਜਸਵਿੰਦਰ ਕੌਰ ਵਲੋਂ ਸ਼ਾਲ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਦੱਸਣਯੋਗ ਹੈ ਕਿ ਇਹ ਪੁਸਤਕ ਸ. ਐਸ. ਐਸ. ਮੀਸ਼ਾ ਦੀ ਮੌਤ ਤੋਂ ੨੭ ਸਾਲ ਬਾਅਦ ਡਾ. ਬਰਜਿੰਦਰ ਸਿੰਘ ਹਮਦਰਦ ਦੇ ਵਿਸ਼ੇਸ਼ ਸਹਿਯੋਗ ਨਾਲ ਪ੍ਰਕਾਸ਼ਿਤ ਕੀਤੀ ਗਈ ਹੈ ਤੇ ਇਸ ਵਿਚ ਉਨ੍ਹਾਂ ਦੀਆਂ ਉਹ ਅਣਛਪੀਆਂ ਕਵਿਤਾਵਾਂ, ਨਜ਼ਮਾਂ ਤੇ ਹੋਰਨਾਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ, ਜੋ ਸਮੇਂ ਦੇ ਹਨੇਰਿਆਂ 'ਚ ਗੁਆਚਦੀਆਂ ਜਾ ਰਹੀਆਂ ਸਨ।



ਲੈਫਟੀਨੈਂਟ ਅਜੇਪਾਲ ਸਿੰਘ ਵਰਿਆਹ (੩੦ ੧/੨ ਸਾਲ) ਇੰਡੀਅਨ ਮਿਲਟਰੀ ਅਕੈਡਮੀ ਡੇਹਰਾਦੂਨ ਤੋਂ ਕੋਰਸ ਪੂਰਾ ਹੋਣ ਤੇ ਆਪਣੇ ਪਿਤਾ ਸ. ਨਿਰਮਲ ਸਿੰਘ ਵਰਿਆਹ ਮੁਹਾਰਾਂਵਾਲੇ ਅਤੇ ਮਾਤਾ ਸਿਮਰਜੀਤ ਕੌਰ ਨਾਲ।

ਲੈਫਟੀਨੈਂਟ ਅਜੇਪਾਲ ਸਿੰਘ ਦੇ ਅਨੰਦ ਕਾਰਜ ਵਾਸਤੇ ਯੋਗ ਕੰਨਿਆ ਦੀ ਲੋੜ ਹੈ। ਅਨੰਦ ਕਾਰਜ ਨਾਮਧਾਰੀ ਮਰਿਆਦਾ ਅਨੁਸਾਰ ਹੋਵੇਗਾ। ਸਬੰਧਤ ਧਿਰਾਂ (੦) ੯੪੬੯੧੩੩੯੦੭ ਜਤਿੰਦਰਪਾਲ ਸਿੰਘ ਜੱਜ ਭਰਾ ਨਾਲ ਸੰਪਰਕ ਕਰਨ।



ਅਵਤਾਰ ਕੌਰ (ਸ਼ਰੂਤੀ) ਸਪੁੱਤਰੀ ਡਾ. ਅਜਮੇਰ ਸਿੰਘ ਜਲੰਧਰ ਜਿਸਨੇ ਗਰੈਜੂਏਸ਼ਨ (ਬੀ.ਏ.) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ ਹੈ। ਪ੍ਰੇਮ ਚੰਦ ਮਾਰਕੰਡਾ ਐਸ. ਡੀ. ਕਾਲਜ ਫਾਰ ਵਿਮੈਨ ਜਲੰਧਰ ਦੀ ਵਿਦਿਆਰਥਣ ਅਵਤਾਰ ਕੌਰ ਨੇ ੯੫% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿਚ ਸਿਖਰਲੀ ਪੋਜ਼ੀਸ਼ਨ ਲਈ ਹੈ। ਉਹ ਅੱਜਕੱਲ ਕੋਲਕਤਾ ਵਿਚ ਭਾਰਤ ਦੇ ਪ੍ਰਸਿੱਧ ਸੰਗੀਤਕਾਰ ਪੰਡਿਤ ਅਜੇ ਚਕਰਵਰਤੀ ਪਾਸੋਂ ਗਾਇਣ ਦੀ ਸਿਖਿਆ ਲੈ ਰਹੀ ਹੈ।


NamdhariElibrary NamdhariElibrary@gmail



—ਸੁਵਰਨ ਸਿੰਘ ਵਿਰਕ

### ਉੱਘੇ ਨਾ-ਮਿਲਵਰਤਨੀਏ—

# ਬਾਬਾ ਸੱਦਾ ਸਿੰਘ "ਕਬੀਰ"

## ਅਤੇ ਕੂਕਿਆਂ ਦੀ 'ਛੂਤੀਆ' ਸ਼ਾਖ

ਸਿੱਖਾਂ ਦੇ ਨਾਮਧਾਰੀ ਸਮੁਦਾਇ ਵਿਚ, ਕੁਝ ਹੋਰ ਵੱਖਰੀ ਪਹਿਚਾਣ ਵਾਲੇ ਛੋਟੇ ਫਿਰਕੇ ਵੀ ਹੋਏ ਹਨ। ਇਤਿਹਾਸ ਦੀ ਦ੍ਰਿਸ਼ਟੀ ਤੋਂ ਇਹਨਾਂ ਦੀ ਜਾਣਕਾਰੀ ਰੱਖਣੀ ਮਹੱਤਵਪੂਰਨ ਹੈ। ਬੇਸ਼ਕ ਕੋਈ ਵੀ ਸੰਪਰਦਾਇ ਆਪਣੀ ਇਕਜੁੱਟਤਾ ਨੂੰ ਤਾਂ ਹਮੇਸ਼ਾ ਬਰਕਰਾਰ ਰੱਖਣਾ ਚਾਹੁੰਦੀ ਹੈ ਪਰ ਜੀਵਨ ਰੌਅ, ਕਈ ਵੇਰ ਇਸ ਤਰ੍ਹਾਂ ਚੱਲਦੀ ਹੈ ਕਿ ਇਸ ਵਿਚ, ਕੁਝ ਉਤਰਾਅ ਚੜ੍ਹਾ ਆ ਜਾਂਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮੁੱਢਲੇ ਸਮੇਂ ਤੱਕ, ਕੋਈ ਅੱਧੀ ਸਦੀ ਤੋਂ ਵੀ ਰਤਾ ਵੱਧ ਸਮਾਂ, ਇਕ 'ਛੂਤੀ-ਸੰਪ੍ਰਦਾਇ' ਪੰਜਾਬ ਦੀ ਕੂਕਾ ਲਹਿਰ ਵਿਚ, ਵਿੱਦਮਾਨ ਰਹੀ ਹੈ। ਇਸਦੇ ਮੋਹਰੀ ਸਿੰਘ ਸਨ, ਬਾਬਾ ਸੱਦਾ ਸਿੰਘ "ਕਬੀਰ"।

ਬਾਬਾ ਸੱਦਾ ਸਿੰਘ ਦਾ ਜਨਮ, ਪਿੰਡ ਫਰਵਾਹੀ, ਰਿਆਸਤ ਪਟਿਆਲਾ ਵਿਚ ਪਿਤਾ ਜੋਧਾ ਅਤੇ ਮਾਤਾ ਸਾਹਿਬ ਦੇਈ ਦੇ ਘਰ, ਸੰਬਤ ਬਿਕਰਮੀ ੧੮੮੬ (ਮੁਤਾਬਿਕ ੧੮੨੯ ਈ.), ਕੱਤਕ ਦੀ ਇਕਾਦਸ਼ੀ ਨੂੰ ਹੋਇਆ।[1] ਆਪ ਨਾਮਦੇਵ ਬੰਸੀ, ਛੀਬਾ ਜਾਤੀ ਨਾਲ ਸਬੰਧਿਤ ਸਨ। ਆਪ ਚਾਰ ਭਾਈ ਸਨ। ਰੇਜੇ ਚਾਦਰਾਂ ਆਦਿ ਦੇ ਚੰਦੇ ਠੋਕਣ ਦਾ ਕੰਮ ਕਰਿਆ ਕਰਦੇ ਸਨ। ਸੁਭਾਅ ਮੁੱਢ ਤੋਂ ਹੀ ਸਾਧ ਸੇਵੀ ਸੀ। ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਪਰਿਵਾਰ ਦੀ ਉਦਰ ਪੂਰਤੀ ਕਰਦੇ ਅਤੇ ਪਾਸ ਆਏ ਪਰਮਾਰਥੀ ਸੁਭਾਅ ਵਾਲੇ, ਸਾਧੂ ਸੰਤ ਦੀ ਵੀ ਟਹਿਲ ਸੇਵਾ ਕਰਦੇ ਸਨ। ਆਪ ਦੀ ਪਹਿਲੀ ਸ਼ਾਦੀ ਪਿੰਡ ਗਹਿਲ (ਰਿਆਸਤ ਪਟਿਆਲਾ) ਦੀ ਬੀਬੀ ਰਾਜ ਕੌਰ ਨਾਲ ਦੁਨਿਆਵੀ ਰੀਤੀ, ਜੋ ਉਸ ਸਮੇਂ ਪ੍ਰਚਲਿਤ ਸੀ, ਦੇ ਅਨੁਸਾਰ ਹੋਈ। ਇਸ ਵਿਆਹ ਤੋਂ ਦਸ ਸਾਲ ਬਾਅਦ ਤੱਕ ਆਪ ਫਰਵਾਹੀ ਪਿੰਡ ਵਿਚ ਰਹਿ ਕੇ ਹੀ ਕਾਰ ਵਿਹਾਰ ਕਰਦੇ ਰਹੇ। ਉੱਤਮ ਸਿੰਘ ਨਾਮ ਦਾ ਇਕ ਪੁੱਤਰ ਵੀ ਆਪ ਦੇ ਘਰ ਪੈਦਾ ਹੋਇਆ।[2]

ਸੰਤ ਇੰਦਰ ਸਿੰਘ ਚੱਕਰਵਰਤੀ ਦੀ ਲਿਖਤ ਅਨੁਸਾਰ "ਇਕ ਰਾਤ ਆਪ ਨੂੰ ਸੁੱਤਿਆਂ ਪਿਆਂ ਅੰਮ੍ਰਿਤ ਵੇਲੇ ਆਵਾਜ਼ਾ ਹੋਇਆ ਕਿ ਭਾਈ ਸੱਦਾ (ਸਿੰਘ) ਤੂੰ ਬਹੁਤ ਪਛੜ ਗਿਆ ਹੈਂ, ਛੇਤੀ ਭੈਣੀ ਸਾਹਿਬ ਪੁੱਜ।"

ਇਹ ੧੮੫੯ ਈ. ਦੇ ਲਾਗੇ ਚਾਗੇ ਦਾ ਸਮਾਂ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸ਼ੁਭ ਸਿੱਖਿਆ ਦੇ ਖਿੱਚੇ ਹੋਏ ਅਨੇਕਾਂ ਜਗਿਆਸੂ, ਰੋਜ਼ ਸ੍ਰੀ ਭੈਣੀ ਸਾਹਿਬ ਦੇ ਰਾਹ ਦੇ ਪਾਂਧੀ ਬਨਣ ਦਾ ਫ਼ਖ਼ਰ ਹਾਸਲ ਕਰ ਰਹੇ ਸਨ। ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਜਦੋਂ ਸੂਰਜ ਚੜ੍ਹਦਾ ਹੈ ਤਾਂ ਉਸ ਦਾ ਪ੍ਰਕਾਸ਼ ਧਰਤੀ ਦੇ ਦੂਰ ਦੁਰਾਡੇ, ਹਨੇਰੇ ਕੋਨਿਆਂ ਤੱਕ ਅੱਪੜ ਜਾਂਦਾ ਹੈ; ਇਉਂ ਹੀ ਸਤਿਗੁਰੂ-ਸੂਰਜ ਦੀਆਂ ਰਿਸ਼ਮਾਂ, ਵਿਸ਼ੇ ਵਿਕਾਰਾਂ ਅਤੇ ਬਸਤੀਵਾਦੀ ਵਿਦੇਸ਼ੀ ਹਾਕਮਾਂ ਅਤੇ ਉਹਨਾਂ ਦੇ ਚਾਟੜੇ, ਦੇਸੀ ਰਾਜੇ ਰਜਵਾੜਿਆਂ ਦੀ ਗੁਲਾਮੀ ਵਿਚ, ਸੁੱਤੀ ਲੋਕਾਈ ਨੂੰ ਜਗਾਉਣ ਦਾ ਕੰਮ ਕਰ ਰਹੀਆਂ ਸਨ। ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਸਥਿੱਤ, ਪਿੰਡ ਦੀ ਵਸੋਂ ਤੋਂ, ਰਤਾ ਪਸਿੱਤੇ ਆਪਣੇ ਤਪ ਸਥਾਨ, ਅਕਾਲ ਬੁੰਗੇ ਵਿਖੇ, ਦਰਸ਼ ਅਭਿਲਾਖੀਆਂ ਦੇ ਤਪਤ ਰਿਦੇ ਸ਼ਾਂਤ ਕਰ ਰਹੇ ਸਨ। ਉਹਨਾਂ ਨੂੰ ਸ਼ੁਭ ਮਾਰਗ ਤੇ ਚੱਲਣ ਦਾ, ਵਕਤ ਦੇ ਹਾਲਾਤ ਨੂੰ ਤਿੱਖਾ ਮੋੜ ਕਟਾਉਣ ਵਾਲਾ, ਜੀਵਨ ਮਰਨ ਤੋਂ ਰਹਿਤ ਕਰਨ ਵਾਲਾ, ਮੁਕਤਦਾਈ ਉਪਦੇਸ਼ ਦੇ ਰਹੇ ਸਨ। ਬਾਬਾ ਜੀ ਦੂਰੋਂ ਸੀਸ ਨਿਵਾ ਕੇ ਰਤਾ ਹਟਵੇਂ ਸੰਗਤ ਵਿਚ ਬੈਠ ਗਏ। ਸਤਿਗੁਰੂ ਜੀ ਨੇ ਇਸ਼ਾਰੇ ਨਾਲ ਬਾਰੀ ਖੋਹਲ ਕੇ, ਆਪਣੇ ਪਾਸ ਬੁਲਾਇਆ ਅਤੇ ਸੰਗਤ ਨੂੰ ਮੁਖ਼ਾਤਿਬ ਹੋ ਕੇ ਫ਼ੁਰਮਾਇਆ-"ਏਹ ਕਬੀਰ ਭਗਤ ਹੈ ਦਰਸ਼ਨ ਕਰ ਲਵੋ।" ਇਉਂ ਬਾਬਾ ਜੀ ਦੇ ਨਾਮ ਨਾਲ ਉਹਨਾਂ ਦੇ ਪੇਸ਼ੇ ਦੇ ਸਮਰੂਪ, ਭਗਤ ਸ਼ਿਰੋਮਣੀ ਕਬੀਰ ਜੀ ਦਾ ਵੱਡਾ ਨਾਉਂ, ਸਦਾ ਲਈ ਜੁੜ ਗਿਆ ਅਤੇ ਉਹਨਾਂ ਨੂੰ ਸੱਦਾ ਸਿੰਘ "ਕਬੀਰ" ਕਿਹਾ ਜਾਣ ਲੱਗਾ।[3]

ਹੁਣ ਸਤਿਗੁਰੂ ਜੀ ਨੇ ਆਪ ਨੂੰ ਇਸ਼ਨਾਨ ਕਰਕੇ ਸਾਫ਼ ਬਸਤਰ ਪਹਿਰ ਕੇ ਆਉਣ ਦਾ ਹੁਕਮ ਕੀਤਾ ਅਤੇ ਜਦੋਂ ਹਜ਼ੂਰੀ ਵਿਚ ਆਏ ਤਾਂ ਫਿਰ ਕੰਨਾਂ ਵਿਚ ਚੌਅੱਖਰੇ ਦਾ ਭਜਨ ਦੇ ਦਿੱਤਾ ਆਪਣੀ ਰਸਨਾ ਦੁਆਰਾ। ਹਜ਼ਾਰਾਂ ਹੋਰਨਾਂ ਕੂਕਿਆਂ ਜਿਉਂ, ਸਤਿਗੁਰੂ ਜੀ ਦੁਆਰਾ ਦਿੱਤੀ ਭਜਨ ਦੀ ਇਸ ਦਾਤ ਨੇ ਸੱਦਾ ਸਿੰਘ ਹੋਰਾਂ ਨੂੰ ਵੀ ਇਕ ਵੇਰ ਬਦੇਹ ਅਵਸਥਾ ਵਿਚ ਪੁਚਾ ਦਿੱਤਾ। ਮਸਤੀ ਦੀ ਹਾਲਤ ਤਾਰੀ ਹੋ ਗਈ। ਬੜੇ ਦਿਨ ਇਸੇ ਮੌਜ

Namdhari Elibrary NamdhariElibrary@gmail.com

ਵਿਚ ਬਤੀਤ ਹੋਏ, ਫਿਰ ਆਪ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਕਿ ਮਨ ਹੁਣ ਇਸ ਦਰ ਨੂੰ ਛੱਡ ਕੇ ਹੋਰ ਕਿਤੇ ਜਾਣਾ ਨਹੀਂ ਮੰਨਦਾ ਤਾਂ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਫਿਰ ਬੇਸ਼ਕ ਸਾਰਾ ਪਰਿਵਾਰ ਹੀ ਇੱਥੇ ਲੈ ਆਵੋ। ਸੋ ਬਾਬਾ ਜੀ ਘਰ ਗਏ। ਜੀਅ ਜੰਤ ਨੂੰ ਲੈ ਆਏ ਅਤੇ ਸਾਰਿਆਂ ਨੂੰ ਸਤਿਗੁਰੂ ਜੀ ਦੁਆਰਾ ਨਾਮ ਦੇ ਬੇੜੇ ਵਿਚ ਸੁਆਰ ਕਰਵਾ ਕੇ ਨਾਮਧਾਰੀ ਪੰਥ ਵਿਚ ਸ਼ਾਮਲ ਕਰ ਦਿੱਤਾ। ਹੁਣ ਬਾਬਾ ਜੀ ਸਮੇਤ ਪਰਿਵਾਰ ਇਸ ਇਲਾਹੀ ਰੰਗਣ ਵਿਚ ਅੱਠੇ ਪਹਿਰ ਰੰਗੇ ਰਹਿੰਦੇ। ਥੋਹੜਾ ਛਕਦੇ, ਥੋਹੜਾ ਸੌਂਦੇ ਅਤੇ ਰਾਤ ਨੂੰ ਵੀ ਕੇਸਾਂ ਨੂੰ ਕਿੱਲੀ ਨਾਲ ਬੰਨ੍ਹ ਕੇ ਬੰਦਗੀ ਵਿਚ ਲਿਵਲੀਨ ਰਹਿੰਦੇ। ਹਰ ਨਾਮਧਾਰੀ ਸਿੰਘ ਜਿਉਂ ਸਵਾ ਪਹਿਰ ਰਾਤ ਰਹਿੰਦੀ ਤੋਂ ਉੱਠਣਾ। ਨਾਮ ਸਿਮਰਨ ਤੋਂ ਇਲਾਵਾ ਰੋਜ਼ਾਨਾ ਸਾਰੀ ਪੰਜ ਗ੍ਰੰਥੀ ਦਾ ਪਾਠ ਅਤੇ ਪੰਜਾਹ ਪੱਤਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੜ੍ਹਦੇ। ਇਸ ਕਮਾਏ ਹੋਏ ਜੀਵਨ ਦੇ ਫਲ ਵਜੋਂ ਰਸਨਾਂ ਵਿਚ ਨਾਮ ਬਾਣੀ ਦਾ ਪਰਵਾਹ ਚੱਲਣ ਸਦਕਾ ਐਸੀ ਤਾਸੀਰ ਆ ਗਈ ਕਿ ਆਪ ਦੇ ਬਚਨ ਸੁਣਨ ਵਾਸਤੇ ਇਰਦ ਗਿਰਦ ਪਰੇਮੀਆਂ ਦੀ ਵੱਡੀ ਭੀੜ ਜੁੜਣ ਲੱਗ ਪਈ। ਆਪ ਦੇ ਮਸਤ ਬਚਨ ਸੁਣਨ ਵਾਲੇ ਸਰੋਤੇ ਵੀ ਮਸਤਾਨੇ ਹੋ ਜਾਂਦੇ। ਉੱਚਾ ਸੁੱਚਾ ਜੀਵਨ ਵੇਖ ਕੇ ਬਹੁਤ ਸਾਰੇ ਸਿੰਘ ਪ੍ਰਭਾਵਿਤ ਹੁੰਦੇ ਅਤੇ ਆਪ ਦੇ ਸੰਗੀ ਸਾਥੀ ਬਣ ਕੇ ਕੂਕਾ ਲਹਿਰ ਦੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਅਕੀਦਿਆਂ ਦੀ ਪੂਰਤੀ ਹਿੱਤ ਅੱਠੇ ਪਹਿਰ ਨਾਲ ਵਿਚਰਣ ਵਾਲੇ ਸਾਥੀ ਆਪ ਜੀ ਦੇ ਨਾਲ ਰਹਿਣ ਵਾਲੇ ਤਿਆਰ ਬਰ ਤਿਆਰ ਹਾਜ਼ਰ ਰਹਿੰਦੇ। ਚੱਕਰਵਰਤੀ ਜੀ ਦੀ ਲਿਖਤ ਦੇ ਮੁਤਾਬਕ ਅਗਲੇ ਸਮਿਆਂ ਵਿਚ ਇਸ ਛੂਤੀਆਂ ਦੀ ਸ਼ਾਖ ਦੀ ਗਿਣਤੀ ੩੦੦੦ ਤੱਕ ਅੱਪੜ ਗਈ ਸੀ।[4]

ਹੁਣ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਨ ਕਲਿਆਣ ਲਈ ਜਦੋਂ ਪੰਜਾਬ ਦੇ ਵੱਖ-ਵੱਖ ਖਿੱਤਿਆਂ ਵਿਚ ਆਪਣੇ ਪ੍ਰਚਾਰ ਦੌਰਿਆਂ ਤੇ ਨਿਕਲਦੇ ਤਾਂ ਭਾਈ ਸੱਦਾ ਸਿੰਘ ਕਬੀਰ ਅਤੇ ਉਹਨਾਂ ਦੇ ਸਾਥੀ ਵੀ ਹਜ਼ੂਰੀ ਦੌਰੇ ਦਾ ਭਾਗ ਬਣਨ ਦਾ ਮਾਨ ਹਾਸਲ ਕਰਨ ਲੱਗ ਪਏ। ਕਬੀਰ ਜੀ ਦੇ ਜਥੇ ਦੀ ਮਰਿਆਦਾ ਬੜੀ ਕਰੜੀ ਸੀ। "ਲੰਗਰ ਅੱਠੀਂ ਪਹਿਰੀਂ ਕਰਦੇ। ਲੱਕੜਾਂ ਧੋ ਕੇ ਬਾਲਦੇ। ਦਾਣੇ ਵੀ ਧੋ ਕੇ ਹੀ ਪੀਂਹਦੇ। ਸਿੰਘ ਤੇ ਸਿੰਘਣੀਆਂ ਸਭ ਭੂਰੇ ਦੇ ਬਸਤਰ ਪਹਿਨਦੇ। ਸਿੰਘਣੀਆਂ ਦੇ ਪਰਦੇ ਘੁੰਡ ਆਦਿਕ ਸਭ ਦੂਰ ਕਰਾ ਦਿੱਤੇ ਜਾਂਦੇ। ਸਣੇ ਕੇਸੀਂ ਇਸ਼ਨਾਨ ਬਾਲਕਾਂ ਤੱਕ ਵੀ ਕਰਾ ਦਿੰਦੇ। ਸਭ ਜਥੇ ਦੇ ਸਰੀਰਾਂ ਪਾਸੋਂ ਭਜਨ ਬਾਣੀ ਕਰਵਾਂਦੇ। ਏਥੇ ਇਹ ਗੱਲ ਜ਼ਰੂਰੀ ਦੱਸਣ ਵਾਲੀ ਹੈ ਕਿ ਲੰਗਰ ਆਪ ਰਾਤ (ਸ਼ਾਮ) ਨੂੰ ਹੀ ਕਰਦੇ ਤੇ ਹਮੇਸ਼ਾਂ ਆਪਣੇ ਹੀ ਹੱਥਾਂ ਦਾ ਪਰਸ਼ਾਦਾ ਛਕਦੇ। ਮਿੱਟੀ ਦੇ ਭਾਂਡੇ ਤੇ ਕਲਈ ਕੀਤੇ ਹੋਏ ਬਰਤਨ ਬਿਲਕੁਲ ਨਹੀਂ ਸਨ ਵਰਤਦੇ।

"ਇਹਨਾਂ ਉਪਰੋਕਤ ਅਸੂਲਾਂ ਨੂੰ ਵੇਖ ਕੇ ਸੰਗਤ ਆਪ ਨੂੰ ਛੂਤੀਏ ਕਹਿਣ ਲੱਗ ਪਈ।"[5]

ਇਹ ਭੂਰਿਆਂ ਦਾ ਪਹਿਰਾਵਾ ਅਠਾਰ੍ਹਵੀਂ ਸਦੀ ਦੇ ਸਿੱਖਾਂ ਦਾ ਵੀ ਸੀ। ਸਾਡੇ ਪਾਸ ਦੋ ਪ੍ਰਮੁੱਖ ਪੰਜਾਬੀ ਕਵੀਆਂ ਦੀਆਂ ਗਵਾਹੀਆਂ ਹਨ।

"ਭੂਰਿਆਂ ਵਾਲੇ ਰਾਜੇ ਕੀਤੇ।
ਮੁਗਲਾਂ ਜ਼ਹਿਰ ਪਿਆਲੇ ਪੀਤੇ।"

—ਬੁੱਲ੍ਹੇ ਸ਼ਾਹ

ਸ਼ਿਰੋਮਣੀ ਕਿੱਸਾਕਾਰ ਵਾਰਿਸ ਸ਼ਾਹ, ਹੀਰ ਦੀਆਂ ਅੱਖਾਂ ਵਿਚ ਪਾਏ ਸੁਰਮੇ ਦੀ ਤਸ਼ਬੀਹ, ਪੰਜਾਬ ਦੀ ਕਾਲੇ ਭੂਰਿਆਂ ਵਾਲੀ ਸਿੱਖ ਸੈਨਾ ਦਾ ਹਿੰਦ ਦੀ ਮੁਗਲ ਸੈਨਾ ਉੱਤੇ ਆਕਰਮਣ ਨਾਲ ਕਰਦਾ ਹੈ।

"ਸੁਰਮਾਂ ਨੈਣਾਂ ਦੀ ਧਾਰ ਵਿਚ ਫੱਬ ਰਿਹਾ,
ਚੜ੍ਹਿਆ ਹਿੰਦ ਤੇ ਕਟਕ ਪੰਜਾਬ ਦਾ ਜੀ।"

ਭਾਈ ਸੰਤੋਖ ਸਿੰਘ ਬਾਹੋਵਾਲ ਦੇ ਮੁਤਾਬਿਕ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਕਸਰ ਫੁਰਮਾਇਆ ਕਰਦੇ ਸਨ-"ਭੂਰਿਆਂ ਵਾਲੇ ਮੇਰੇ ਪਿਆਰੇ ਹਨ।"[6] ਰਹਿਤ ਮਰਿਆਦਾ ਵਿਚ ਪਰਪੱਕ ਹੋ ਕੇ, ਉੱਚ ਮਾਨਵੀ ਕਦਰਾਂ ਕੀਮਤਾਂ ਨਾਲ ਭਰਪੂਰ ਜੀਵਨ ਜਾਚ ਵਾਲੇ ਸਿੰਘਾਂ ਨੂੰ, ਸਤਿਗੁਰੂ ਜੀ ਹਮੇਸ਼ਾਂ ਖੁਸ਼ੀਆਂ ਬਖਸ਼ਿਆ ਕਰਦੇ ਸਨ। ਅਜਿਹੀਆਂ ਖੁਸ਼ੀਆਂ ਦੇ ਪਾਤਰ, ਭਾਈ ਸੱਦਾ ਸਿੰਘ ਅਤੇ ਉਹਨਾਂ ਦੀ ਸ਼ਾਖਾ ਛੂਤੀਏ ਵਾਲੇ ਸਿੰਘ ਅਕਸਰ ਬਣਦੇ ਸਨ। ਸਤਿਗੁਰੂ ਜੀ ਦੇ ਭਾਣੇ ਵਿਚ ਰਹਿ ਕੇ, ਆਉਣ ਵਾਲੇ ਬਿਪਤਾ ਦੇ ਸਮੇਂ ਵਿਚ, ਛੂਤੀਏ ਸਿੰਘਾਂ ਨੇ ਅਡੋਲ ਰਹਿ ਕੇ ਭਾਰੀ ਕੁਰਬਾਨੀਆਂ ਵੀ ਦੇਣੀਆਂ ਸਨ ਜਿਹਦੇ ਲਈ, ਭਾਈ ਸੱਦਾ ਸਿੰਘ, ਇਹਨਾਂ ਸਿੰਘਾਂ ਦੀ ਘਾੜਤ ਆਪਣੀ ਅਦੁੱਤੀ 'ਛੂਤੀਆ ਟਕਸਾਲ' ਵਿਚ ਘੜ ਰਹੇ ਸਨ।

ਜਦੋਂ ਸਤਿਗੁਰੂ ਰਾਮ ਸਿੰਘ ਜੀ ਮਾਲਵੇ ਦਾ ਦੌਰਾ ਕਰਦੇ ਹੋਏ ਲੋਹਗੜ੍ਹ (ਲੁਧਿਆਣਾ) ਵਿਖੇ ਪੁੱਜੇ ਤਾਂ ਇੱਥੇ ਆਪ ਨੇ ਭਾਈ ਸੱਦਾ ਸਿੰਘ ਨੂੰ ਬੜੇ ਵਰ ਦਿੱਤੇ ਸਨ। ਰਵਾਇਤ ਹੈ ਕਿ ਭਾਈ ਸੱਦਾ ਸਿੰਘ ਇਕ ਪੁਰਾਣੀ ਨਿੰਮ ਦਾ ਰੁੱਖ ਵੇਖ ਕੇ ਰੁਕ ਗਏ ਅਤੇ ਨਾਲ ਦੇ ਸਿੰਘਾਂ ਨੂੰ ਇਸਦੀਆਂ ਪਰਕਰਮਾ ਕਰਨ ਦਾ ਕਾਰਨ ਪੁੱਛਣ ਤੇ ਦੱਸਿਆ ਕਿ ਸੌ ਕੁ ਸਾਲ ਪਹਿਲਾਂ ਹੋਰ ਦੋ ਸਿੰਘਾਂ ਸਮੇਤ


Namdhari Elibrary NamdhariElibrary@gmail.com

ਅਸੀਂ ਇੱਥੇ ਤਪ ਕੀਤਾ ਸੀ। ਸਤਿਗੁਰੂ ਜੀ ਦੇ ਪੁੱਛਣ ਤੇ ਕਿ ਪਛੜ ਕੇ ਦੀਵਾਨ ਵਿਚ ਕਿਉਂ ਆਏ ਹੋ ਨਾਲ ਦੇ ਸਿੰਘਾਂ ਨੇ ਇਹ ਵਾਰਤਾ ਕਹਿ ਸੁਣਾਈ ਤਾਂ ਸਤਿਗੁਰੂ ਜੀ ਬਹੁਤ ਖ਼ੁਸ਼ੀ ਵਿਚ ਆ ਕੇ ਬੋਲਾ ਕੀਤਾ-ਵਾਹ! ਕਬੀਰ!! ਵਾਹ ਤੇਰੀ ਕਮਾਈ। ਖ਼ਾਲਸਾ ਕਬੀਰ, ਫਰੀਦ ਆਦਿਕ ਸਾਰੇ ਭਗਤ ਆਦਿਕ ਇਸ ਪੰਥ ਵਿਚ ਆ ਮਿਲੇ ਹਨ।[7] ਜਦੋਂ ਕੋਈ ਅੰਦੋਲਨ ਫੈਲ ਰਿਹਾ ਹੁੰਦਾ ਹੈ, ਲੋਕ ਲਹਿਰ ਵੱਧ ਰਹੀ ਹੁੰਦੀ ਹੈ ਤਾਂ ਬਹੁਤ ਸਾਰੇ ਲੋਕ ਵਿਸ਼ਵਾਸ ਵੀ ਉਸਦਾ ਹਿੱਸਾ ਬਣਾ ਜਾਂਦੇ ਹਨ। ਇਹ ਅੰਦੋਲਨ ਦੀ ਸਰਬ ਵਿਆਪਕਤਾ ਦਾ ਪ੍ਰਮਾਣ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੰਚਾਲਿਤ ਕੂਕਾ ਲਹਿਰ ਨਿਤ ਨਵੇਂ ਸੂਰਜ ਨਵੇਂ ਲੋਕਾਂ ਨੂੰ ਜੋ ਕਿਰਤੀ ਸਨ, ਕਿਸਾਨ ਸਨ, ਭਾਈ ਸੱਦਾ ਸਿੰਘ ਜਿਹੇ ਦਸਤਕਾਰ ਸਨ ਆਪਣੇ ਕਲਾਵੇ ਵਿਚ ਲੈ ਰਹੀ ਸੀ। ਸਾਧਾਰਨ ਲੋਕਾਂ ਨੂੰ ਲਹਿਰ ਇਝ ਲਈ ਵੀ ਖਿੱਚ ਪਾਉਂਦੀ ਹੈ ਕਿ ਉਹ ਵੇਲਾ ਵਿਹਾ ਚੁੱਕੀਆਂ ਥੋਥੀਆਂ, ਅਰਥਹੀਣ ਰਸਮਾਂ ਤੋਂ ਮੁਕਤ ਹੋਣਾ ਚਾਹੁੰਦੇ ਹਨ। ਸਰਕਾਰ ਅਤੇ ਪੁਰੋਹਿਤ ਵਰਗ ਦੇ ਜਟਿਲ ਕਰਮਕਾਂਡੀ ਦਮਨ ਤੰਤਰ ਵਿਚ ਦਰੜੀ ਹੋਈ ਉਹਨਾਂ ਦੀ ਆਤਮਾ ਸੁਤੰਤਰਤਾ ਦੇ ਆਕਾਸ਼ ਵਿਚ ਉਡਾਰੀਆਂ ਲਾਉਣਾ ਲੋਚਦੀ ਹੈ। ਸਤਿਗੁਰੂ ਜੀ ਨੇ ਸਾਧਾਰਨ ਮਨੁੱਖਾਂ ਨੂੰ, ਉਹਨਾਂ ਦੀ ਕਹਿਣੀ ਅਤੇ ਕਰਨੀ ਵਿਚ ਕੋਈ ਪਾੜਾ ਨਾ ਵੇਖ ਕੇ ਆਪਣੇ ਅੰਦੋਲਨ ਵਿਚ ਸ਼ਾਮਲ ਹੋਣ ਤੇ ਵੱਡਾ ਮਾਣ ਤਾਣ ਵੀ ਬਖਸ਼ਿਆ। ਉਹਨਾਂ ਦੀ ਕਰਤਾਰੀ ਪ੍ਰਤਿਭਾ ਨੂੰ, ਜਿਹੜੀ ਪਹਿਚਾਣ ਦਾ ਸੰਕਟ ਹੰਡਾ ਕੇ ਅਣਗੌਲੇਪਨ ਦਾ ਸ਼ਿਕਾਰ ਹੋਈ ਸ਼ਿਥਲ ਅਵਸਥਾ ਵਿਚ ਸੀ, ਉਸ ਨੂੰ ਘੋਖ ਪਰਖ ਕੇ, ਟੁੰਬ ਕੇ ਜਾਗਰਿਤ ਕੀਤਾ ਅਤੇ ਉਸਦੇ ਜਲੌਅ ਨਾਲ ਆਲਾ ਦੁਆਲਾ ਪ੍ਰਕਾਸ਼ਮਾਨ ਹੋਇਆ ਅਤੇ ਨਵੇਂ ਲੋਕਾਂ ਤਕ ਕਰਵਟ ਬਦਲ ਰਹੀ, ਪੰਜਾਬ ਦੀ ਧਰਤੀ ਦੀ ਆਹਟ ਪੁੱਜਣ ਲੱਗ ਪਈ ਜੋ ਲੰਮੇ ਸਮੇਂ ਤੋਂ ਇਸੇ ਉਡੀਕ ਵਿਚ ਬੈਠੇ ਸਨ। ਭਾਈ ਸੱਦਾ ਸਿੰਘ ਅਤੇ ਉਹਨਾਂ ਦੇ ਜਥੇ ਵਿਚ ਸ਼ਾਮਲ ਹੋਏ ਇਹੋ ਜਿਹੇ ਲੋਕ ਨਾਇਕ ਹੀ ਲੋਕ ਲਹਿਰਾਂ ਦਾ ਮਾਣ ਬਣਿਆ ਕਰਦੇ ਹਨ।

ਕੂਕਾ ਲਹਿਰ ਦੇ ਸਿਆਸੀ ਤੱਤ ਨੂੰ ਭਾਈ ਸੱਦਾ ਸਿੰਘ ਕਬੀਰ ਅਤੇ ਉਸਦੇ ਜਥੇ ਦੇ ਸਿੰਘਾਂ ਨੇ ਕਿਵੇਂ ਗ੍ਰਹਿਣ ਕੀਤਾ ਇਸਦਾ ਸਟੀਕ ਵਰਣਨ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਸ਼ਬਦਾਂ ਵਿਚ ਹੀ ਪੜ੍ਹਨਾ ਠੀਕ ਰਹੇਗਾ। "ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਨਾ ਮਿਲਵਰਤਨ ਲਹਿਰ ਦੀ ਜਿਸ ਤਰ੍ਹਾਂ ਅਮਲੀ ਵਰਤੋਂ ਸ੍ਰੀ ਬਾਬਾ ਜੀ ਨੇ ਕੀਤੀ, ਉਸਦਾ ਅੰਦਾਜ਼ਾ ਹੇਠ ਲਿਖੇ ਕੁਝ ਸ਼ਬਦਾਂ ਤੋਂ ਲੱਗ ਸੱਕਦਾ ਹੈ-

"ਆਪ ਜਾਂ ਆਪ ਦਾ ਕੋਈ ਵੀ ਸਾਥੀ ਗੱਡੀ ਤੇ ਨਹੀਂ ਸਨ ਚੜ੍ਹਦੇ। ਡੱਬੀ ਦੀ ਤੀਲੀ ਵੀ ਨਹੀਂ ਸਨ ਵਰਤਦੇ। ਸਰਕਾਰੀ ਪਾਣੀ (ਨਹਿਰ ਦੇ ਨਾਲ) ਹੱਥ ਵੀ ਨਹੀਂ ਸਨ ਧੋਂਦੇ। ਏਥੋਂ ਤੱਕ ਕਿ ਜੋ ਰੁੱਖ ਨਹਿਰ ਜਾਂ ਸੂਏ ਦੇ ਕੰਢੇ ਤੇ ਹੋਵੇ ਉਸਦੀ ਦਾਤਨ ਵਗੈਰਾ ਤਾਂ ਕਿਤੇ ਰਹੀ, ਉਸਦੀ ਛਾਵੇਂ ਵੀ ਆਪ ਨਾ ਬੈਠਦੇ, ਨਾ ਹੀ ਨਾਲ ਦੇ ਸਿੰਘਾਂ ਨੂੰ ਬੈਠਣ ਦੇਂਦੇ। ਪੁੱਛਣ ਤੇ ਆਪ ਕਿਹਾ ਕਰਦੇ ਕਿ ਜਦੋਂ ਤੁਸੀਂ ਧੁੱਪ ਤੋਂ ਵਿਆਕੁਲ ਹੋਏ ਇਸ ਰੁੱਖ ਦੀ ਛਾਵੇਂ ਬੈਠੋਗੇ, ਤੁਹਾਨੂੰ ਸੁਖ ਤੇ ਅਵੱਸ਼ਯ ਹੀ ਮਿਲੇਗਾ। ਤਦ ਤੁਸੀਂ ਕਹੋਗੇ ਕਿ ਧੰਨ ਅੰਗਰੇਜ਼ ਹੈ, ਜਿਸਦੀ ਕ੍ਰਿਪਾ ਨਾਲ ਨਹਿਰਾਂ ਆਈਆਂ, ਰੁੱਖ ਉੱਗੇ, ਤੇ ਅਸਾਂ ਠੰਢੀ ਛਾਂ ਮਾਣੀ।

"ਬਾਬਾ ਜੀ ਆਪ ਖ਼ੁਦ ਜਾਂ ਕਿਸੇ ਵੀ ਆਪਣੇ ਨਾਲ ਦੇ ਸਿੰਘ ਨੂੰ ਸਰਕਾਰੀ ਪਾਣੀ ਵਾਲੀ ਪੈਲੀ ਵਿਚ ਭਿਆਲ ਵੀ ਨਾ ਹੋਣ ਦੇਂਦੇ।"[8]

ਬਾਬਾ ਜੀ ਆਪਣਾ ਬਾਣਾ ਗੁਰਮੁਖੀ ਢੰਗ ਦੇ ਸਫੈਦ ਬਸਤਰਾਂ ਵਾਲਾ ਰੱਖਦੇ ਸਨ ਅਤੇ ਇਹੋ ਆਪ ਦੇ ਸਾਥੀ ਸਿੰਘਾਂ ਦੀ ਪੁਸ਼ਾਕ ਸੀ। ਸਫਰ ਕਰਦਿਆਂ ਰਸਤੇ ਵਿਚ ਇਕ ਦੂਜੇ ਨਾਲ ਬਚਨ ਬਿਲਾਸ ਦੀ ਸਖਤ ਮਨਾਹੀ ਸੀ। ਸਿਰਫ ਇਕ ਸਿੰਘ ਨੂੰ ਛੋਟ ਹੁੰਦੀ ਸੀ ਰਾਹ ਪੁੱਛਣ ਵਾਲੇ ਨੂੰ। ਬਾਕੀ ਜੱਥਾ ਸਿਮਰਨ ਜਾਂ ਬਾਣੀ ਵਿਚ ਲੀਨ ਰਹਿੰਦਾ, ਕਿਉਂਕਿ ਆਪ ਦੇ ਜਥੇ ਵਿਚ ਕਿਰਤੀ, ਦਸਤਕਾਰ ਜਾਂ ਛੋਟੇ ਕਿਸਾਨ ਹੀ ਹੁੰਦੇ ਸਨ। ਉਹ ਜਿਹਨਾਂ ਕਿਸਾਨਾਂ ਪਾਸ ਸੇਪ ਕਰਦੇ ਸਨ ਉਹਨਾਂ ਨੂੰ ਮਜ਼ਦੂਰੀ ਥੋਹੜੇ ਸਮੇਂ ਵਿਚ ਵੀ ਦੂਜੇ ਮਜ਼ਦੂਰਾਂ ਜਿਤਨੀ ਕਰ ਦਿੰਦੇ। ਬਚਿਆ ਸਮਾਂ ਆਪਣਾ ਨਾਮ ਬਾਣੀ ਵਿਚ ਲਾਉਂਦੇ। ਸਭ ਨੂੰ ਸਖਤ ਹਦਾਇਤ ਸੀ ਕਿ ਜੋ ਵੀ ਪਦਾਰਥ ਕਿਤੋਂ ਭੇਟ ਹੋਵੇਗਾ ਜਾਂ ਕਮਾ ਕੇ ਲਿਆਉਣਗੇ ਉਹ ਵੰਡ ਕੇ ਹੀ ਛਕਣਗੇ। ਜਿਸ ਖੂਹ ਤੇ ਸੰਤ ਰਹਿੰਦੇ ਸਨ ਉੱਥੇ ਬੇਰੀਆਂ ਦੇ ਰੁੱਖ ਆਮ ਸਨ। ਉਹਨਾਂ ਹੇਠਾਂ ਬਹੁਕਰ ਮਾਰ ਛੱਡਦੇ। ਜਦੋਂ ਬੇਰ ਪੱਕ ਕੇ ਕਿਰਦੇ, ਇਕੱਠੇ ਕਰਕੇ ਸਭ ਜਥੇ ਨੂੰ ਵੰਡ ਦਿੰਦੇ ਅਤੇ ਹੋਰ ਦਰਸ਼ਨ ਅਭਿਲਾਖੀਆਂ ਨੂੰ ਵੀ ਉਹੋ ਬੇਰ ਪ੍ਰਸ਼ਾਦ ਵਰਤਾਇਆ ਜਾਂਦਾ। ਸੰਤ ਸੱਦਾ ਸਿੰਘ ਜੀ ਦਾ ਪੁੱਤਰ ਕਿਰਪਾਲ ਸਿੰਘ ਬਚਪਨ ਵਿਚ ਆਪਣੇ ਰਿਸ਼ਤੇਦਾਰਾਂ ਦੇ ਪਿੰਡ ਗਿਆ। ਉਹਨਾਂ ਬੱਚੇ ਦੇ ਆਦਰ ਵਜੋਂ ਗੁੜ ਅਤੇ ਗੰਨੇ ਦਿੱਤੇ। ਬੱਚਾ ਨਾ ਗੁੜ ਖਾਵੇ ਨਾ ਗੰਨਾ ਚੂਪੇ। ਪੁੱਛਣ ਤੇ ਕਹਿੰਦਾ, "ਸੰਤ ਜੀ (ਪਿਤਾ ਸ੍ਰੀ) ਦੀ ਸਿੱਖਿਆ ਹੈ ਇਕੱਲਿਆ ਕੁਝ ਨਹੀਂ ਛਕਣਾ। ਹਮੇਸ਼ਾਂ ਵੰਡ ਕੇ ਛਕਣਾ ਹੈ।" ਉਹਨਾਂ ਨੇ ਇਹ ਵਸਤਾਂ ਵਾਪਸੀ ਤੇ ਕਿਰਪਾਲ ਸਿੰਘ ਨੂੰ ਬੰਨ੍ਹ ਦਿੱਤੀਆਂ। ਆਪਣੇ ਡੇਰੇ


Namdhari Elibrary NamdhariElibrary@gm

ਵਿਚ ਆ ਕੇ ਉਹਨੇ ਸਾਥੀ ਬੱਚਿਆਂ ਨਾਲ ਵੰਡ ਕੇ ਛਕ ਲਈਆਂ। ਇਹ ਸਿੱਖੀ ਦਾ ਅਸਲੀ ਮਰਮ ਸੀ, ਜਿਹਨੂੰ ਉੱਚੇ ਕਿਰਦਾਰ ਵਾਲੇ ਲੋਕਾਂ ਨੇ, ਆਪਣੇ ਜੀਵਨ ਵਿਚ ਰਮਾ ਲਿਆ ਸੀ।

ਪਹਿਲੀ ਸਿੰਘਣੀ ਚੜ੍ਹਾਈ ਕਰ ਗਈ ਤਾਂ ਆਪਦਾ ਤਪ ਤੇਜ ਵੇਖ ਕੇ, ਬਾਬਾ ਸਾਹਿਬ ਸਿੰਘ ਜ਼ਿਮੀਦਾਰ ਨੇ ਜੋ ਪਿੰਡ ਭੰਮਾਂ ਬੱਧੀ (ਰਿਆਸਤ ਸੰਗਰੂਰ) ਦੇ ਕੂਕੇ ਸਰਦਾਰ ਸਨ, ਆਪਣੀ ਪੁੱਤਰੀ ਦੀ ਸ਼ਾਦੀ ਭਾਈ ਸੱਦਾ ਸਿੰਘ ਜੀ ਨਾਲ, ਜ਼ਾਤ ਗੋਤ ਦੇ ਵਿਤਕਰੇ ਤੋਂ ਉੱਪਰ ਉਠਦਿਆਂ ਸਿਰਫ ਕੂਕਪੁਣੇ ਦੀ ਸਾਂਝ ਦੇ ਆਧਾਰ ਤੇ ਕਰ ਦਿੱਤੀ ਅਤੇ ਗੁਰੂ ਦੀਆਂ ਬੇਅੰਤ ਖੁਸ਼ੀਆਂ ਵੀ ਪ੍ਰਾਪਤ ਕੀਤੀਆਂ। ਇਹ ਬਾਬਾ ਸਾਹਿਬ ਸਿੰਘ ਜੀ ਵੀ ਛੂਤੀਏ ਸ਼ਾਖਾ ਦੇ ਉੱਘੇ ਰੁਕਨ ਹੋਏ ਹਨ। ਇਹਨਾਂ ਨੂੰ ਸਿੰਘ ਰਾਜਾ ਜਨਮੇਜਾ ਦੇ ਨਾਂ ਨਾਲ ਯਾਦ ਕਰਿਆ ਕਰਦੇ ਸਨ। ਜਦੋਂ ਸ੍ਰੀ ਸਤਿਗੁਰੂ ਜੀ ਨੂੰ ਸੂਬਿਆਂ ਸਮੇਤ ਜਲਾਵਤਨ ਕੀਤਾ ਗਿਆ ਤਾਂ ਪੰਜਾਬ ਅਤੇ ਸਿੱਖ ਰਿਆਸਤਾਂ ਵਿਚ ਕੂਕੇ ਸਿੰਘਾਂ ਤੇ ਬਹੁਤ ਸਖਤੀਆਂ ਹੋਈਆਂ। ਉਹ ਸਖਤੀਆਂ ਬਾਬਾ ਸਾਹਿਬ ਸਿੰਘ ਅਤੇ ਭਾਈ ਸੱਦਾ ਸਿੰਘ ਸਮੇਤ ਸਾਰੇ ਰਿਆਸਤੀ ਸਿੰਘਾਂ ਨੂੰ ਵੀ ਝੱਲਣੀਆਂ ਪਈਆਂ ਸਨ।

"ਸਾਰਿਆਂ ਰਾਜਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਸਿੰਘ ਸੱਦ ਲਏ ਜੋ ਨਾਮਧਾਰੀ ਥੇ। ਸਾਰਿਆਂ ਨੂੰ ਕਹਿਆ ਤੁਸੀਂ ਕੂਕਪੁਣਾ ਛੱਡੋ। ਸਿੰਘਾਂ ਨੇ ਕਹਿਆ ਕੀ ਕੂਕਪੁਣਾ ਛੱਡੀਏ? ਧਨੌਲੇ ਵਾਲੇ ਸੂਬੇ ਨੂੰ ਕਹਿਆ ਕਿ ਪਾਣੀ ਬੋਕੇ ਦਾ ਪੀਓ ਤੇ ਕਛਹਿਰੇ ਲਾਹ ਦਿਓ। ਤੁਸੀਂ ਕਿਸੇ ਕੇ ਨਾ ਜਾਓ ਨਾ ਕਿਸੇ ਨੂੰ ਬੜਨ ਦੇਓ। ਜੋ ਤੁਸੀਂ ਇਕੱਠੇ ਹੋਇਕੇ ਸ਼ਬਦ ਪੜ੍ਹਦੇ ਹੋ ਸੋ ਨਾ ਪੜ੍ਹੋ। ਜਿੱਥੇ ਜਾਵੋਂ ਇਤਲਾਹ ਦੇ ਕੇ ਜਾਓ। ਸਿੰਘਾਂ ਨੇ ਕਿਹਾ ਕਿ ਕਛਹਿਰੇ ਬੀ ਨਹੀਂ ਲਾਹ ਸੱਕਦੇ ਬੋਕੇ ਕਾ ਪਾਣੀ ਭੀ ਨਹੀਂ ਪੀਂਦੇ। ਸਿੰਘਾਂ ਕੋ ਬੀ ਨਹੀਂ ਹਟਾਇ ਸਕਦੇ ਹੈਂ। ਰੁਖ਼ਸਦ ਦੇ ਕੇ ਤੋਰ ਦੀਆ, ਕਹਾ ਕੇ ਆਏ ਸਿੰਘਾਂ ਕੋ ਪ੍ਰਸਾਦਿ ਛਕਾਇਕੇ ਤੋਰ ਦੀਆ ਕਰੋ। ਸਿੰਘ ਆਪੋ ਆਪਨੇ ਘਰਾਂ ਨੂੰ ਚਲੇ ਗਏ।"[9]

ਸੋ ਸਿੱਖ ਰਿਆਸਤਾਂ ਨੇ ਕੂਕੇ ਸਿੰਘਾਂ ਨੂੰ ਬੁਲਾ ਕੇ ਤਰ੍ਹਾਂ ਤਰ੍ਹਾਂ ਦੀਆਂ ਸਖਤੀਆਂ ਵੀ ਕੀਤੀਆਂ। ਬਾਬਾ ਸਾਹਿਬ ਸਿੰਘ ਭੰਮਾਂ ਬੱਧੀ ਵਾਲੇ ਕੂਕੇ ਸਿੰਘ ਨੂੰ ਉਸਦੇ ਪਿੰਡ ਦੇ ੧੧੩ ਸਿੰਘਾਂ ਸਮੇਤ ਪਕੜ ਕੇ ਸੰਗਰੂਰ ਜਿਹਲ ਵਿਚ ਰੱਖਿਆ ਗਿਆ। ਇਹਨਾਂ ਵਿਚ ਬੱਚੇ ਅਤੇ ਔਰਤਾਂ ਵੀ ਸਨ। ਜਿਹਲ ਦੀ ਸਖਤੀ, ਭੁੱਖ ਦੁੱਖ ਅਤੇ ਹੋਰ ਤਸੀਹਿਆਂ ਸਦਕਾ ਬਾਬਾ ਜੀ ਦੀ ਪਤਨੀ ਬੀਬੀ ਨਰਾਇਣ ਕੌਰ, ਜੋ ਭਾਈ ਸੱਦਾ ਸਿੰਘ ਹੋਰਾਂ ਦੀ ਸੱਸ ਸੀ, ਉਸਨੂੰ ਜਿਹਲ ਵਿਚ ਹੀ ਵੱਡੀ ਮਾਤਾ ਨਿਕਲ ਆਈ ਅਤੇ ਉਹ ਚਲਾਣਾ ਕਰ ਗਈ। ਬਡਰੁੱਖਿਆਂ ਦਾ ਇਕ ਸਰਦਾਰ ਦੀਵਾਨ ਸਿੰਘ ਵੀ ਕੂਕਾ ਸੀ ਉਸਨੇ ਆਪਣੇ ਰਸੂਖ ਨਾਲ ਇਹਨਾਂ ਸਿੰਘਾਂ ਨੂੰ ਸੰਗਰੂਰ ਤੋਂ ਰਿਹਾ ਕਰਵਾ ਲਿਆ। ਇਹ ਸਿੰਘ ਭੰਮਾਂ ਬੱਧੀ ਪੁੱਜ ਕੇ ਫਿਰ ਆਪਣੀ ਕਿਰਸਾਣੀ ਕਾਰ ਵਿਚ ਜੁੱਟ ਗਏ। ਉਹ ਇਕ ਦਿਨ ਫਿਰ ਸੰਗਰੂਰ ਸ਼ਹਿਰ ਵਿਚ ਕਿਸੇ ਕੰਮ ਨਿਰਮਲੇ ਸੰਤ ਰਘੁਬੀਰ ਸਿੰਘ ਦੇ ਡੇਰੇ ਚਲੇ ਗਏ। ਇਹ ਮਹੰਤ ਰਘੁਬੀਰ ਸਿੰਘ ਸੰਗਰੂਰ ਦੇ ਰਾਜੇ ਰਘੁਬੀਰ ਸਿੰਘ ਦਾ ਗੁਰੂ ਵੀ ਸੀ। ਜਦੋਂ ਬਾਬਾ ਸਾਹਿਬ ਸਿੰਘ ਆਪਣਾ ਗੜਵਾ ਮਾਂਜ ਕੇ ਖੂਹ ਵਿਚੋਂ ਜਲ ਕੱਢ ਕੇ ਛਕਣ ਲੱਗਾ ਤਾਂ ਇਹ ਮਹੰਤ ਰਘੁਬੀਰ ਸਿੰਘ ਬੋਲਿਆ, "ਸਾਹਿਬ ਸਿੰਘ ਘੜੇ ਠੰਢੇ ਜਲ ਦੇ ਭਰੇ ਹਨ। ਇਥੋਂ ਛਕ ਲਵੋ।" ਬਾਬਾ ਜੀ ਨੇ ਜੁਆਬ ਦਿੱਤਾ ਕਿ ਉਹ ਮਰਿਆਦਾ ਵਾਲਾ ਜਲ ਹੱਥੀਂ ਕੱਢ ਕੇ ਛਕਦੇ ਹਨ। ਇਸ ਤੇ ਮਹੰਤ ਜੀ ਬਾਬਾ ਜੀ ਨਾਲ ਔਖੇ ਸੌਖੇ ਹੋ ਪਏ ਕਿ ਅਜੇ ਤੱਕ ਰਾਜਾ ਸੰਗਰੂਰ, ਤੇਰੇ ਵਿਚੋਂ ਤੇਰੇ ਗੁਰੂ, ਰਾਮ ਸਿੰਘ ਦਾ ਭੂਤ ਕੱਢ ਨਹੀਂ ਸੱਕਿਆ। ਕੀ ਖੱਟਿਆ ਈ ਕੂਕਾ ਬਣ ਕੇ। ਜਦੋਂ ਸਤਿਗੁਰੂ ਜੀ ਦੀ ਸ਼ਾਨ ਦੇ ਖਿਲਾਫ ਬੋਲਿਆ ਤਾਂ ਬਾਬਾ ਸਾਹਿਬ ਸਿੰਘ ਨੇ ਪੈਰਾਂ ਵਿਚੋਂ ਪਊਆ ਲਾਹ ਕੇ ਮਹੰਤ ਹੋਰਾਂ ਦੀ ਚੰਗੀ ਭੁਗਤ ਸੁਆਰੀ। ਚਿਹਰਾ ਬਦਰੰਗ ਕਰ ਦਿੱਤਾ ਅਤੇ ਦੰਦ ਭੰਨ ਦਿੱਤੇ। ਫਿਰ ਉਹ ਹਰਨ ਹੋ ਗਏ। ਬਾਬਾ ਸਾਹਿਬ ਸਿੰਘ ਦਾ ਘਰਬਾਰ ਅਤੇ ਇਕ ਸੌ ਵੀਹ ਏਕੜ ਭੂਮੀ ਅਤੇ ਜਗੀਰ ਪੈਨਸ਼ਨ ਆਦਿਕ ਰਾਜਾ ਜੀਂਦ ਨੇ ਜ਼ਬਤ ਕਰ ਲਈ। ਬਾਬਾ ਜੀ ਹੁਣ ਲੋਹਗੜ੍ਹ (ਲੁਧਿਆਣਾ) ਦੇ ਕਿਸ਼ਨ ਸਿੰਘ ਛੂਤੀਏ ਨਾਮਧਾਰੀ ਸਿੰਘ ਦੇ ਖੇਤ ਵਿਚ ਨਿਵਾਸ ਕਰ ਲਿਆ। ਕਿਸ਼ਨ ਸਿੰਘ ਅਤੇ ਉਹਨਾਂ ਦੀ ਸਿੰਘਣੀ ਮਾਈ ਮਤਾਬ ਕੌਰ ਨੇ ਬਾਬਾ ਜੀ ਦੀ ਸੇਵਾ ਸੰਭਾਲ ਵਿਚ ਕੋਈ ਕੌਰ ਕਸਰ ਬਾਕੀ ਨਾ ਰਹਿਣ ਦਿੱਤੀ। ਇੱਥੇ ਹੀ ਸਾਹਿਬ ਵਿਚ ੧੯੫੫ ਬਿਕਰਮੀ ਦੇ ਇਕ ਵੈਸਾਖ ਨੂੰ ਚਲਾਣਾ ਕਰ ਗਏ ਸਨ।[10] ਭਾਈ ਕਿਸ਼ਨ ਸਿੰਘ ਅਤੇ ਭਾਈ ਹਰਨਾਮ ਸਿੰਘ ਛੂਤੀਏ ਸਰਦਾਰਾ ਸਿੰਘ ਲੋਹਗੜ੍ਹੀਏ ਦੇ ਪੁੱਤਰ ਸਨ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਮਲੇਰਕੋਟਲਾ ਸਾਕਾ ਵਾਪਰਨ ਤੋਂ ਕੁਝ ਸਮਾਂ ਪਹਿਲਾਂ ਹੀ ਕਿਹਾ ਸੀ-"ਸਰਦਾਰਾ ਸਿੰਘ ਭਾਣਾ ਵਰਤਣ ਵਾਲਾ ਹੈ। ਘਰਾਂ ਵਿਚ ਹੀ ਨਾ ਬੈਠੇ ਰਹਿਣਾ।" ਸੋ ਭਾਈ ਸਰਦਾਰਾ ਸਿੰਘ ਸਮੇਤ ਪੰਜ ਸਿੰਘ ਹੋਰ ਸਾਕਾ ਮਲੇਰਕੋਟਲਾ ਵਿਚ ਸ਼ਾਮਲ ਸਨ। ਇਹ ਰੜ ਪਿੰਡ ਤੋਂ ਮੁੜ ਆਏ ਸਨ। ਸ਼ਹੀਦ ਹੋਣ ਦਾ ਸੁਭਾਗ, ਉਸ ਸਮੇਂ ਲੋਹਗੜ੍ਹ ਦੇ ਸ. ਹਕੂਮਤ ਸਿੰਘ ਗਰੇਵਾਲ ਦੇ ਪੁੱਤਰ ਭਾਈ ਦੇਵਾ ਸਿੰਘ ਇਕੱਲੇ ਨੂੰ ਹੀ ਮਿਲਿਆ ਸੀ। ਉਹ ਵੀ ਛੂਤੀਆ ਸੰਪ੍ਰਦਾਇ ਨਾਲ ਸਬੰਧਿਤ ਸਨ ਅਤੇ ਲੁਧਿਆਣੇ


NamdhariElibrary NamdhariElibrary@gmail.com

ਜਿਹਲ ਵਿਚ ਸ਼ਹੀਦ ਹੋਣ ਵਾਲੇ ਭਾਈ ਅਤਰ ਸਿੰਘ ਦੇ ਭਰਾਤਾ ਸਨ ਜੋ ਅਖੰਡ ਪਾਠ ਕਰਾਉਣ ਦੇ ਦੋਸ਼ ਵਿਚ ੧੯੭੫ ਈ. ਵਿਚ ਸ਼ਹੀਦ ਹੋਏ ਸਨ। ਇਹ ਸਾਰੇ ਸਿੰਘ ਬਾਬਾ ਸੱਦਾ ਸਿੰਘ ਕਬੀਰ ਜੀ ਤੋਂ ਵਰੋਸਾਏ ਸਨ।

ਫਰਵਾਹੀ ਪਿੰਡ ਦੇ ਨੇੜੇ ਹੀ ਮੀਲ ਕੁ ਵਾਟ ਤੇ ਰਾਜ-ਗੜ੍ਹ ਨਾਮੀ ਪਿੰਡ ਦਾ ਇਕ ਮਸ਼ਹੂਰ ਚੋਰ ਘੀਲਾ ਸੀ। ਉਹ ਇਕ ਦਿਨ ਸੰਤਾਂ ਦੇ ਖੂਹ ਤੇ ਚੋਰੀ ਦੀ ਨੀਅਤ ਨਾਲ ਆਇਆ ਪਰ ਸੰਤਾਂ ਦੀ ਜਲਾਲੀ ਸ਼ਖਸ਼ੀਅਤ ਦਾ ਕੀਲਿਆ ਚੋਰੀ ਤੋਂ ਹੀ ਤੋਬਾ ਕਰਕੇ ਇਕ ਪਰਵਰਤਿਤ ਮਨੁੱਖ ਬਣ ਗਿਆ ਸੀ।

ਪਿੰਡ ਛੱਡ ਕੇ ਕੁਝ ਵਰ੍ਹੇ ਤਾਂ ਬਾਬਾ ਸੱਦਾ ਸਿੰਘ ਸਤਿਗੁਰੂ ਜੀ ਦੇ ਨਾਲ ਹੀ ਦੌਰੇ ਕਰਦੇ ਰਹੇ ਅਤੇ ਸ੍ਰੀ ਭੈਣੀ ਸਾਹਿਬ ਰਹਿੰਦੇ ਰਹੇ। ਜਨਵਰੀ ੧੮੭੨ ਦੀਆਂ ਯੁਗਾਂਤਰਕਾਰੀ ਘਟਨਾਵਾਂ ਤੋਂ ਬਾਅਦ ਆਪ ਫਿਰ ਪਿੰਡ ਪੁੱਜੇ ਅਤੇ ਕਿਉਂਕਿ ਇਕ ਵੇਰ ਤਾਂ ਆਪ ਆਪਣੇ ਜਥੇ ਦੇ ਹੋਰ ਸਿੰਘਾਂ ਜਿਉਂ ਆਪਣੀ ਚਲ ਅਚਲ ਸੰਪਤੀ ਫਰੋਖਤ ਕਰਕੇ ਗੁਰੂ ਕੇ ਲੰਗਰ ਵਿਚ ਪਾ ਚੁੱਕੇ ਸਨ ਜਾਂ ਹੋਰ ਕਾਰਜਾਂ ਦੁਆਰਾ ਹਰ ਕੇ ਲੇਖੇ ਲਾ ਚੁੱਕੇ ਸਨ। ਹੁਣ ਬਦਲੇ ਹਾਲਾਤ ਬਾਅਦ ਜਦੋਂ ਭੈਣੀ ਸਾਹਿਬ ਕੂਕਿਆਂ ਨੂੰ ਬਹੁਤ ਥੋਹੜੀ ਗਿਣਤੀ ਤੋਂ ਵੱਧ ਰਹਿਣ ਨਹੀਂ ਸੀ ਦਿੱਤਾ ਜਾ ਰਿਹਾ ਤਾਂ ਆਪ ਆਪਣੇ ਪਿੰਡ ਵਿਚ ਪੁੱਜ ਗਏ। ਪਿੰਡ ਦੇ ਮੁੱਖੀ ਸੱਜਣਾਂ ਨੇ ਸੰਤਾਂ ਦੀ ਮਜਬੂਰੀ ਨੂੰ ਸਮਝਦਿਆਂ ਇਹਨਾਂ ਦਾ ਕੂਕਪੁਣਾ ਛੁਡਵਾ ਕੇ ਰਾਜੇ ਤੋਂ ਆਪਣੀ ਵਫਾਦਾਰੀ ਦਾ ਪਟਾ ਲੈਣਾ ਚਾਹਿਆ। ਸੰਤ ਸੱਦਾ ਸਿੰਘ ਹੋਰਾਂ ਦਾ, ਹੋਰ ਬਹੁਤ ਸਾਰੇ ਕੂਕਿਆਂ ਜਿਉਂ ਸੁਭਾਅ ਸੀ ਕਿ ਸਰਕਾਰੇ ਦਰਬਾਰੇ ਕਿਸੇ ਵੀ ਵਿਹਾਰ ਤੇ, ਜਦੋਂ ਕੋਈ ਉਹਨਾਂ ਦੀ ਵਲਦੀਅਤ ਪੁੱਛਦਾ ਸੀ ਤਾਂ ਆਪ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਨਾਮ ਲੈਂਦੇ ਸਨ। ਲੋਕਾਂ ਨੇ ਸੰਤਾਂ ਦੀ ਜਗਹ ਦੀ ਲੋੜ ਨੂੰ ਮੁੱਖ ਰੱਖਦਿਆਂ ਕਿਹਾ ਕਿ ਸੱਦਾ ਸਿੰਘ ਤੈਨੂੰ ਫਿਰ ਜਗਹਾ ਦੇ ਕੇ, ਇਕ ਸੁਰਤ ਤੇ ਪਿੰਡ ਵਿਚ ਬੈਠਾ ਸੱਕਦੇ ਹਾਂ, ਜੇ ਤੂੰ ਅਖੇ ਕਿ ਮੈਂ (ਸਤਿਗੁਰੂ) ਰਾਮ ਸਿੰਘ ਦਾ ਪੁੱਤਰ ਨਹੀਂ, ਜੋਧੇ ਦਾ ਪੁੱਤਰ ਹਾਂ। "ਇਸ ਪਰ ਆਪ ਨੇ ਫੁਰਮਾਇਆ ਕਿ ਜਗਹਾ ਦਿਉ ਜਾਂ ਨਾ ਦਿਉ, ਮੈਂ ਪੁੱਤਰ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਹੀ ਹਾਂ, ਜਿਹਨਾਂ ਮੈਨੂੰ ਆਤਮਿਕ ਮੰਡਲ ਦਾ ਜੀਵਨ ਪ੍ਰਦਾਨ ਕੀਤਾ ਹੈ।"[11]

ਸੰਤ ਸੱਦਾ ਸਿੰਘ ਹੋਰਾਂ ਦੀ ਸਥਿੱਤੀ, ਹੀਰ ਦੇ ਉਸ ਜੁਆਬ ਵਰਗੀ ਸੀ, ਜੋ ਖੇੜਿਆਂ ਨਾਲ ਵਿਆਹ ਦੀ ਪ੍ਰਵਾਨਗੀ ਲੈਣ ਲਈ, ਕਾਜੀ ਦੇ ਮਜਬੂਰ ਕਰਨ ਤੇ ਉਸ ਦਿੱਤਾ ਸੀ-

"ਮੈਂ ਤੇ ਰਾਂਝਣ ਨਿਹੁੰ ਚਿਰੋਕਾ ਜਾਂ ਸਾਹਿਬ ਖ਼ਲਕਤ ਸਾਜ਼ੀ॥
ਰੱਬ ਨਿਕਾਹ ਦਿਲਾਂ ਦੇ ਬੱਧੇ, ਤੂੰ ਕੇ ਕਰਸੈ ਕਾਜ਼ੀ?
—(ਦਮੋਦਰ ਕ੍ਰਿਤ ਕਿੱਸਾ ਹੀਰ)

ਆਪਣੇ ਘਰ ਪੁੱਤਰ ਹੋਣ ਦੀ ਖੁਸ਼ੀ ਵਿਚ ਭਾਈ ਅਤਰ ਸਿੰਘ ਲੋਹਗੜ੍ਹ ਹੋਰਾਂ ਜਦੋਂ ਸਰਕਾਰ ਤੋਂ ਮਨਜ਼ੂਰੀ ਲੈ ਕੇ ਅਖੰਡ ਪਾਠ ਕਰਵਾਉਣੇ ਚਾਹੇ ਸਨ ਤਾਂ ਉਹਨਾਂ ਨੇ ਬਾਬਾ ਸੱਦਾ ਸਿੰਘ ਕਬੀਰ ਜੀ ਦੇ ਜਥੇ ਦੇ ਸਿੰਘਾਂ ਨੂੰ ਹੀ ਬੇਨਤੀ ਕੀਤੀ ਸੀ ਕਿ ਇਹ ਕਾਰਜ ਤੁਸੀਂ ਆ ਕੇ ਆਪਣੇ ਜਥੇ ਸਮੇਤ ਸਿਰੇ ਚਾਹੜੋ। ਕਬੀਰ ਜੀ ਦਾ ਜੱਥਾ ਸਾਰੇ ਪ੍ਰਮੁੱਖ ਛੂਤੀਏ ਸਿੰਘਾਂ ਸਮੇਤ ਇਸ ਅਵਸਰ ਤੇ ਲੋਹਗੜ੍ਹ ਗਿਆ ਅਤੇ ਅਖੰਡ ਪਾਠ ਆਰੰਭ ਕੀਤੇ। ਬਾਰਵਰਟਨ ਪੁਲੀਸ ਕਪਤਾਨ ਲੁਧਿਆਣਾ ਦੀ ਕੁਟਿਲ ਨੀਤੀ ਕਾਰਨ ਛੋਟੇ ਮੋਟੇ ਬਹਾਨੇ ਘੜ ਕੇ ਘਰ ਵਾਲੇ ਸਿੰਘ ਸਮੇਤ ਇਹ ਸਾਰਾ ਜਥਾ ਗ੍ਰਿਫਤਾਰ ਕੀਤਾ ਗਿਆ ਸੀ। ਮਾਘੀ ਯਾਨੀ ਕਿ ਜਨਵਰੀ ੧੮੭੫ ਈ. ਵਿਚ ਮੁਕੱਦਮਾ ਚੱਲ ਕੇ ਸਿੰਘਾਂ ਨੂੰ ਸਜ਼ਾਵਾਂ ਹੋਈਆਂ। ਭਾਈ ਅਤਰ ਸਿੰਘ ਜੀ ਜਿਹਲ ਜੀਵਨ ਦੀ ਸਥਿਤੀ ਨਾ ਬਰਦਾਸ਼ਤ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹਨਾਂ ਦੀ ਮ੍ਰਿਤਕ ਦੇਹ ਵੀ ਨਾ ਪਰਿਵਾਰ ਨੂੰ ਵਿਖਾਈ ਗਈ ਅਤੇ ਸਿਰਫ ਜਿਹਲ ਦੇ ਇਕ ਖੂੰਜੇ ਜਲ ਰਹੀ ਚਿਤਾ ਵਿਖਾ ਦਿੱਤੀ ਗਈ। ਸਰਕਾਰ ਨੂੰ ਅਖੰਡ ਪਾਠਾਂ ਦੇ ਅਵਸਰ ਤੇ ਇਕੱਤਰ ਹੋਣ ਵਾਲੇ ਕੂਕਿਆਂ ਦੀਆਂ ਧਾਰਮਿਕ ਕਾਰਵਾਈਆਂ ਵਿਚੋਂ ਵੀ ਬਗਾਵਤ ਦੀ ਬੋ ਆਇਆ ਕਰਦੀ ਸੀ। ਜਿਹਲ ਵਿਚ ਕੈਦ ਸਿੰਘਾਂ ਨੂੰ ਅਠਾਰਾਂ ਅਠਾਰਾਂ ਸੇਰ ਪੱਕੀ ਕਣਕ ਰੋਜ਼ਾਨਾ ਹੱਥ ਚੱਕੀ ਨਾਲ ਪੀਹਣੀ ਪੈਂਦੀ ਸੀ। "ਇਹਨਾਂ ਦੁੱਖਾਂ ਦੀ ਯਾਦ ਨਾਲ ਸੰਤ ਹਰਨਾਮ ਸਿੰਘ ਜੀ ਛੂਤੀਏ ਅੱਜ ਵੀ ਰੋ ਪਿਆ ਕਰਦੇ ਸਨ, ਜਿਹੜੇ ਕਿ ਸੰਨ ੧੯੩੯ ਈ. ਤੀਕ ਸ੍ਰੀ ਭੈਣੀ ਸਾਹਿਬ ਰਹਿੰਦੇ ਹੋਏ ਸਵਰਗ-ਵਾਸ ਹੋ ਗਏ ਸਨ।"

"ਖੁਰਾਕ ਕੋਈ ਦੇਣੀ ਨਾ, ਮੁਸ਼ੱਕਤ ਪੂਰੀ ਲੈਣੀ। ਦਾਦ ਫਰਿਆਦ ਸੁਣਨ ਵਾਲਾ ਕੋਈ ਨਾ। ਨਾ ਉਹਨਾਂ ਦਿਨਾਂ ਵਿਚ ਕੋਈ ਕੌਮੀ ਅਖਬਾਰ ਸੀ, ਨਾ ਕੋਈ ਰਾਜਸੀ ਲਹਿਰ ਸੀ, ਜੋ ਇਹਨਾਂ ਜ਼ੁਲਮਾਂ ਦੇ ਖ਼ਿਲਾਫ਼ ਆਵਾਜ਼ ਉਠਾਏ। ਅੱਜ ਇਸ ਜਾਗ੍ਰਤੀ ਦੇ ਯੁੱਗ ਵਿਚ (੧੯੪੧ ਈ.), ਭਾਰਤ ਦੀਆਂ ਜਿਹਲਾਂ ਨੂੰ ਨਰਕ ਕਿਹਾ ਜਾਂਦਾ ਹੈ, ਉਸ ਜ਼ਮਾਨੇ ਵਿਚ ਤੇ ਉਹ ਨਰਕ ਨਾਲੋਂ ਵੀ ਬਹੁਤੀਆਂ ਭਿਆਨਕ ਸਨ। ਜਿਹਨਾਂ ਦੇ ਦੁੱਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ "ਸੰਤ-ਸਿਪਾਹੀ" ਭਾਣੇ ਅੰਦਰ ਰਹਿ ਕੇ ਬਰਦਾਸ਼ਤ ਕਰਦੇ ਰਹੇ। ਮਾਂਦੇ ਪੈ ਗਏ, ਪਰ ਹੌਂਸਲਾ ਨਾ ਹਾਰਿਆ। ਕਈਆਂ ਨੂੰ ਭਿਆਨਕ ਬੀਮਾਰੀਆਂ ਚੰਬੜ ਗਈਆਂ,

NamdhariElibrary NamdhariElibrary@gmail

ਪਰ ਸੁਦੇਸ਼ੀ ਦੇ ਆਸ਼ਕਾਂ ਨੇ, ਵਿਦੇਸ਼ੀ ਦੁਆਈਆਂ ਨੂੰ ਡਾਕਟਰਾਂ ਦੇ ਜ਼ੋਰ ਦੇਣ ਤੇ ਵੀ ਮੂੰਹ ਨਾ ਲਾਇਆ। ਕਿਉਂਕਿ ਉਹ ਉਹਨਾਂ ਦੇ ਧਰਮ ਦੇ ਖ਼ਿਲਾਫ਼ ਸਨ, ਉਹਨਾਂ ਦੀ ਆਦਤ ਦੇ ਖ਼ਿਲਾਫ਼ ਸਨ, ਉਹਨਾਂ ਦੇ ਮਿਜ਼ਾਜ ਦੇ ਖਿਲਾਫ਼ ਸਨ।"[12]

ਬਾਬਾ ਜੀ ਨੂੰ ਲੋਹਗੜ੍ਹ ਵਿਖੇ ਕੂਕੇ ਬਾਗੀਆਂ ਦੇ ਘਰ ਅਖੰਡ ਪਾਠ ਕਰਨ ਤੇ, ਮਹਾਰਾਜਾ ਪਟਿਆਲਾ ਨੇ ਬਹੁਤ ਚਿਰ ਤੱਕ ਆਪਣੇ ਪਿੰਡ ਵਿਚ ਨਜ਼ਰਬੰਦ ਰੱਖਿਆ। ਜਥੇ ਦੇ ਸਿੰਘ ਰਿਹਾ ਹੋਣ ਤੋਂ ਬਾਅਦ ਬਾਬਾ ਜੀ ਪਾਸ ਪਿੰਡੋਂ ਬਾਹਰ ਉਹਨਾਂ ਦੇ ਇਕ ਖੂਹ ਤੇ ਆ ਗਏ। ਇੱਥੇ ਬਾਬਾ ਜੀ ਨੇ ਆਪਣੇ ਅੰਤ ਸਮੇਂ ਤੱਕ ਕੋਈ ਤੀਹ ਸਾਲ ਡੇਰਾ ਰੱਖਿਆ। ਇਸਨੂੰ ਲੋਕੀਂ ੧੯੪੭ ਈ. ਤੱਕ ਤਾਂ ਕੂਕਿਆਂ ਦਾ ਖੂਹ ਹੀ ਕਹਿੰਦੇ ਸਨ। ਬਾਬਾ ਜੀ ਇੱਥੇ ਗਊਆਂ ਲਵੇਰੀਆਂ ਰੱਖਦੇ। ਸੰਗਤ ਕਾਫੀ ਹੋ ਗਈ ਸੀ। ਅੱਠੇ ਪਹਿਰ ਗੁਰੂ ਕਾ ਅਤੁੱਟ ਲੰਗਰ ਚੱਲਦਾ ਸੀ। ਭਜਨ-ਬਾਣੀ ਅੱਠੇ ਪਹਿਰ ਹੁੰਦਾ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪ੍ਰਚਾਰ ਤਤਪਰਤਾ ਨਾਲ ਕੀਤਾ ਜਾਂਦਾ। ਆਪ ਦੇ ਪਾਸ ਰਹਿਣ ਵਾਲੇ ਸਿੰਘਾਂ ਨੇ ਜਿਵੇਂ ਪਹਿਲਾਂ ਦੱਸਿਆ ਗਿਆ ਹੈ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਵੀ ਲੰਗਰ ਵਿਚ ਪਾ ਦਿੱਤੀ। ਬਾਬਾ ਸਾਹਿਬ ਸਿੰਘ, ਸਿੱਧੂ ਸਰਦਾਰ, ਭੰਮਾ ਬੁੱਧੀ ਵਾਲਿਆਂ ਦੇ ਰਾਜਾ ਨਾਭਾ ਹੀਰਾ ਸਿੰਘ ਨਾਲ ਚੰਗੇ ਸਬੰਧ ਸਨ। ਜਿਸ ਕਰਕੇ ਉਹਨਾਂ ਆਪ ਦੀ ਜ਼ਬਤ ਭੂਮੀ ਅਤੇ ਪੈਨਸ਼ਨ ਦੁਬਾਰਾ ਬਹਾਲ ਕਰਵਾ ਦਿੱਤੀ ਰਾਜਾ-ਸੰਗਰੂਰ ਨੂੰ ਕਹਿ ਕੇ। ਉਸ ਜ਼ਮੀਨ ਦੇ ਕੁਝ ਹਿੱਸੇ ਦੀ ਵਿਕਰੀ ਦਾ ਤਿੰਨ ਹਜ਼ਾਰ ਰੁਪੈ ਬਾਬਾ ਸਾਹਿਬ ਸਿੰਘ ਨੇ ਖੂਹ ਵਾਲੇ ਲੰਗਰ ਵਿਚ ਪਾ ਦਿੱਤਾ। ਆਪ ਦੀ ਪੈਨਸ਼ਨ ਵੀ ਖੂਹ ਤੇ ਹੀ ਆਉਂਦੀ। ਬਾਬਾ ਲਾਲ ਸਿੰਘ ਸਿਆਹੜ ਵਾਲਿਆਂ, ਜਿਹਨਾਂ ਦੇ ਘਰ ਸਾਕਾ ਮਲੇਰਕੋਟਲਾ ਸਮੇਂ ਸਤਿਗੁਰੂ ਰਾਮ ਸਿੰਘ ਜੀ ਟਿਕੇ ਸਨ, ਲੰਬੜਦਾਰੀ ਛੱਡ ਕੇ ਆਪਣੀ ਜ਼ਮੀਨ ਤੇ ਘਰਬਾਰ ਵੇਚ ਕੇ ਤਿੰਨ ਹਜ਼ਾਰ ਰੁਪੈ ਇਸੇ ਲੰਗਰ ਵਿਚ ਪਾਏ ਸਨ। ਇਹ ਸਿੰਘ ਚੰਗੇ ਪਾਠੀ ਸਨ। ਪਾਠਾਂ ਦੀ ਮਾਇਆ ਵੀ ਲੰਗਰ ਵਿਚ ਪਾ ਦਿੰਦੇ ਸਨ। ਬਾਬਾ ਕਿਸ਼ਨ ਸਿੰਘ ਛੂਤੀਆ ਨੇ ਪਾਠਾਂ ਦੁਆਰਾ ਨਾ ਸਿਰਫ ਦੋ ਹਜ਼ਾਰ ਖੂਹ ਵਾਲੇ ਲੰਗਰ 'ਚ ਪਾਏ ਸਗੋਂ ਦਸ ਹਜ਼ਾਰ ਰੁਪੈਆ ਭੈਣੀ ਸਾਹਿਬ ਦੇ ਲੰਗਰ ਵਿਚ ਵੀ ਪਾਇਆ। ਇਹ ਸਾਰੇ ਕਿਰਤੀ ਸਿੰਘ ਸਨ। ਦਸਾਂ ਨਹੁੰਆਂ ਦੀ ਕਿਰਤ ਕਮਾਈ ਸਾਂਝੇ ਲੰਗਰ ਵਿਚ ਪਾ ਦਿੰਦੇ ਸਨ। ਭਾਈ ਬਾਹੋਵਾਲ ਦੇ ਗ੍ਰੰਥ ਵਿਚੋਂ ਵੀ ਛੂਤੀਏ ਸਿੰਘਾਂ ਦੇ ਇਸ ਸਮੂਹਿਕ ਲੰਗਰ ਲਈ, ਜ਼ਮੀਨ ਜਾਇਦਾਦ ਵੇਚਣ ਦੇ ਵੇਰਵੇ ਦਰਜ਼ ਹਨ। "ਜੇਹੜਾ ਕੂਕਾ ਹੋਇਆ ਸੋ ਘਰ ਕੇ ਕੰਮੋਂ ਗਿਆ। ਕੋਲੋਂ ਮੁਕਬਲ ਨੇ ਕਹਾ ਕਿ ਜ਼ਮੀਨਾਂ ਬੇਚ ਕੇ ਕੱਠਾ ਤੂੰਮਲ ਹੋਇਆ ਫਿਰਦਾ ਹੈ। ਮਲੇਰਕੋਟਲੇ ਮਾਂਗੂੰ ਗਲਬਾ ਕਰੇਂਗੇ।"[13]

ਗੁਰੂ ਹਰੀ ਸਿੰਘ ਜੀ ਭੈਣੀ ਸਾਹਿਬ ਗੁਰਗੱਦੀ ਉਤੇ ਬਿਰਾਜਣ ਸਮੇਂ ਹੀ, ਸਤਿਗੁਰੂ ਰਾਮ ਸਿੰਘ ਜੀ ਦੇ ਦੋਹਤੇ, ਬੀਬੀ ਨੰਦਾ ਦੇ ਵੱਡੇ ਪੁੱਤਰ ਬਸੰਤ ਸਿੰਘ ਦੇ ਅਨੰਦ ਕਾਰਜ ਲਈ ਦੁਆਬੇ ਦੇ ਕੂਕਿਆਂ ਦੇ ਪ੍ਰਸਿੱਧ ਪਿੰਡ ਦੁਰਗਾਪੁਰ (ਨਵਾਂਸ਼ਹਿਰ) ਗਏ ਸਨ। ਉਸ ਸਮੇਂ ਭਾਈ ਸੱਦਾ ਸਿੰਘ ਵੀ ਉਥੇ ਸਨ। ਉਹਨਾਂ ਨੇ ਦੁਰਗਾਪੁਰ ਦੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦ ਛਕਣ ਦੀ ਬਜਾਏ ਆਪਣੇ ਜਥੇ ਦਾ ਅਲੱਗ ਲੰਗਰ ਸਾਜਿਆ। ਉਥੇ ਹੀ ਉਹਨਾਂ ਦੀ ਅੱਲ ਛੂਤੀਏ ਪੈ ਗਈ ਸੀ। ਭਾਈ ਬਾਹੋਵਾਲ ਲੋਹਗੜ੍ਹ ਵਾਲੀ ਘਟਨਾ ਨੂੰ ਗੁਰੂ ਹਰੀ ਸਿੰਘ ਜੀ ਦੇ ਇਕ ਭਵਿੱਖ ਵਾਕ ਨਾਲ ਜੋੜ ਕੇ ਵੀ ਸ਼ਰਧਾਲੂ ਸਿੱਖਾਂ ਜਿਉਂ ਵੇਖਦੇ ਹਨ- "ਗੁਰੂ ਜੀ ਬਚਨ ਕੀਤਾ ਗੁਰੂ ਕੇ ਲੰਗਰ ਕਾ ਤੇ ਨਹੀਂ ਛਕਿਆ ਜਾਉ ਪਿਆਲਿਆਂ ਮੈਂ (ਜਿਹਲ ਦੇ ਬਰਤਨਾਂ ਵਿਚ) ਛਕੋਗੇ।"[14] ਗੁਰੂ ਕੇ ਸਿੰਘਾਂ ਨਾਲ ਹਰਖ ਸੋਗ ਦੇ ਬਹੁਤ ਕਉਤਕ ਵਾਪਰਦੇ ਰਹਿੰਦੇ ਹਨ।

ਜਿਸ ਦਿਨ ਜਨਵਰੀ ੧੯੮੩ ਦੇ ਅਖੀਰ ਵਿਚ ਗੋਂਦੇ ਸਿਪਾਹੀ ਦੇ ਕਤਲ ਬਾਅਦ ਭੈਣੀ ਸਾਹਿਬ ਡੇਰੇ ਤੇ ਪਹਿਲਾਂ ਸਖਤੀ ਰਹੀ ਫਿਰ ਨਰਮਾਈ ਹੋ ਗਈ। ਇਸ ਸਮੇਂ "ਗੁਰੂ ਜੀ ਹਰਿਮੰਦਰ ਪਰ ਬੈਠੇ। ਸਭ ਸਿੰਘਾਂ ਨੇ ਆਇ ਦਰਸ਼ਨ ਕੀਤਾ ਮਾਨੋ ਚੰਦਰਮਾ ਕੋ ਪਰਿਵਾਰ ਲੱਗਾ ਹੈ। ਦੀਦਾਰ ਕਰਕੇ ਸਿੰਘ ਹਰੇ ਹੁੰਦੇ ਹੈਂ। ਬਚਨ ਬਿਲਾਸ ਖੁਸ਼ੀ ਕੇ ਕਰਦੇ ਹੈਂ। ਦੀਵਾਨ ਸਿੰਘਾਂ ਦਾ ਲੱਗਿਆ ਹੈ। ਧੰਨ ਸਤਿਗੁਰੂ ਰਾਮ ਸਿੰਘ ਜੀ ਹੈਂ ਸਰਬ ਜੀਆਂ ਪਰ ਰੱਛਿਆ ਕੀਤੀ ਹੈ। ਛੂਤੀਏ ਸਿੰਘ ਭੀ ਜੋ ਫੜੇ ਸੇ ਆਏ। ਗੁਰੂ ਮਹਾਰਾਜ ਜੀ ਕਾ ਦਰਸ਼ਨ ਕੀਤਾ। ਰਾਤ ਸੁੱਖ ਸਾਂਦ ਨਾਲ ਕੱਟੀ। ਦਿਨ ਚੜ੍ਹੇ ਤੁਰਕਾਂ ਨੇ ਕਰੜਾਈ ਕੀਤੀ। ਦਸ ਲਿਖਣੇ ਤੇ ਦਸ ਕੱਢਣੇ। ਵਾਧੂ ਸਿੰਘ ਸਭ ਤੋਰ ਦਿੱਤੇ। ਸਾਰੀ ਸੰਗਤ ਮੈਂ ਖਵਰਾਂ ਹੋਈਆਂ ਕਿ ਭਾਣਾ ਵਰਤਿਆ ਸੀ ਪਰ ਸੁਖ ਕੀਤੀ ਹੈ ਗੁਰੂ ਜੀ। ਖੂਨ ਪਟੜੀ ਸੇ ਬਾਹਰ ਹੋਣੇ ਕਰਕੇ ਰਛਿਆ ਹੋਈ ਹੈ।"[15] ੭-੮ ਸਾਲਾਂ ਬਾਅਦ ਗੁਰੂ ਹਰੀ ਸਿੰਘ ਜੀ ਅਤੇ ਗੁਰਦੁਆਰਾ ਭੈਣੀ ਸਾਹਿਬ ਦੇ ਆਈ ਬਿਪਤਾ ਤੋਂ ਰਛਿਆ ਹੋਣ ਬਾਅਦ, ਬਾਬਾ ਸੱਦਾ ਸਿੰਘ ਅਤੇ ਛੂਤੀਏ ਸਿੰਘ ਦਰਸ਼ਨਾਂ ਨੂੰ ਆਉਂਦੇ ਹਨ। ਗੁਰਦੁਆਰਾ ਭੈਣੀ ਸਾਹਿਬ ਨੂੰ ਦੋ ਵੇਰ ਫਰੰਗੀ ਸਰਕਾਰ ਨੇ ਬਾਹੋਵਾਲ ਜੀ ਮੁਤਾਬਿਕ ਤੋਪਾਂ ਨਾਲ ਉਡਾਉਣ ਦਾ ਮਨ ਬਣਾਇਆ ਸੀ। ਦੋਵੇਂ ਵੇਰ ਤੋਪਾਂ ਕੁਹਾੜੇ ਦੇ ਮੁਕਾਮ ਤੇ ਬੀੜੀਆਂ


NamdhariElibrary NamdhariElibrary@gmail.com

ਗਈਆਂ ਸਨ। ਪਹਿਲਾਂ ਸਾਕਾ ਮਲੇਰਕੋਟਲਾ ਸਮੇਂ ਅਤੇ ਫਿਰ ਇਸ ਤੋਂ ੧੧ ਸਾਲ ਬਾਅਦ ਭਗਵਾਨ ਸਿੰਘ ਅੜਬੰਗੀ ਦੁਆਰਾ ਪੁਲੀਸ ਚੌਕੀ ਭੈਣੀ ਸਾਹਿਬ ਦੇ ਜ਼ਾਲਮ ਸਿਪਾਹੀ ਗੇਂਦੇ ਦੀ ਸੁਧਾਈ ਸਮੇਂ। ਪਰ ਦੋਵੇਂ ਵੇਰ ਇਹ ਝੱਖੜ ਉਠ ਕੇ ਸ਼ਾਂਤ ਹੋ ਜਾਂਦਾ ਰਿਹਾ। ਸੋ ਐਸੇ ਨਾਜ਼ਕ ਸਮੇਂ ਗੁਰੂ ਪਿਆਰੇ ਛੂਤੀਏ ਸਿੰਘਾਂ ਦਾ ਡੇਰੇ ਭੈਣੀ ਸਾਹਿਬ ਪੁੱਜਣਾ ਜ਼ਰੂਰੀ ਸੀ।

ਭੰਮਾ ਬੱਧੀ ਵਾਲੀ ਬੀਬੀ ਰਾਮ ਕੌਰ ਵਿਚੋਂ ਬਾਬਾ ਸੱਦਾ ਸਿੰਘ ਜੀ ਦੇ ਘਰ, ਤਿੰਨ ਪੁੱਤਰ ਤੇ ਇਕ ਬੀਬੀ ਨੇ ਜਨਮ ਲਿਆ। ਪੁੱਤਰਾਂ ਦੇ ਨਾਂ ਕ੍ਰਮਵਾਰ ਕਿਰਪਾਲ ਸਿੰਘ, ਸਮੁੰਦ ਸਿੰਘ ਤੇ ਭਗਤ ਸਿੰਘ ਸਨ। ਸਮੁੰਦ ਸਿੰਘ ਭਗਤ ਸਿੰਘ ਦੋਵੇਂ ਬਿਹੰਗਮ ਵਿਚਰਦੇ ਰਹੇ ਅਤੇ ਮੇਲਿਆਂ ਵਿਚ ਲੰਗਰ ਦੀ ਸੇਵਾ ਕਰਦੇ ਰਹੇ। ਸੰਤ ਕਿਰਪਾਲ ਸਿੰਘ ਜੀ ਗ੍ਰਹਿਸਤੀ ਸਨ ਜਿਹਨਾਂ ਦੇ ਤਿੰਨ ਪੁੱਤਰ ਸਨ ਹਰਦਿਤ ਸਿੰਘ, ਗੁਰਮੁਖ ਸਿੰਘ ਤੇ ਗਿਆਨੀ ਬਲਵੰਤ ਸਿੰਘ ਜੀ। ਗਿਆਨੀ ਬਲਵੰਤ ਸਿੰਘ ਜੀ ਭੈਣੀ ਸਾਹਿਬ ਦੇ ਨਾਮਧਾਰੀ ਵਿਦਿਆਲੇ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਹਿਪਾਠੀ ਸਨ ਅਤੇ ਆਪ ਬੜੇ ਗੁਣੀ ਜਨ ਸਨ।[16]

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ ਵਿਚ, ਭਾਈ ਸੱਦਾ ਸਿੰਘ ਕਬੀਰ ਅਤੇ ਸੰਤ ਕਿਸ਼ਨ ਸਿੰਘ, ਹਰਨਾਮ ਸਿੰਘ ਛੂਤੀਏ ਸਿੰਘਾਂ ਬਾਰੇ ਬੜੀ ਸਟੀਕ ਜਾਣਕਾਰੀ ਦਰਜ ਹੈ। ਜਿਸਦਾ ਜ਼ਿਕਰ ਕੀਤੇ ਬਿਨਾਂ ਇਸ ਛੂਤੀਆਂ ਸ਼ਾਖਾ ਵਾਲੇ ਸਿੰਘਾਂ ਦੇ ਉੱਚ ਕਿਰਦਾਰ ਦਾ, ਪੂਰਾ ਅਵਲੋਕਨ ਸੰਭਵ ਨਹੀਂ। ਬਾਬਾ ਸਾਹਿਬ ਸਿੰਘ ਭੰਮਾਂ ਬੱਧੀ ਵਾਲੇ ਦੇ ਪਾਸ ਉੱਤਰ ਮਲੇਰਕੋਟਲਾ ਸਾਕਾ ਕਾਲ ਸਮੇਂ, ਲੋਹਗੜ੍ਹ ਦੇ ਛੂਤੀਏ ਸਿੰਘ ਭਾਈ ਸਰਦਾਰਾ ਸਿੰਘ ਹੋਰੀ ਵੀ ਜਾ ਟਿਕੇ ਸਨ। ਉਹਨਾਂ ਦਾ ਛੋਟਾ ਲੜਕਾ ਸੰਤ ਕਿਸ਼ਨ ਸਿੰਘ ਛੂਤੀਆ ਵੀ ਨਾਲ ਸੀ। ਰਿਆਸਤ (ਜੀਂਦ) ਸੰਗਰੂਰ ਦੀ ਜੋ ਸਖਤੀ ਉਹਨਾਂ ਸਿੰਘਾਂ ਨੇ ਝੱਲੀ ਉਸ ਦਾ ਵਰਣਨ ਸਤਿਗੁਰੂ ਜੀ ਦੇ ਉਪਦੇਸ਼ ਵਿਚ ਇਸ ਪ੍ਰਕਾਰ ਹੈ-

"ਉਸ ਵੇਲੇ ਜਿਹੜਾ ਕੋਈ ਰਈਸ ਸੀ, ਜਿਹੜਾ ਕੋਈ ਸਰਦਾਰ ਸੀ, ਜਿਹੜਾ ਕੋਈ ਮਹੰਤ ਸੀ, ਜਿਹੜਾ ਕੋਈ ਥੋੜੀ ਬਹੁਤ ਜਾਇਦਾਦ ਵਾਲਾ ਸੀ, ਉਹ ਸਭ ਅੰਗਰੇਜ਼ਾਂ ਦੇ ਹੁਕਮ ਵਿਚ ਚਲਦੇ ਸੀ। ਨਾਮਧਾਰੀ ਸਿੱਖ ਵਾਸਤੇ ਉਸ ਵੇਲੇ ਕੋਈ ਥਾਂ ਨਹੀਂ ਸੀ ਖੜੇ ਹੋਣ ਨੂੰ-ਪਟਿਆਲੇ ਦੇ ਰਾਜ ਵਿਚ। ਜਿਸ ਵੇਲੇ ਸਤਿਗੁਰਾਂ ਨੂੰ ਲੈ ਗਏ ਸਨ, ਜਿਹੜੇ ਰਿਆਸਤ ਦੇ ਸਿੱਖ ਸਨ, ਉਹਨਾਂ (ਕੂਕਿਆਂ) ਨੂੰ ਜਬਰਨ ਭੇਜ ਕੇ-ਕਿਸੇ ਨੂੰ ਅਕਾਲ ਬੁੰਗੇ ਭੇਜਿਆ, ਕਿਸੇ ਨੂੰ ਕਿਤੇ ਭੇਜਿਆ-ਉਹਨਾਂ ਨੂੰ ਜਬਰਨ ਫੜ-ਫੜ ਕੇ ਅੰਮ੍ਰਿਤ ਛਕ ਅੰਮ੍ਰਿਤ ਤੇ ਕੂਕਿਆਂ ਨੇ ਪਹਿਲਾਂ ਵੀ ਛਕਿਆ ਸੀ। ਹੁਣ ਉਹਨਾਂ ਦਾ ਕੂਕਪੁਣਾ ਕੱਢਣ ਲਈ ਦੂਜੇ ਸਿੱਖ ਤੀਰਥਾਂ ਤੇ ਬਣਿਆ ਅੰਮ੍ਰਿਤ ਜਬਰਨ ਛਕਾਉਂਦੇ ਸਨ, ਕਿਉਂਕਿ ਕੂਕਿਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਛਕਿਆ ਜਾਂ ਉਹਨਾਂ ਦੇ ਮਰਿਆਦਾ ਵਾਲਾ ਅੰਮ੍ਰਿਤ ਹੀ ਪ੍ਰਵਾਨ ਸੀ। ਉਹਨਾਂ ਕਿਹਾ, "ਸਾਡੇ ਰਾਜ ਵਿਚ ਕੋਈ ਕੂਕਾ ਨਹੀਂ-" ਕਿਉਂਕਿ ਅੰਗਰੇਜ਼ ਦੀ ਵਫ਼ਾਦਾਰੀ ਨਹੀਂ ਸੀ ਨਾ ਰਹਿ ਸਕਦੀ, ਰਾਜਿਆਂ ਦਾ ਰਾਜ ਨਹੀਂ ਸੀ ਰਹਿ ਸੱਕਦਾ। ਜੋ ਉਥੇ ਨਾਮਧਾਰੀ ਸਿੱਖਾਂ ਨਾਲ ਹੋਇਆ, ਕੋਈ ਵਕਤ ਆਵੇਗਾ ਇਤਿਹਾਸ ਦੱਸੇਗਾ। ਹੁਣ ਤਾਂ ਉਹ ਸਰੀਰ ਹੀ ਨਹੀਂ ਰਹਿ ਗਏ, ਜਿਨ੍ਹਾਂ ਨੇ ਉਹ ਹਾਲਤਾਂ ਵੇਖੀਆਂ, ਜਿਹੜੇ ਸਾਨੂੰ ਦੱਸਦੇ ਸੀ। ਅੱਠ-ਅੱਠ, ਨੌਂ-ਨੌਂ ਸਾਲ ਦੇ ਲੜਕੇ, ਸੰਤ ਕ੍ਰਿਸ਼ਨ ਸਿੰਘ ਜੀ ਛੂਤੀਏ, ਜਿਨ੍ਹਾਂ ਦੀ ਸੱਤ ਸਾਲ ਜਾਂ ਛੇ ਸਾਲ ਦੀ ਉਮਰ ਸੀ-ਇਹਨਾਂ ਨੂੰ, ਇਹਨਾਂ ਦੇ ਪਿਤਾ ਨੂੰ, ਇਹਨਾਂ ਦੇ ਭਰਾਵਾਂ ਨੂੰ, ਇਹਨਾਂ ਦੇ ਸਾਥੀਆਂ ਨੂੰ-ਰਿਆਸਤ ਸੰਗਰੂਰ ਵਿਚ ਭੰਬਾਬੱਧੀ ਇਹ ਰਹਿੰਦੇ ਸਨ-ਕਾਠ ਮਾਰੇ ਸਨ। ਉਹਨਾਂ ਦਿਨਾਂ 'ਚ ਇਕ ਲੱਕੜ ਦਾ ਕਾਠ ਹੁੰਦਾ ਸੀ, ਜਿਹੜਾ ਲੱਤ ਵਿਚ ਮਾਰ ਕੇ ਫਾਨਾ ਠੋਕ ਦਿੰਦੇ ਸਨ। ਮੈਨੂੰ ਉਹਨਾਂ ਨੇ ਸੁਣਾਇਆ- ਛੋਟੀ ਉਮਰ ਸੀ, ਪਿਤਾ ਜੀ ਨਾਲ ਸਨ, ਭੁੱਖ ਲੱਗ ਆਈ ਚਾਰ ਪਹਿਰ, ਛੇ ਪਹਿਰ ਲੰਘ ਗਏ-"ਪਿਤਾ ਜੀ ਭੁੱਖ ਲੱਗੀ ਹੈ।" (ਪਿਤਾ ਜੀ) ਕਹਿੰਦੇ ਨੇ, "ਭਾਈ, ਭਜਨ ਕਰ।"

"ਸੁਣਦਾ ਤੇ ਕੋਈ ਹੈ ਨਹੀਂ ਸੀ। ਫੇਰ ਆਖਿਆ, "ਭੁੱਖ ਲੱਗੀ ਹੈ।" ਇਤਨੇ ਚਿਰ ਨੂੰ ਇਕ ਮਾਈ ਆਈ ਕੋਈ ਬਾਹਰੋਂ, ਜਿਹਨੂੰ ਕੋਈ ਨਹੀਂ ਸੀ ਜਾਣਦਾ। ਉਸਨੇ ਪੰਜ-ਪੰਜ ਸੌ ਗਾਲ ਉਹਨਾਂ ਸਾਰਿਆਂ ਨੂੰ ਪੁਲਿਸ ਵਾਲਿਆਂ ਨੂੰ ਤੇ ਅਫਸਰਾਂ ਨੂੰ ਕੱਢੀ। ਉਸਨੇ ਕਹਿ ਕੇ ਸਿੱਖ ਛੁਡਵਾਏ, "ਤੁਹਾਡਾ ਕੱਖ ਨਹੀਂ ਰਹਿਣਾ-ਤੁਸੀਂ ਇਹਨਾਂ ਨੂੰ ਕਿਉਂ ਮਾਰਦੇ ਹੋ?" ਉਸੇ ਵੇਲੇ ਉਹਨਾਂ ਸਾਰਿਆਂ ਦੀਆਂ ਬੇੜੀਆਂ ਲੁਹਾ ਦਿੱਤੀਆਂ।"[17]

ਸਿੱਖੀ ਦੇ ਗੋਹਜ ਰਹੱਸ ਦੀਆਂ ਕਈ ਸਾਖੀਆਂ ਬਚਨ ਸਮਝਾਉਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਮਿਸਾਲਾਂ ਦਿਆ ਕਰਦੇ ਸਨ। ਸਤਿਗੁਰੂ ਰਾਮ ਸਿੰਘ ਜੀ ਨੂੰ ਲੋਕ ਵੱਖ-ਵੱਖ ਸੰਬੋਧਨਾਂ ਨਾਲ ਬੁਲਾਉਂਦੇ ਸਨ। ਇਸ ਪਰਥਾਇ ਛੂਤੀਏ ਸੰਤ ਹਰਨਾਮ ਸਿੰਘ ਹੋਰਾਂ ਨਾਲ ਇਕ ਉਪਦੇਸ਼ ਵਿਚ, ਸਤਿਗੁਰੂ ਰਾਮ ਸਿੰਘ ਜੀ ਦਾ ਫੁਰਮਾਨ ਅੰਕਿਤ ਕਰਦੇ ਹਨ-

"ਇਕ ਦਿਨ ਬਚਨ, ਹਰਨਾਮ ਸਿੰਘ ਹੁਰੀਂ ਛੂਤੀਏ, ਕਿਸ਼ਨ ਸਿੰਘ ਹੁਰਾਂ ਦੇ ਭਰਾ ਲੱਗੇ ਸੁਣਾਉਣ। ਸਤਿਗੁਰ ਕਹਿੰਦੇ ਨੇ, "ਜੇ

NamdhariElibrary NamdhariElibrary@gm

ਤਾਂ ਕੋਈ ਮੈਨੂੰ ਯਾਰ ਕਰਕੇ ਕਲਪੂ-ਤਾਂ ਮੈਂ ਉਹਦੀ ਕੁਲ ਵਿਚ ਯਾਰੀ ਕਰ ਦੇਊਂ, ਜੇ ਮੈਨੂੰ ਕੋਈ ਚੋਰ ਕਰਕੇ ਕਲਪੂ-ਤੇ ਉਹਨੂੰ ਚੋਰੀ ਕਰ ਦੇਊ ਉਹਦੀ ਕੁਲ ਵਿਚ, ਜੇ ਮੈਨੂੰ ਕੋਈ ਸੰਤ ਜਾਣ ਤੇ ਕਲਪੂ ਤਾਂ-ਸੰਤ ਕਰ ਦੇਊਂ, ਜੇ ਮੈਨੂੰ ਕੋਈ ਗੁਰੂ ਜਾਣ ਕੇ ਕਲਪੂ ਤਾਂ ਉਹਦਾ ਪਾਰ ਉਤਾਰਾ ਕਰ ਦੇਊਂ-ਤੇ ਅਕਾਲ ਪੁਰਖ ਮੈਂ ਹਾਂ ਈ।" ਹੁਣ ਇਹ ਬਚਨ ਮਨੁੱਖ ਨੂੰ ਕਿਸ ਤਰ੍ਹਾਂ ਦੱਸੀ ਏ, ਜਿਨੀ-ਜਿਨੀ ਕਿਸੇ ਨੂੰ ਸਮਝ ਹੈ।"[18]

ਸਾਹ ਸਤ ਹੀਣ ਹੋਈ ਕੌਮ ਨੂੰ ਮੁੜ ਪੈਰਾਂ ਸਿਰ ਕਰਨ ਲਈ, ਉਸਦਾ ਆਤਮ ਸਨਮਾਨ ਜਗਾਉਣ ਲਈ, ਇਸ ਤੋਂ ਘੱਟ ਸਤਿਗੁਰੂ ਜੀ ਦੀ ਸਿੱਖਿਆ, ਉਸ ਸਮੇਂ ਵਿਚ ਕਾਰਗਰ ਨਹੀਂ ਹੋ ਸੱਕਦੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਵਿਚ, ਗੁਰੂ ਚਰਨਾਂ ਤੇ ਪ੍ਰਤੀਤ ਦੀ ਬਖਸ਼ਿਸ਼ ਬੇਜੋੜ ਸੀ। ਛੂਤੀਏ ਸਿੰਘਾਂ ਦੇ ਹਵਾਲੇ ਨਾਲ, ਸਤਿਗੁਰੂ ਪ੍ਰਤਾਪ ਸਿੰਘ ਜੀ, ਇਸ ਵੱਡੀ ਪ੍ਰਾਪਤੀ ਨੂੰ ਆਪਣੇ ਸ਼ਬਦਾਂ ਨਾਲ ਇਉਂ ਮਹਿਮਾ ਮੰਡਿਤ ਕਰਦੇ ਹਨ-

"ਉਹਨਾਂ ਵਾਸਤੇ ਗੁਰੂ ਸਾਹਿਬ ਨੇ ਲਿਖਿਆ ਹੈ-

ਤਿਨਾ ਝਾਕ ਨ ਹੋਰ

ਜੇ ਕਰਿ ਦੂਜਾ ਦੇਖਦੇ ਜਨ ਨਾਨਕ ਕਢਿ ਦਿਚੰਨਿ

੫੦੪, ਪੰਨਾ ੧੩੧੮

ਜੇ ਕਿਸੇ ਦੂਏ ਵਲ ਝਾਕਦੀਆਂ ਹਨ ਤਾਂ ਮੇਰੀਆਂ ਅੱਖਾਂ ਕੱਢ ਦਿੱਤੀਆਂ ਜਾਣ। ਉਹਨਾਂ ਨੇ ਨਹੀਂ ਕੋਈ ਪਾਸਾ ਹੋਰ ਤੱਕਿਆ ਸੀ। ਬਾਬਾ ਸਾਹਿਬ ਸਿੰਘ, ਇਕ ਲੋਹਗੜ੍ਹ ਪਿੰਡ ਵਿਚ ਰਹਿੰਦੇ ਸਨ, ਲੁਧਿਆਣੇ ਦੇ ਜ਼ਿਲ੍ਹੇ 'ਚ, ਜਨਮ ਭੰਮਾ ਬੱਧੋ ਦਾ ਸੀ। ਲੋਹਗੜ੍ਹ ਵਿਚ ਸੰਤ ਮਸਤੂਆਣੀਏ ਆਏ। ਦੀਵਾਨ ਲਾਉਂਦੇ ਰਹੇ, ਖਵਰੇ ਉਨੀ ਦਿਨ ਕੇ ਬਾਈ ਦਿਨ ਰਹੇ। (ਬਾਬਾ ਸਾਹਿਬ ਸਿੰਘ ਜੀ) ਕਹਿੰਦੇ-ਬਿਨਾਂ ਸਤਿਗੁਰੂ ਰਾਮ ਸਿੰਘ ਜੀ ਸਾਧ ਸੰਗਤ ਤੋਂ ਦੀਵਾਨ ਨਹੀਂ ਸੁਣਨ ਜਾਣਾ।"[19]

ਬੇਸ਼ਕ ਸੰਤ ਅਤਰ ਸਿੰਘ ਜੀ ਮਹਾਰਾਜ ਪਹੁੰਚੀ ਹੋਈ ਸ਼ਖਸ਼ੀਅਤ ਸਨ ਪਰ ਸੰਤ ਸਾਹਿਬ ਸਿੰਘ ਜੀ ਦੇ ਜਿਸ ਹਿਰਦੇ ਵਿਚ ਸਤਿਗੁਰੂ ਰਾਮ ਸਿੰਘ ਵੱਸ ਚੁੱਕੇ ਸਨ, ਉਹ ਉਸ ਦੀਵਾਨ ਵਿਚ ਕਿਵੇਂ ਜਾਂਦੇ ਜਿਸ ਵਿਚ ਉਹਨਾਂ ਦੇ ਸਤਿਗੁਰੂ ਦਾ ਜ਼ਿਕਰ ਤੱਕ ਨਹੀਂ ਸੀ ਹੋਣਾ। ਕਹਿੰਦੇ ਹਨ ਕਿ ਕਿਸੇ ਨੇ ਮਜਨੂੰ ਨੂੰ ਕਿਹਾ ਕਿ ਤੈਨੂੰ ਖੁਦਾ ਮਿਲਣਾ ਚਾਹੁੰਦਾ ਹੈ, ਕੋਈ ਰਾਹ ਹੈ? ਉਸਦਾ ਜੁਆਬ ਸੀ, "ਹਾਂ ਇਕ ਰਾਹ ਹੈ। ਉਹ ਮੈਨੂੰ ਲੈਲਾ ਦੇ ਰੂਪ ਵਿਚ ਹੀ ਆ ਕੇ ਮਿਲ ਸਕਦਾ ਹੈ। ਵੈਸੇ ਨਹੀਂ।"

ਬਾਬਾ ਸੱਦਾ ਸਿੰਘ ਜੀ ਤੋਂ ਵਰੋਸਾਏ ਸੰਤ ਕਿਸ਼ਨ ਸਿੰਘ ਜੀ ਛੂਤੀਏ ਦੇ ਉਚੇ ਜੀਵਨ, ਉਹਨਾਂ ਦੇ ਪਾਠ ਕਰਨ ਦੀ ਸ਼ਾਨਦਾਰ ਮਰਿਆਦਾ, ਮਾਇਆ ਪ੍ਰਤੀ ਤਿਆਗ ਭਾਵ ਦਾ ਵਰਣਨ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਇਸ ਉਪਦੇਸ਼ ਵਿਚ ਅੰਕਿਤ ਹੈ-

"ਭਾਈ ਕਿਸ਼ਨ ਸਿੰਘ ਹੁਰੀਂ ਸੰਤ ਸਾਡੇ ਸਨ, ਛੂਤੀਏ ਉਹਨਾਂ ਨੂੰ ਕਹਿੰਦੇ। ਜਦੋਂ ਲੋਕ ਪੰਜ ਰੁਪਏ ਲੈਂਦੇ, ਉਦੋਂ ਉਹ ਵੀਹ ਰੁਪਏ ਲੈਂਦੇ। ਸ਼ਰਤ ਇਹ ਹੁੰਦੀ, ਜਿੰਨੇ ਦਿਨ ਰਹਿਣਾ ਹੈ ਘਰ, ਜਿੰਨਾ ਚਿਰ ਉਹਨਾਂ ਨੇ ਬਹਿਣਾ ਹੈ ਘਰ, ਜਾਂ ਸਤਿਗੁਰਾਂ ਦੀਆਂ ਸਾਖੀਆਂ ਸੁਣਾਉਣੀਆਂ ਜਾਂ ਸਾਰਾ ਟੱਬਰ ਇਸ਼ਨਾਨ ਕਰਕੇ ਜਿੰਨਾ ਚਿਰ ਕੋਲ ਬਹਿ ਕੇ ਪਾਠ ਸੁਣੇ ਕਰਨਾ ਨਹੀਂ ਉਹਨਾਂ ਨੇ ਬਾਹਰ ਫਿਰੀ ਜਾਣਾ। ਉਹ ਪੈਸੇ ਬਹੁਤੇ ਕੀ ਕਰਦੇ ਸੀ। ਉਹਨਾਂ ਨੇ ਆਪਣੇ ਲੀੜੇ ਕੱਪੜੇ ਪਹਿਨਣ ਤੋਂ ਬਿਨਾਂ, ਛਕਣ ਤੋਂ ਬਿਨਾਂ ਕੋਈ ਪੈਸਾ ਕੋਲ ਨਹੀਂ ਰੱਖਿਆ। ਪੰਦਰਾਂ ਹਜ਼ਾਰ ਰੁਪਈਆ ਲੰਗਰ 'ਚ ਹੌਲੀ ਹੌਲੀ ਇਸੇ ਤਰ੍ਹਾਂ ਉਹਨਾਂ ਪਾਇਆ। ਇਹ ਉਹਨਾਂ ਦੀ ਬਿਹੰਗਮੀ ਸੀ। ਚੜ੍ਹਨ ਲੱਗਿਆਂ ਵੀ ਨੌ ਸੌ ਰੁਪਈਆ ਭਾਣਜੀਉਂ ਜਵਾਈ ਸੀ, ਉਹਦੇ ਕੋਲ ਧਰ ਗਏ। ਉਹਨੂੰ ਕਹਿ ਗਏ-ਮੇਰਾ ਨਾਂ ਲੈ ਕੇ, ਜਿੰਨਾ ਚਿਰ ਨਾ ਆਵੇ, ਉਨਾਂ ਚਿਰ ਇਹ ਗੁੱਥੀ ਨਾ ਕਿਸੇ ਕੋਲ ਵੀ ਦਿਆ ਜੇ।"[20]

ਇਹੋ ਜਿਹਾ ਉੱਚਾ ਸੁੱਚਾ ਜੀਵਨ ਸੀ, ਤਪ ਤਿਆਗ, ਸੇਵਾ ਸਿਮਰਨ ਅਤੇ ਕੁਰਬਾਨੀ ਦੀ ਕੁਠਾਲੀ ਵਿਚ ਘੜਿਆ ਹੋਇਆ ਬਾਬਾ ਸੱਦਾ ਸਿੰਘ "ਕਬੀਰ" ਅਤੇ ਉਹਨਾਂ ਤੋਂ ਵਰੋਸਾਏ ਆਪ ਦੀ ਛੂਤੀਆ ਸ਼ਾਖਾ ਦੇ ਨਾਮਧਾਰੀ ਸਿੰਘਾਂ ਦਾ। ਆਪ ਦੇ ਜਥੇ ਦੁਆਰਾ ਝਾਗੀਆਂ ਭਾਰੀਆਂ ਮੁਸੀਬਤਾਂ ਅਤੇ ਵਿਦੇਸ਼ੀ ਸਰਕਾਰ ਤੇ ਦੇਸੀ ਰਜਵਾੜਾ ਸ਼ਾਹੀ ਨਾਲ ਲਏ ਇੱਟ ਖੜਿੱਕੇ ਸਾਡੇ ਮੁਕਤੀ ਸੰਗਰਾਮ ਦੇ, ਪੰਜਾਬ ਦੀ ਕੂਕਾ ਲਹਿਰ ਵਾਲੇ ਅਧਿਆਏ ਵਿਚ, ਇਕ ਵਿਲੱਖਣ ਸਥਾਨ ਸੁਨਿਸਚਿਤ ਕਰਨ ਦੀਆਂ ਹੱਕਦਾਰ ਹਨ। ਉਹਨਾਂ ਸਿੰਘਾਂ ਦੇ ਜੀਵਨ ਵਿਚ ਕਹਿਣੀ ਤੇ ਕਥਨੀ ਸਮਰੂਪ ਹੋ ਗਏ ਸਨ ਅਤੇ ਉਹ ਸਦਾ ਹੱਥੀਂ ਕਿਰਤ ਕਰਨ ਨੂੰ ਤਰਜੀਹ ਦਿੰਦੇ ਸਨ। ਮਾਲੂਮ ਹੁੰਦਾ ਹੈ ਕਿ ਬਾਬਾ ਸੱਦਾ ਸਿੰਘ ਕਬੀਰ ਹੋਰਾਂ ਨੇ ੭੦-੭੨ ਸਾਲ ਦੀ ਉਮਰ ਭੋਗੀ ਹੈ। ਉਹਨਾਂ ਦਾ ਦੇਹਾਂਤ ਵੀਹਵੀਂ ਸਦੀ ਚੜ੍ਹਨ ਤੋਂ ਸਾਲ ਪਹਿਲਾਂ ਜਾਂ ਸਾਲ ਬਾਅਦ ਹੋ ਗਿਆ।

ਫੁੱਟ ਨੋਟ —

1. ਸਤਿਜੁਗ (ਪੰਜਾਬੀ ਹਫਤਾਵਾਰ) ਦਾ ਸੰਤ ਅੰਕ (੨੦ ਭਾਦਰੋਂ ਸੰਬਤ ੧੯੯੮ ਬਿ੦), ਸ੍ਰੀ ਭੈਣੀ ਸਾਹਿਬ, ਸੰਤ ਇੰਦਰ ਸਿੰਘ 'ਚੱਕਰਵਰਤੀ' ਦਾ ਲੇਖ-ਸ੍ਰੀ ਬਾਬਾ ਸੱਦਾ


Namdhari Elibrary NamdhariElibrary@gmail.com

ਸਿੰਘ ਜੀ "ਕਬੀਰ", ਸਫਾ ੧੮
੨. ਉਹੀ, ਸਫਾ ੧੮
੩. ਉਹੀ, ਸਫਾ ੧੮
4. ਉਹੀ, ਸਫਾ ੧੯
5. ਉਹੀ, ਸਫਾ ੧੯
6. ਸਤਿਗੁਰੂ ਬਿਲਾਸ (ਭਾਗ ੧) ਭਾਈ ਸੰਤੋਖ ਸਿੰਘ ਬਾਹੋਵਾਲ, ੨੦੦੨, ਨਾਮਧਾਰੀ ਦਰਬਾਰ ਭੈਣੀ ਸਾਹਿਬ, ਸਫਾ ੩੮੪
7. ਸਤਿਜੁਗ ਦਾ ਸੰਤ ਅੰਕ-(੧੯੯੮ ਬਿ੦), ਸਫਾ ੨੦
8. ਉਹੀ, ਸਫਾ ੨੧-੨੨
9. ਸਤਿਗੁਰੂ ਬਿਲਾਸ (ਭਾਗ ਦੂਜਾ), ਭਾਈ ਸੰਤੋਖ ਸਿੰਘ ਬਾਹੋਵਾਲ, ੨੦੦੫, ਨਾਮਧਾਰੀ ਦਰਬਾਰ, ਭੈਣੀ ਸਾਹਿਬ, ਸਫਾ ੩੧
10. ਕੂਕੇ ਸਿੰਘ ਤੇ ਅੰਗਰੇਜ਼ ਰਾਜ-ਗਿਆਨੀ ਕਾਹਲਾ ਸਿੰਘ ਨੰਗਲ, ਪ੍ਰਕਾਸ਼ਕ ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਜੀਵਨ ਨਗਰ (ਸਿਰਸਾ) ਸੰਨ ੧੯੭੦, ਸਫਾ ੧੯-੨੭
11. ਸਤਿਜੁਗ ਦਾ ਸੰਤ ਅੰਕ-ਸਫਾ ੨੩
12. ਉਹੀ, ਸੰਤ ਇੰਦਰ ਸਿੰਘ ਚੱਕਰਵਰਤੀ ਦੀ ਰਚਨਾ "ਸੰਤ ਸਿਪਾਹੀ", ਸਫਾ ੧੬
13. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੭੫
14. ਸਤਿਗੁਰੂ ਬਿਲਾਸ ਭਾਗ ਦੂਜਾ, ਸਫਾ ੭੫
15. ਉਹੀ, ਸਫਾ ੧੬੨
16. ਸਤਿਜੁਗ ਦਾ ਸੰਤ ਅੰਕ, ਸਫਾ ੨੩
17. ਲਾਲ ਏਹਿ ਰਤਨ (ਭਾਗ ੨), ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ (ਸੰ. ਪ੍ਰਿੰ. ਬੇਅੰਤ ਕੌਰ), ੧੯੯੯, ਨਾਮਧਾਰੀ ਸੀਡਜ਼ ਪ੍ਰਾਈਵੇਟ ਇਮਿਟੇਡ, ਬੰਗਲੌਰ, ਸਫਾ ੩੪-੩੫
18. ਲਾਲ ਏਹਿ ਰਤਨ-੨, ਸੰ. (ਪ੍ਰਿੰ. ਬੇਅੰਤ ਕੌਰ), ੨੦੦੨, ਨਾਮਧਾਰੀ ਸੀਡਜ਼ ਪ੍ਰਾਈਵੇਡ ਲਿਮਿਟੇਡ ਬੰਗਲੌਰ, ਸਫਾ ੧੪੫
19. ਲਾਲ ਏਹਿ ਰਤਨ-੪, (ਸੰ. ਪ੍ਰਿੰ. ਬੇਅੰਤ ਕੌਰ), ੨੦੦੩, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੮੬
20. ਲਾਲ ਏਹਿ ਰਤਨ-੫ (ਸੰ. ਪ੍ਰਿੰ. ਬੇਅੰਤ ਕੌਰ), ੨੦੦੫, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਸਫਾ ੪੫੧

*ਕਰੀਵਾਲਾ (ਸਿਰਸਾ),*
*ਹਰਿਆਣਾ-੧੨੫੦੭੫,*
*ਮੋਬ-੦੧੬੯੮-੨੭੪੫੬੨, ੦੯੯੯੬੩-੭੧੭੧੬*

## ਸੋਧ

ਵਰਿਆਮ, ਜੂਨ ੨੦੧੩, ਭਾਈ ਰਾਗਾ ਸਿੰਘ ਵਾਲਾ ਲੇਖ, ਸਫਾ ੧੨, ਪਹਿਲੇ ਕਾਲਮ ਦਾ ਦੂਜੇ ਪਹਿਰੇ ਦੀ ਅਠਵੀਂ ਤੁਕ *"੧੯੦੬ ਤਕ ਸਰੀਰ ਵੀ ਪੌਣੀ ਸਦੀ ਉਮਰ ਪੂਰੀ"* ਤੋਂ ਅੱਗੇ ਪੜ੍ਹੋ *"ਕਰ ਗਿਆ ਸੀ। ਸਤਿਗੁਰੂ ਪ੍ਰਤਾਪ ਸਿੰਘ।"* ਇਹ ਤੁਕ ਛਪਣੋਂ ਰਹਿ ਗਈ ਸੀ। ਲੇਖ ਨਾਲ ਇਹ ਵੀ ਜੋੜ ਲਿਆ ਜਾਏ। ਸ. ਅਵਤਾਰ ਸਿੰਘ "ਆਜ਼ਾਦ" ਨੇ ੧੨ ਮਾਘ ੧੯੯੫ ਬਿਕਰਮੀ ਦੇ ਸਤਿਜੁਗ ਦੇ "ਬਸੰਤ ਅੰਕ" ਦੇ ਪੰਨਾ ੭੫ ਤੇ ਮਾਤਾ ਜੀਵਨ ਕੌਰ ਜੀ ਦੀ ਰਸਨਾ ਤੋਂ ਸੁਣੀ ਜਾਣਕਾਰੀ ਦੇ ਆਧਾਰ ਤੇ ਲਿਖਿਆ ਹੈ- "ਭਾਈ ਰਾਗਾ ਸਿੰਘ ਜੀ। ਆਪ ਦਾ ਅਸਲ ਨਾਮ ਭਾਈ ਮਸਤਾਨ ਸਿੰਘ ਜੀ ਸੀ। ਆਪ ਪਿੰਡ ਲਲਾਂ ਰਿਆਸਤ ਪਟਿਆਲਾ ਦੇ ਰਹਿਣ ਵਾਲੇ ਸਨ। ਆਪ ਸਤਿਗੁਰਾਂ ਦੇ ਅਨਿੰਨ ਸੇਵਕ ਅਤੇ ਭਜਨ ਦੀ ਜਿਊਂਦੀ ਜਾਗਦੀ ਮੂਰਤੀ ਸਨ। ਆਪਨੇ ਵੱਡੇ ਸਤਿਗੁਰਾਂ ਦੀ ਹਜ਼ੂਰੀ ਵਿਚ ਵੀ ਕੀਰਤਨ ਕੀਤਾ ਅਤੇ ਸ੍ਰੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਵੀ ਕੀਰਤਨ ਰਸ ਪਾਇਆ। ਸਦਾ ਸ੍ਰੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸੌਂਦੇ ਅਤੇ ਸਰ੍ਹਾਣਾ ਹਮੇਸ਼ਾਂ ਪਾਥੀ ਦਾ ਹੀ ਰੱਖਦੇ। ਅੰਮ੍ਰਿਤ ਵੇਲੇ ਅਤੇ ਸੰਝ ਨੂੰ ਨਿਤ ਕੀਰਤਨ ਕਰਦੇ। ਆਪ ਕੀਰਤਨੀਏ ਹੋਣ ਦੇ ਨਾਲ ਸ੍ਰੀ ਮਹਾਰਾਜ ਜੀ ਦੇ ਗੜਵਈ ਵੀ ਸਨ। ਜਦ ਮਹਾਰਾਜ ਜੀ ਜੰਗਲ ਜਾਂਦੇ ਤਾਂ ਇਹ ਸੇਵਾ ਵਿਚ ਨਾਲ ਜਾਂਦੇ। ਮਹਾਰਾਜ ਜੀ ਨੂੰ ਡੇਰੇ ਛੱਡ ਕੇ ਆਪ ਫਿਰ ਜੰਗਲ ਮੈਦਾਨ ਜਾਂਦੇ। ਸ੍ਰੀ ਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਣ ਦੇ ਉਪਰੰਤ ਆਪ ਦੋ ਸਾਲ ਤਕ ਜੀਵਤ ਰਹੇ। ਹਜ਼ੂਰ ਦੇ ਵਿਛੋੜੇ ਐਸਾ ਵੈਰਾਗੀ ਕੀਤਾ ਕਿ ਸਿਵਾਇ ਅੰਮ੍ਰਿਤ ਵੇਲੇ ਦੇ ਕੀਰਤਨ ਦੇ ਕਿਸੇ ਨਾਲ ਗੱਲ ਤੀਕ ਵੀ ਨਾ ਕੀਤੀ।"

*—ਸੁਵਰਨ ਸਿੰਘ ਵਿਰਕ*

*੬-੬-੨੦੧੩*


NamdhariElibrary — NamdhariElibrary@gm

# ਪਰਉਪਕਾਰੀ ਗੁਰੂ ਸਤਿਗੁਰੂ ਉਦੇ ਸਿੰਘ ਜੀ

ਗੁਰੂ ਨਾਨਕ ਪ੍ਰੰਪਰਾ ਅਨੁਸਾਰ ਸਿੱਖ ਜਗਤ ਅਤੇ ਨਾਮਧਾਰੀ ਪੰਥ ਦੀ ਅਗਵਾਈ ਕਰ ਰਹੇ ਪਰਉਪਕਾਰੀ ਸਤਿਗੁਰੂ ਉਦੇ ਸਿੰਘ ਜੀ ਦਾ ਜਨਮ ੨੨ ਜੁਲਾਈ ੧੯੫੮ ਈਸਵੀਂ ਨੂੰ ਰਿਸ਼ੀਆਂ ਮੁਨੀਆਂ ਅਤੇ ਗੁਰੂ ਪੀਰਾਂ ਦੀ ਧਰਤੀ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਚੰਡੀਗੜ੍ਹ ਰੋਡ ਤੋਂ ਕਰੀਬ ਦੋ ਕਿਲੋਮੀਟਰ ਅੰਦਰ ਸਥਿਤ ਹੈ ਵਿਚ ਹੋਇਆ। ਇਸ ਪੁਰਾਤਨ ਪਿੰਡ ਨੂੰ ਪੰਜ ਗੁਰੂਆਂ ਦੀ ਚਰਨ ਛੋਹ ਪ੍ਰਾਪਤ ਹੈ। ਆਪ ਜੀ ਦੇ ਪਿਤਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਛੋਟੇ ਭਰਾਤਾ ਸ੍ਰੀ ਮਹਾਰਾਜ ਬੀਰ ਸਿੰਘ ਜੀ ਸਨ। ਸਤਿਗੁਰੂ ਉਦੇ ਸਿੰਘ ਜੀ ਦੀ ਮਾਤਾ ਬੇਬੇ ਦਲੀਪ ਕੌਰ ਹਨ ਜੋ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਦੀ ਭੂਆ ਦੀ ਧੀ ਭੈਣ ਹਨ।...

ਸਤਿਗੁਰੂ ਉਦੇ ਸਿੰਘ ਜੀ ਨੇ ਮੁੱਢਲੀ ਪੜ੍ਹਾਈ ਸ੍ਰੀ ਗੁਰੂ ਹਰੀ ਸਿੰਘ ਜੀ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਤੋਂ ਪੂਰੀ ਕੀਤੀ ਅਤੇ ਸੰਗੀਤ ਦੀ ਮੁੱਢਲੀ ਸਿੱਖਿਆ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਹਰਿਆਣਾ ਵਿਚ ਮਹਾਨ ਸੰਗੀਤਕਾਰ ਪੰਡਿਤ ਮਹਾਂਦੇਵ ਜੀ ਤੋਂ ਪ੍ਰਾਪਤ ਕੀਤੀ ਅਤੇ ੨੦ ਕੁ ਸਾਲ ਦੀ ਉਮਰ ਵਿਚ ਦਿਲਰੁਬਾ ਸਿਖ ਲਿਆ। ਆਪ ਬਚਪਨ ਤੋਂ ਫੁਰਤੀਲੇ ਸਰੀਰ ਦੇ ਮਾਲਕ, ਕਸਰਤੀ, ਚੰਗੇ ਐਥਲੀਟ ਹਨ। ਸਤਿਗੁਰੂ ਉਦੇ ਸਿੰਘ ਜੀ ਹਾਕੀ ਦੇ ਸ਼ੌਕੀਨ ਤੇ ਚੋਟੀ ਦੇ ਹਾਕੀ ਖਿਡਾਰੀ ਹੋਣ ਕਰਕੇ ਉਹਨਾਂ ਨੇ ੧੯੭੭ ਵਿਚ ਨਾਮਧਾਰੀ



ਹਾਕੀ ਨੂੰ ਵਿਸ਼ਵ ਪੱਧਰ ਤੇ ਲਿਆਉਣ ਲਈ ਇਕ ਯੋਜਨਾ ਉਲੀਕੀ ਅਤੇ ਨਾਮਧਾਰੀ ਹਾਕੀ ੧੯੭੭ ਵਿਚ ਹੋਂਦ ਵਿਚ ਆਈ। ਪ੍ਰਸਿੱਧ ਲਿਖਾਰੀ ਹਰਬੰਸ ਸਿੰਘ ਵਿਰਦੀ ਆਪਣੀ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ (SIKH SPORTSTARS PAST PRESENT) ਵਿਚ ਨਾਮਧਾਰੀ ਹਾਕੀ ਦੀ ਸਥਾਪਨਾ ਬਾਰੇ ਇਸਤਰਾਂ ਵਰਨਣ ਕਰਦੇ ਹਨ—So in accordance with the wishes of Satguru Jagjit Singh Thakur Udhey Singh a son of Maharaj Bir Singh Younger brother of Satguru Jagjit Singh, raised a Namdhari Hockey XI at Sri Guru Hari Singh Maha Vidyala, Jiwan Nagar at Sirsa Haryana in 1977. Originally, about 20 boys in the age group of 10-12 were selected for training, Boys were providid balance diet and rigorous training under the watchful eyes of coach.

ਪਿੰਡ ਸ੍ਰੀ ਜੀਵਨ ਨਗਰ ਜ਼ਿਲ੍ਹਾ ਸਿਰਸਾ ਹਰਿਆਣਾ ਤੋਂ ਹਾਕੀ ਦੀ ਨਰਸਰੀ ਤਿਆਰ ਕਰਕੇ ਅੱਗੇ ਉਚੇਰੀ ਖੇਡ ਮਿਆਰ ਨੂੰ ਪ੍ਰਫੁਲਤ ਕਰਨ ਲਈ ਭਾਰਤ ਵਿਚ ਪਹਿਲੀ ਨਿੱਜੀ ਹਾਕੀ ਆਸਟਰੋਟਰਫ (Astrotruf) ਸ੍ਰੀ ਭੈਣੀ ਸਾਹਿਬ ਵਿਚ ਹਾਕੀ ਦੀ ਨਵੀਂ ਤਕਨੀਕ ਤੇ ਅਭਿਆਸ ਲਈ ਖਿਡਾਰੀ ਭੇਜੇ ਜਾਂਦੇ ਹਨ। ਸਤਿਗੁਰੂ ਉਦੇ ਸਿੰਘ ਜੀ ਦੀ ਕ੍ਰਿਪਾ ਸਦਕਾ ਨਾਮਧਾਰੀ ਹਾਕੀ ਦੇ


NamdhariElibrary NamdhariElibrary@gmail.com

ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਕੀਤੇ। ਨਾਮਧਾਰੀ ਹਾਕੀ ਨੇ ਬੇਹਤਰੀਨ ਪ੍ਰਦਰਸ਼ਨ ਕੀਤੇ ਹਨ ਹਾਕੀ ਜਗਤ ਵਿਚ ਧਾਂਕ ਜਮਾਈ। ਨਾਮਧਾਰੀ ਹਾਕੀ ਦੇ ਚੋਟੀ ਦੇ ਖਿਡਾਰੀ ਹਰਪਾਲ ਸਿੰਘ, ਦੀਦਾਰ ਸਿੰਘ, ਸਰਦਾਰ ਸਿੰਘ ਹੋਏ ਹਨ। ਹਾਕੀ ਦੇ ਚੋਟੀ ਦੇ ਖਿਡਾਰੀ ਵਰਤਮਾਨ ਭਾਰਤੀ ਹਾਕੀ ਕਪਤਾਨ ਸਰਦਾਰ ਸਿੰਘ ਨਾਮਧਾਰੀ ਨੂੰ ਸਰਵੋਤਮ ਖਿਡਾਰੀ, ਵਧੀਆ ਧਾਵਕ ਤੇ ਚੰਗਾ ਮਧਰੱਖਿਅਕ ਪੰਕਤੀ ਖਿਡਾਰੀ ਹੋਣ ਕਰਕੇ ਰਾਸ਼ਟਰਪਤੀ ਮਹਾਂ ਮਹਿਮ ਪ੍ਰਣਬ ਮੁਖਰਜੀ ਨੇ ਅਰਜੁਨ ਐਵਾਰਡ ਨਾਲ ਰਾਸ਼ਟਰਪਤੀ ਭਵਨ ਵਿਚ ਸਨਮਾਨਿਤ ਕੀਤਾ ਅਤੇ ਭਾਰਤੀ ਖੇਡ ਮੰਤਰਾਲਾ ਸਰਦਾਰ ਸਿੰਘ ਨੂੰ ਰਾਜੀਵ ਗਾਂਧੀ ਪੁਰਸਕਾਰ ਦੇਣ ਲਈ ਵਿਚਾਰ ਕਰ ਰਿਹਾ ਹੈ। ਨਾਮਧਾਰੀ ਹਾਕੀ ਦੀ ਚੰਗੀ ਕਾਰਗੁਜ਼ਾਰੀ ਨੂੰ ਦੇਖਦਿਆਂ ਸਤਿਗੁਰੂ ਉਦੈ ਸਿੰਘ ਜੀ ਨੂੰ ੯ ਅਕਤੂਬਰ ੨੦੦੬ ਨੂੰ ਪੰਜਾਬ ਹਾਕੀ ਐਸੋਸ਼ੀਏਸ਼ਨ ਦਾ ਸੀਨੀਅਰ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਸਤਿਗੁਰੂ ਉਦੈ ਸਿੰਘ ਜੀ ਨੂੰ ੧੯੯੨ ਵਿਚ ਬੰਗਲੌਰ ਫਾਰਮ ਦਾ ਕੰਮ ਸੰਭਾਲਿਆ ਅਤੇ ੧੯੯੩-੯੪ ਵਿਚ ਜਾ ਕੇ ੪੦ ਏਕੜ ਅੰਬ ਅਤੇ ੪੦ ਏਕੜ ਨਾਰੀਅਲ ਅਤੇ ੪ ਏਕੜ ਵਿਚ ਅੰਗੂਰ ਦਾ ਬਾਗ ਲਗੌਣ ਵਿਚ ਸਫਲ ਹੋਏ ਅਤੇ ੧੯੯੫ ਵਿਚ ਕ੍ਰਿਸ਼ੀ ਕੇਂਦਰ ਦਾ ਨਾਮ "ਨਾਮਧਾਰੀ ਸੀਡਜ਼" ਰੱਖਿਆ। ੧੯੯੭ ਵਿਚ ਸਤਿਗੁਰੂ ਉਦੈ ਸਿੰਘ ਜੀ ਨੇ ਫਾਰਮ ਦੀ ਉਪਜ ਨੂੰ ਵੱਡੀ ਵਪਾਰਕ ਪੱਧਰ ਉੱਤੇ ਲਿਜਾਣ ਲਈ ਕਈ ਦੇਸ਼ਾਂ ਦਾ ਦੌਰਾ ਕੀਤਾ। ਜਾਪਾਨ ਦੇਸ਼ ਵਪਾਰ ਵਿਚ ਫਿਟ ਨਾ ਆਇਆ ਅਤੇ ਅਮਰੀਕਾ ਤੇ ਯੂਰਪੀ ਦੇਸ਼ ਵਪਾਰ ਵਿਚ ਠੀਕ ਸਾਬਤ ਹੋਏ। ੧੯੯੨ ਵਿਚ ਸਤਿਗੁਰੂ ਉਦੈ ਸਿੰਘ ਜੀ ਫਾਰਮ ਨੂੰ ਤਰੱਕੀ ਤੇ ਪਹੁੰਚਾਣ ਲਈ ਭਾਰਤ ਦੀ ਬੀਜ ਕੰਪਨੀ ਵਿਚ ਦਾਖਲ ਹੋ ਗਏ। ਭਾਰਤ ਦੀਆਂ ਚੋਟੀ ਦੀਆਂ ਦੋ ਤਿੰਨ ਕੰਪਨੀਆਂ ਵਿਚ ਨਾਮਧਾਰੀ ਸੀਡਜ਼ ਕੰਪਨੀ ਬਰਾਬਰ ਦੀ ਮੰਨੀ ਜਾਂਦੀ ਹੈ। ਇਸ ਕੰਪਨੀ ਵਿਚ ਲਗਭਗ ਇਕ ਹਜ਼ਾਰ ਕਰਮਚਾਰੀ ਕੰਮ ਕਰਦੇ ਹਨ। ਇਹਨਾਂ ਤੋਂ ਇਲਾਵਾ ਬੀਜ ਉਤਪਾਦਨ ਦੇ ਕੰਮ ਨਾਲ ਜਿਹੜੇ ਲੋਕ ਜੁੜੇ ਹਨ ਉਹਨਾਂ ਵਿਚੋਂ ਪੰਜੀ ਹਜ਼ਾਰ ਕਿਸਾਨ ਤੇ ਮਜ਼ਦੂਰ ਇਸ ਫਾਰਮ ਤੋਂ ਕਮਾ ਰਹੇ ਹਨ।

ਦੱਖਣੀ ਭਾਰਤ ਵਿਚ ਹੀ ਨਾਮਧਾਰੀ ਸੀਡਜ਼ ਕੰਪਨੀ ਨੇ ਆਪਣਾ ਘੇਰਾ ਏਨਾ ਵਧਾ ਲਿਆ ਹੈ ਕਿ ਇਸ ਵੇਲੇ ਨਵੇਂ ਪੰਜ ਛੇ ਫਾਰਮ ਬਣਾ ਕੇ ਉਹਨਾਂ ਵਿਚ ਫਲਾਂ ਤੇ ਫੁਲਾਂ ਦੇ ਬੀਜ ਤਿਆਰ ਕੀਤੇ ਜਾ ਰਹੇ ਹਨ। ਇਹਨਾਂ ਬੀਜਾਂ ਦੀ ਵਿਕਰੀ ਲਈ ਪੂਨਾ, ਕਲਕੱਤਾ, ਲੁਧਿਆਣਾ, ਸਿਲੀਗੁੜੀ ਇੰਦੌਰ ਆਦਿ ਵੱਡੇ ਸ਼ਹਿਰਾਂ ਵਿਚ ਕੰਪਨੀ ਦੇ ਦਫਤਰ ਮੌਜੂਦ ਹਨ। ਦਫਤਰਾਂ ਦਾ ਇਹ ਸਿਲਸਿਲਾ ਕੇਵਲ ਭਾਰਤ ਤਕ ਹੀ ਸੀਮਤ ਨਹੀਂ, ਇਸ ਵੇਲੇ ਬਾਹਰਲੇ ਦੇਸ਼ਾਂ ਥਾਈਲੈਂਡ, ਬੰਗਲਾ ਦੇਸ਼, ਈਜਿਪਟ (ਮਿਸਰ) ਅਤੇ ਜਾਰਡਨ ਵਿਚ "ਨਾਮਧਾਰੀ ਸੀਡਜ਼ ਕੰਪਨੀ" ਦੇ ਦਫਤਰ ਖੁਲ੍ਹੇ ਹੋਏ ਹਨ।

ਪਰਉਪਕਾਰੀ ਗੁਰੂ ਸਤਿਗੁਰੂ ਉਦੈ ਸਿੰਘ ਨੇ ਗਰੀਬਾਂ ਤੇ ਬਹੁਤ ਪਰਉਪਕਾਰ ਕੀਤੇ ਹਨ। ਗਰੀਬਾਂ ਦੀ ਹਰ ਸੰਭਵ ਸਹਾਇਤਾ ਕਰਦੇ ਹਨ। ਨਾਮਧਾਰੀ ਸੀਡਜ਼ ਕੰਪਨੀ ਵਲੋਂ ਸੌ ਦੇ ਕਰੀਬ ਹਰੀਜਨਾਂ ਨੂੰ ਜਿਹਨਾਂ ਕੋਲ ਸਿਰ ਲੁਕਾਣ ਤੇ ਰਹਿਣ ਲਈ ਥਾਂ ਤਕ ਨਹੀਂ ਸੀ। ਬਿਨਾਂ ਮੁਲੋਂ ਪਲਾਂਟ ਦਿੱਤੇ। ਇਹਨਾਂ ਪਲਾਟਾਂ ਵਿਚ ਉਹਨਾਂ ਦੇ ਘਰ ਭੀ ਉਸਾਰੇ ਹਨ। ਇਕ ਪਲਾਟ ਦੀ ਕੀਮਤ ਲਗਭਗ ਚਾਲੀ ਹਜ਼ਾਰ ਹੈ ਤੇ ਹਰੇਕ ਘਰ ਦੀ ਉਸਾਰੀ ਦਾ ਖਰਚਾ ਲਗਭਗ ਇਕ ਲੱਖ ਪੰਜੀ ਹਜ਼ਾਰ ਰੁਪਏ ਆਇਆ ਹੈ। ਹੋਰ ਬਹੁਤ ਵੱਡਾ ਪਰਉਪਕਾਰ ਕੀਤਾ ਕਾਰਗਿਲ ਦੇ ਡੀਫੈਂਸ ਅਤੇ ਉੜੀਸਾ ਦੇ ਤੂਫਾਨ ਦੀ ਸਹਾਇਤਾ ਫੰਡ ਵਿਚ ਵੀ ਕਈ ਲੱਖ ਰੁਪਈਆਂ ਦਾ ਯੋਗਦਾਨ ਪਾਇਆ। ਪੱਛੜੇ ਇਲਾਕਿਆਂ ਉਤੇ ਭੀ ਸਤਿਗੁਰੂ ਜੀ ਨੇ ਬਹੁਤ ਵੱਡਾ ਪਰਉਪਕਾਰ ਕੀਤਾ "ਨਾਮਧਾਰੀ ਸੀਡਜ਼ ਕੰਪਨੀ" ਵਲੋਂ ਪੱਛੜੇ ਇਲਾਕਿਆਂ ਵਿਚ ਸਕੂਲ ਅਤੇ ਹਸਪਤਾਲ ਬਨਾਉਣ ਲਈ ਹਰ ਸੰਭਵ ਸਹਾਇਤਾ ਕੀਤੀ।

ਸਤਿਗੁਰੂ ਉਦੈ ਸਿੰਘ ਜੀ ਨੇ ਸਿੱਖੀ ਜੀਵਨ ਵਿਚ ਰਹਿ ਕੇ, ਸਿਦਕ, ਸੰਜਮ, ਸਹਿਨਸ਼ੀਲਤਾ, ਦ੍ਰਿੜਤਾ, ਉਦਾਰਤਾ ਅਤੇ ਤਪੱਸਿਆ ਭਰਿਆ ਜੀਵਨ ਜੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੧੩ ਦਸੰਬਰ ੨੦੧੨ ਸ਼ਾਮ ੬ ਵਜੇ ੨੮ ਮਿੰਟ ਮਸਿਆ ਦੀ ਕਾਲੀ ਬੋਲੀ ਰਾਤ ੨੯ ਮੱਘਰ, ੨੦੬੯ ਨੂੰ ਸਦੀਵੀ ਵਿਛੋੜਾ ਦੇ ਜਾਣ ਦੇ ਬਾਅਦ ੧੬ ਦਸੰਬਰ ੨੦੧੨ ਨੂੰ ਸ੍ਰੀ ਭੈਣੀ ਸਾਹਿਬ ਵਿਚ ਰਾਜ ਯੋਗ ਗੱਦੀ ਤੇ ਸੁਭਾਏਮਾਨ ਹੋਏ। ੧੬ ਦਸੰਬਰ ਨੂੰ ਦੁਪਹਿਰ ਦੇ ੩ ਵਜੇ ਨਿਤਨੇਮ ਦੀ ਅਰਦਾਸ ਜੋ ਸ੍ਰੀ ਭੈਣੀ ਸਾਹਿਬ ਹਰੀਮੰਦਰ ਵਿਚ ਹੋਈ ਸੀ ਤੋਂ ਬਾਅਦ ਸੂਬਾ ਬਲਵਿੰਦਰ ਸਿੰਘ ਨੇ ਹੁਕਮ ਪੜ੍ਹ ਕੇ ਸੁਣਾਇਆ।

"ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਤੇ ਮਾਤਾ ਚੰਦ ਕੌਰ ਜੀ ਦੀ ਆਗਿਆ ਅਨੁਸਾਰ ਨਾਮਧਾਰੀ ਪੰਥ ਦੀ ਸੇਵਾ ਸੰਭਾਲ ਸ੍ਰੀ ਉਦੈ ਸਿੰਘ ਜੀ ਨੂੰ ਸੌਂਪੀ ਗਈ ਹੈ। ਸ੍ਰੀ ਸਤਿਗੁਰੂ ਜੀ ਦੇ ਅਰੰਭੇ ਪੰਥਕ ਕਾਰਜਾਂ ਨੂੰ ਆਪ ਉਹਨਾਂ ਦੀਆਂ ਉਹਨਾਂ ਹੀ ਲੀਹਾਂ ਤੇ ਅੱਗੇ ਤੋਰਨਗੇ। ਸਾਰੀ ਨਾਮਧਾਰੀ ਸਾਧ ਸੰਗਤ ਇਹਨਾਂ


NamdhariElibrary NamdhariElibrary@gmail.com



ਦੇ ਹੁਕਮ ਅਨੁਸਾਰ ਚਲੇ।" ਜਦੋਂ ਇਹ ਐਲਾਨ ਕੀਤਾ ਗਿਆ ਸਾਧ ਸੰਗਤ ਵਿਚ ਖੁਸ਼ੀਆਂ ਖੇੜਿਆਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਸਭ ਜੈਕਾਰੇ ਲਗਾ ਰਹੇ ਸਨ।

ਉਸ ਸਮੇਂ ਆਪ ਜੀ ਆਸਣ ਤੇ ਸੁਭਾਇਮਾਨ ਸਨ ਅਤੇ ਮਾਤਾ ਚੰਦ ਕੌਰ ਜੀ ਅਤੇ ਹੋਰ ਵਿਸ਼ੇਸ਼ ਵਿਅਕਤੀ ਤੇ ਸੇਵਕ ਆਪ ਜੀ ਦੁਆਲੇ ਬੈਠੇ ਹੋਏ ਸਨ। ਆਪ ਜੀ ਨੇ ਬਾਅਦ ਵਿਚ ਸਾਧ ਸੰਗਤ ਵਿਚ ਇਹ ਬਚਨ ਕੀਤਾ। "ਸਤਿਗੁਰੂ ਜਗਜੀਤ ਸਿੰਘ ਜੀ ਨੇ ਸੇਵਾ ਬਖਸ਼ੀ ਹੈ। ਉਹਨਾਂ ਨੇ ਹੀ ਬਖਸ਼ਿਸ਼ ਕਰਨੀ ਹੈ ਕਿ ਮਾਤਾ ਜੀ ਦੀ ਰਹਿਨੁਮਾਈ ਅਨੁਸਾਰ ਸੇਵਾ ਨਿਭਾ ਸਕਾਂ।"

੧੭ ਦਸੰਬਰ ੨੦੧੨ ਦੇ ਅਖਬਾਰਾਂ ਵਿਚ ਨਾਮਧਾਰੀ ਪੰਥ ਬਾਰੇ ਮੁਖ ਖਬਰ ਹੀ ਇਹ ਸੀ ਕਿ ਠਾਕੁਰ ਉਦੈ ਸਿੰਘ ਜੀ ਨੇ ਸਤਿਗੁਰੂ ਉਦੈ ਸਿੰਘ ਜੀ ਵਜੋਂ ਨਾਮਧਾਰੀ ਪੰਥ ਦੀ ਜ਼ੁੰਮੇਵਾਰੀ ਸੰਭਾਲ ਲਈ ਹੈ। ਅਜੀਤ ਨੇ ਲਿਖਿਆ "ਠਾਕੁਰ ਉਦੈ ਸਿੰਘ ਨੇ ਨਾਮਧਾਰੀ ਪੰਥ ਦੇ ਮੁਖੀ ਵਜੋਂ ਸੇਵਾ ਸੰਭਾਲੀ।"

ਦੈਨਿਕ ਜਾਗਰਣ ਦਾ ਕਹਿਣਾ ਸੀ "ਸਤਿਗੁਰੂ ਉਦੈ ਸਿੰਘ ਜੀ ਨੇ ਸੰਭਾਲੀ ਗੁਰਗੱਦੀ।"

ਸਤਿਗੁਰੂ ਉਦੈ ਸਿੰਘ ਜੀ ਨੇ ਗੁਰਗੱਦੀ ਤੇ ਸੁਭਾਇਮਾਨ ਹੁੰਦਿਆਂ ਹੀ ਗੁਰੂਆਂ ਦੇ ਆਦਰਸ਼ ਅਨੁਸਾਰ "ਆਪ ਜਪੈ ਅਵਰਹੁ ਨਾਮ ਜਪਾਵੈ।" ਨਾਮ ਸਿਮਰਨ ਕਰਵਾਇਆ ਅਤੇ ਪਹਿਲਾ ਦੀਵਾਨ ਸਜਾਇਆ।

੨੩ ਦਸੰਬਰ ੨੦੧੨ ਨੂੰ ਸ਼ਰਧਾਂਜਲੀ ਸਮਾਰੋਹ ਅਤੇ ਦਸਤਾਰਬੰਦੀ ਸਮਾਰੋਹ ਕੀਤਾ ਗਿਆ। ਦਸਤਾਰਬੰਦੀ ਸਮੇਂ ਸਤਿਗੁਰੂ ਉਦੈ ਸਿੰਘ ਜੀ ਨੂੰ ਨਮਸਕਾਰ ਕਰਕੇ ਦਸਤਾਰ ਭੇਟ ਕਰਨ ਆਉਣ ਵਾਲਿਆਂ ਦੀ ਸਟੇਜ ਉਤੇ ਲੰਮੀ ਕਤਾਰ ਸੀ। ਪਿੰਡ ਧਰੌੜ ਤੋਂ ਮਾਤਾ ਜਸਾਂ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਪੇਕੇ ਪਰਵਾਰ ਵਲੋਂ ਦਸਤਾਰ, ਤਖਤਾਂ ਵਲੋਂ, ਰਾਧਾ ਸੁਆਮੀ ਸਤਿਸੰਗ ਬਿਆਸ ਵਲੋਂ ਅਤੇ ਹੋਰ ੩੬ ਪ੍ਰਮੁੱਖ ਹਸਤੀਆਂ ਵਲੋਂ ਦਸਤਾਰਾਂ ਆਈਆਂ। ਧਰੌੜ ਤੋਂ ਮਾਤਾ ਜਸਾਂ ਜੀ ਦੇ ਪੇਕੇ ਪਰਿਵਾਰ ਦੀ ਦਸਤਾਰ ਇਕ ਲੱਖ ਦੇ ਕਰੀਬ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਵਿਚ ਸਜਾਈ।

ਸਤਿਗੁਰੂ ਉਦੈ ਸਿੰਘ ਜੀ ਦਸਤਾਰ ਸਜਾ ਕੇ ਸਾਧ ਸੰਗਤ ਨੂੰ ਜਦੋਂ ਦਰਸ਼ਨ ਦਿੱਤੇ ਤਾਂ ਧੁੰਦ ਨਾਲ ਲੁਕਣ ਮੀਟੀ ਖੇਡਦੇ ਸੂਰਜ ਨੇ ਵੀ ਆ ਵਿਖਾਲੀ ਦਿੱਤੀ। ਸਾਧ ਸੰਗਤ ਦੇ ਮਨ ਵਿਚ ਆ ਗਈ ਕਿ ਹੁਣ ਭਾਨ ਉਦੈ ਹੋ ਗਿਆ ਹੈ। ਇਸਦਾ ਤਪ ਤੇਜ ਹੋਰ ਵਧਣਾ ਹੀ ਹੈ। ਜਿਸਨੇ ਸਿੱਖਾਂ ਸੇਵਕਾਂ ਦੀਆਂ ਮਨ ਦੀਆਂ ਮੁਰਾਦਾਂ ਪੂਰੀਆਂ ਕਰਨੀਆਂ ਹਨ, ਉਹਨਾਂ ਨੂੰ ਸਿਧੇ ਰਾਹ ਪਾਈ ਰੱਖਣਾ ਹੈ ਅਤੇ ਸੰਸਾਰ ਵਿਚ ਉਚੀਆਂ, ਸੁਚੀਆਂ ਕਦਰਾਂ ਕੀਮਤਾਂ ਨਾਲ ਜੋੜੀ ਰੱਖਣਾ ਤਾਂ ਕਿ ਕੇਵਲ ਨਾਮਧਾਰੀਆਂ ਦਾ ਹੀ ਨਹੀਂ ਸਮੁੱਚੀ ਮਨੁੱਖਤਾ ਦਾ, ਜੀਵ ਜੰਤੂਆਂ, ਪੰਛੀਆਂ, ਵਣ, ਤ੍ਰਿਣ, ਬਨਸਪਤੀ, ਸਭ ਦਾ ਭਲਾ ਹੋ ਸਕੇ। ਇਸ ਸਮੇਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਨੇ ਕਿਹਾ "ਕਿ ਸਭ ਤੋਂ ਵੱਡਾ ਪਰਉਪਕਾਰ ਦੂਰਦਰਸ਼ੀ ਠਾਕੁਰ ਉਦੈ ਸਿੰਘ ਦੇ ਦਿੱਤੇ ਹਨ।"

ਪੰਜਾਬ ਇਤਿਹਾਸ ਦੇ ਬਹੁਤ ਵੱਡੇ ਵਿਦਵਾਨ ਨਾਮਵਰ ਪ੍ਰੋਫੈਸਰ ਹਿਮਾਦਰੀ ਬੈਨਰਜੀ ਦਾ ਕਹਿਣਾ ਸੀ ਸਰਵੋਤਮ ਵਿਅਕਤੀ ਸਾਹਮਣੇ ਆਇਆ ਹੈ ਪ੍ਰੋ. ਬੈਨਰਜੀ ਨੇ ਇਕ ਹੋਰ ਸ਼ਬਦ ਵਰਤਿਆ ਸਤਿਗੁਰੂ ਉਦੈ ਸਿੰਘ ਜੀ ਬਾਰੇ ("Son of the soil") ਧਰਤੀ ਦਾ ਪੁੱਤਰ ਹੈ। ਉਹਨਾਂ ਨੇ ਆਪ ਜੀ ਨੂੰ (New living god of the Community) ਕਿਹਾ–

ਨਾਮਧਾਰੀ ਗੁਰੂ ਰਾਮ ਸਿੰਘ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪ੍ਰੋ. ਜੋਗਿੰਦਰ ਸਿੰਘ ਨੇ ਕਿਹਾ, "ਸ੍ਰੀ ਮਹਾਰਾਜ ਉਦੈ ਸਿੰਘ ਜੀ ਹੀ ਕੇਵਲ ਤੇ ਕੇਵਲ ਨਾਮਧਾਰੀ ਵਿਰਾਸਤ ਨੂੰ ਸੰਭਾਲਣ ਦੇ ਯੋਗ ਹਨ ਕਿਉਂਕਿ ਉਹਨਾਂ ਨੂੰ ਇਹ ਰਿਵਾਇਤ ਵਿਰਸੇ ਵਿਚ ਮਿਲੀ ਹੈ। ਉਹ ਇਸ ਕਰਕੇ ਵੀ ਯੋਗ ਹਨ ਕਿਉਂਕਿ ਉਹ ਨਾਮਧਾਰੀ ਪ੍ਰੰਪਰਾ ਨੂੰ ਸਮਝਦੇ ਹਨ ਅਤੇ ਉਸਨੂੰ ਅੱਗੇ ਤੋਰਨ ਦੀ ਸਮਝ ਤੇ ਸਮਰੱਥਾ ਰੱਖਦੇ ਹਨ। ਅਜੋਕੇ

ਸਮੇਂ ਵਿਚ ਨਵੇਂ ਸੰਦਰਭ ਵਿਚ ਚੁਣੌਤੀਆਂ ਨੂੰ ਸਮਝ ਕੇ ਨਾਮਧਾਰੀ ਮਰਯਾਦਾ ਨੂੰ ਉਸਦੇ ਹਾਣ ਦਾ ਕਰ ਸਕਦੇ ਹਨ।

ਸ. ਮੋਹਿੰਦਰ ਸਿੰਘ ਗਿੱਲ ਸਾਬਕਾ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਵਿਜ਼ਟਰ ਬੁੱਕ ਵਿਚ ਆਪਣੇ ਵਿਚਾਰ ਇਸਤਰਾਂ ਲਿਖਦੇ ਹਨ-ਅੱਜ ਮੈਂ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਦਰਸ਼ਨ ਕਰਕੇ ਬਹੁਤ ਅਨੰਦ ਅਤੇ ਪ੍ਰਸੰਨਤਾ ਮਹਿਸੂਸ ਕਰ ਰਿਹਾ ਹਾਂ। ਉਹ ਵਾਹਿਗੁਰੂ ਦੀ ਅਪਾਰ ਕ੍ਰਿਪਾ ਨਾਲ ਸਿੱਖ ਪੰਥ ਨੂੰ ਯੋਗ ਅਗਵਾਈ ਦੇਣਗੇ। ਪ੍ਰਮਾਤਮਾ ਇਹਨਾਂ ਨੂੰ ਚੜ੍ਹਦੀ ਕਲਾ ਵਿਚ ਰੱਖੇ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਾਣ ਤੇ ਬਹੁਤ ਘਾਟ ਹੋਈ ਹੈ। ਇਹ ਉਹਨਾਂ ਦੀ ਘਾਟ ਪੂਰੀ ਕਰਨ ਦੀ ਸਮਰੱਥਾ ਰੱਖਦੇ ਹਨ। ਬਹੁਤ ਸਾਲਾਂ ਤੋਂ ਮੇਰੇ ਮਨ ਵਿਚ ਸੀ ਕਿ ਇਹ ਹੀ ਸਤਿਗੁਰੂ ਜੀ (ਜਗਜੀਤ ਸਿੰਘ) ਦੇ ਵਾਰਸ ਜਾਂ ਗਦੀ ਨਸ਼ੀਨ ਹੋ ਕੇ ਉਤਰਾਧਿਕਾਰੀ ਬਣਨਗੇ। ਕਿਉਂਕਿ ਇਹ ਸਭ ਤੋਂ ਵੱਧ ਸਤਿਗੁਰੂ ਜੀ ਦੇ ਸਤਿਬਚਨੀ ਸਿੱਖ ਅਤੇ ਯੋਗ ਹਨ।

ਸਤਿਗੁਰੂ ਉਦੈ ਸਿੰਘ ਜੀ ਦੇ ਗੁਰਗੱਦੀ ਤੇ ਬੈਠਣ ਤੇ ਹਰ ਪਾਸੇ, ਚੌਤਰਤਵਾ ਖੇੜਾ ਹੈ, ਚਾਅ ਹੈ, ਨਾਮਧਾਰੀ ਸੰਗਤਾਂ ਵਿਚ ਖੁਸ਼ੀ ਦੀ ਲਹਿਰ ਹੈ। ਸਤਿਗੁਰੂ ਜੀ ਪਿੰਡ ਪਿੰਡ ਦੇ, ਸ਼ਹਿਰ ਸ਼ਹਿਰ ਦੌਰੇ ਕਰ ਕੇ ਅਤੇ ਵਿਦੇਸ਼ਾਂ ਵੀ ਦੌਰੇ ਕਰਕੇ ਸਿੱਖ ਸੰਗਤਾਂ ਨੂੰ ਨਿਵਾਜ ਰਹੇ ਹਨ ਅਤੇ ਘਰ ਘਰ ਚਰਨ ਪਾ ਰਹੇ ਹਨ। ਬਜ਼ੁਰਗਾਂ ਦਾ, ਬੱਚਿਆਂ ਦਾ ਹਾਲ ਚਾਲ ਪੁੱਛਦੇ ਹਨ। ਸਤਿਗੁਰੂ ਜੀ ਗੁਰਸਿੱਖੀ ਤੋਂ ਦੂਰ ਗਏ ਨੌਜਵਾਨਾਂ ਨੂੰ ਮੁੜ ਗੁਰਸਿੱਖੀ ਜੀਵਨ ਜੀਉਣ ਦੀ ਪ੍ਰੇਰਣਾ ਦੇ ਰਹੇ ਹਨ। ਸਿੱਖ ਸੰਗਤਾਂ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਆਪਣੇ ਆਪ ਨੂੰ ਵਡਭਾਗਾ ਸਮਝਦੀਆਂ ਹਨ।

ਪਰਉਪਕਾਰੀ ਸਤਿਗੁਰੂ ਉਦੈ ਸਿੰਘ ਜੀ ਨੇ ਮਾਘੀ ਦੇ ਮੇਲੇ ਤੇ ਸ੍ਰੀ ਮੁਕਤਸਰ ਸਾਹਿਬ ਵਿਚ ਆਪਣਾ ਪਲੇਠਾ ਦੌਰਾ ਕੀਤਾ ਤੇ ੧੨ ਜਨਵਰੀ ੨੦੧੩ ਨੂੰ ਨਾਮਧਾਰੀ ਸ਼ਾਲਾ ਸ੍ਰੀ ਮੁਕਤਸਰ ਸਾਹਿਬ ਸ਼ਾਮ ਦੇ ਸਮੇਂ ਪਹੁੰਚੇ ਤੇ ੪੦ ਮੁਕਤਿਆਂ ਦੇ ਪਾਵਨ ਅਸਥਾਨ ਇਤਿਹਾਸਕ ਗੁਰਦੁਆਰੇ ਸ੍ਰੀ ਦਰਬਾਰ ਦੇ ਦਰਸ਼ਨ ਕੀਤੇ ਅਤੇ ਸ਼ਾਮ ੬ ਵਜੇ ਸਜੇ ਤੇ ਦੀਵਾਨ ਵਿਚ ਦਰਸ਼ਨ ਦਿੱਤੇ। ੧੩ ਜਨਵਰੀ ੨੦੧੩ ਨੂੰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹੋਇਆ। ਸ੍ਰੀ ਆਦਿ ਗ੍ਰੰਥ ਸਾਹਿਬ ਦੇ ੮ ਪਾਠਾਂ ਦੇ ਭੋਗ ਪਏ, ਅਰਦਾਸ ਹੋਈ ਤੇ ਮੇਲੇ ਦੀ ਸਮਾਪਤੀ ਹੋਈ।

ਸੰਮਤ ੧੯੧੮ ਮਾਘੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਭੀ ਸ੍ਰੀ ਮੁਕਤਸਰ ਸਾਹਿਬ ਦੀ ਪਾਵਨ ਧਰਤੀ ਤੇ ਪਹੁੰਚੇ ਸਨ ਤੇ ਉਹਨਾਂ ਨੇ ਸ਼ਾਮ ਨੂੰ ਦੀਵਾਨ ਲਗਾਏ ਸਨ ਤੇ ਸਵੇਰੇ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ "ਮੁਕਤਸਰੋਵਰ" ਵਿਚ ਮਾਘੀ ਦਾ ਇਸ਼ਨਾਨ ਕੀਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰੰਪਰਾ ਨੂੰ ਕਾਇਮ ਰੱਖਦੇ ਹੋਏ। ਸਤਿਗੁਰੂ ਉਦੈ ਸਿੰਘ ਜੀ ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਨੂੰ ਤਾਰਿਆ।

੧੫ ਜਨਵਰੀ ਨੂੰ ਫਗਵਾੜੇ ਦਰਸ਼ਨ ਦਿੱਤੇ ੨ ਤੋਂ ੩ ਇਕ ਘੰਟਾ ਨਿਤਨੇਮ ਕਰਨ ਤੋਂ ਬਾਅਦ ਸੰਗਤਾਂ ਨੂੰ ਤਾਰਦੇ ਹੋਏ। ਸ੍ਰੀ ਭੈਣੀ ਸਾਹਿਬ ਪਹੁੰਚੇ ੧੭ ਜਨਵਰੀ ਨੂੰ ਮਲੇਰਕੋਟਲੇ ਦੇ ਸ਼ਹੀਦਾਂ ਦੇ ਮੇਲੇ ਤੇ ਲਗਭਗ ੧੧ ਵਜੇ ਪਹੁੰਚੇ ਤੇ ਸੰਗਤਾਂ ਨੇ ਸਤਿਗੁਰੂ ਉਦੈ ਸਿੰਘ ਜੀ ਦਾ ਫੁਲਾਂ ਦੇ ਹਾਰਾਂ ਨਾਲ ਸਵਾਗਤ ਕੀਤਾ। ੧੮ ਜਨਵਰੀ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਸਮਾਪਤੀ ਤੋਂ ਬਸੰਤ ਦੀ ਵਾਰ ਗਾਇਨ ਕੀਤੀ ਗਈ। ਸੂਬਾ ਅਜੀਤ ਸਿੰਘ ਬਟਾਲਾ ਨੇ ਸਮਾਪਤੀ ਦੀ ਅਰਦਾਸ ਕੀਤੀ।

ਸਤਿਗੁਰੂ ਉਦੈ ਸਿੰਘ ਜੀ ਦਾ ਬਹੁਤ ਵੱਡਾ ਪਰਉਪਕਾਰ ਹੈ ਕਿ ਆਪ ਜੀ ਨੇ ਫਰਵਰੀ ਵਿਚ ਵੀ ਦੌਰੇ ਕਰਕੇ ਨਾਮਧਾਰੀ ਸਾਧ ਸੰਗਤ ਨੂੰ ਤਾਰਿਆ। ਫਰਵਰੀ ਵਿਚ ਬੰਗਲੌਰ, ਤੂਰ ਫਾਰਮ (ਫਲੌਰ), ਲਿਟਾਂ (ਕਪੂਰਥਲਾ), ਜਲੰਧਰ, ਕੂਕਿਆਂ ਦੀ ਬੀੜ, ਸਿਆੜ, ਯਮਨਾ ਨਗਰ, ਚੰਡੀਗੜ੍ਹ, ਫਾਜ਼ਿਲਕਾ, ਰਾਜਸਥਾਨ ਵਿਚ ਜੋੜਕੀਆਂ (ਹਨੂੰਮਾਨਗੜ੍ਹ), ਮਸਤਾਨਗੜ੍ਹ ੧੨ ਮਈ ੨੦੧੩ ਨੂੰ ਸਤਿਗੁਰੂ ਉਦੈ ਸਿੰਘ ਜੀ ਨੇ ਹਿਮਾਚਲ ਦੀ ਸੰਗਤ ਨੂੰ ਤਾਰਿਆ। ੧੪ ਮਈ ਨੂੰ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚੇ। ਸਤਿਗੁਰੂ ਜੀ ਨੇ ਮਾਲਵੇ ਦੀ ਧਰਤੀ ਦੇ ਵੀ ਭਾਗ ਜਗਾਏ, ਭਗਤਾ ਭਾਈਕਾ, ਗੁਰੂ ਕਾ ਕੋਠਾ, ਗੌਂਸਪੁਰ, ਬਾਜਾਖਾਨਾ, ਅਲਕੜਾ, ਭਦੌੜ, ਬਰਨਾਲਾ, ਢਿਲਵਾਂ, ਭਾਈ ਰੂਪਾ, ਜੰਗੀਆਨਾ ਸੂਬਾ ਜਗੀਰ ਸਿੰਘ ਦੇ ਸਹੁਰੇ ਘਰ ਗੁੰਮਟੀ, ਬੁਰਜ ਥਰੋੜ, ਘਨੀਆਂ ਆਦਿ ਪਿੰਡਾਂ ਵਿਚ ਨਾਮਧਾਰੀ ਸਿੱਖਾਂ ਦੇ ਘਰ ਚਰਨ ਪਾ ਕੇ ਆਪਣੇ ਸਿੱਖਾਂ ਨੂੰ ਨਿਵਾਜਿਆ ਤੇ ਮਾਲਵੇ ਦੀ ਧਰਤੀ ਨੂੰ ਹਰਿਆਵਲਾ ਕੀਤਾ ਅਤੇ ਪਹਿਲਾ ਵਿਦੇਸ਼ੀ ਦੌਰਾ ਮਸਕਟ ਅਤੇ ਯੂ. ਏ. ਈ. ਵਿਚ ਕੀਤਾ ਤੇ ਨਾਮਧਾਰੀ ਸਿੱਖਾਂ ਦੇ ਘਰ-ਘਰ ਚਰਣ ਪਾਉਣ ਦੀ ਕ੍ਰਿਪਾ ਕੀਤਾ। ਸਤਿਗੁਰੂ ਉਦੈ ਸਿੰਘ ਜੀ ਮਹਾਨ ਪਰਉਪਕਾਰ ਕਰ ਰਹੇ ਹਨ, ਗਰੀਬਾਂ ਦੀ ਅਰਜ ਬੇਨਤੀ ਸੁਣਦੇ ਹਨ, ਸਹਾਇਤਾ ਕਰਦੇ ਹਨ।



—*ਸੁਲੱਖਣ ਸਿੰਘ ਭਿੰਡਰ*

*੧੩੮, ਜੋਧੂ ਕਾਲੋਨੀ, ਗਲੀ ਨੰ.-੬*
*ਸ੍ਰੀ ਮੁਕਤਸਰ ਸਾਹਿਬ-੧੫੨੦੨੬,*
*ਮੋਬ-੯੫੬੯੦-੮੨੧੮੮*


NamdhariElibrary@gmail.com

# ਕਾਲੇ ਦਿਨਾਂ ਦੀ ਕਹਾਣੀ



—ਵਰਿਆਮ ਸਿੰਘ ਸੰਧੂ

ਪੰਜਾਬੀ ਕਹਾਣੀ ਦੇ ਇਤਿਹਾਸ ਵਿੱਚ ਜਿੱਥੇ ਵਿਧਾ ਪੱਖੋਂ ਜਟਿਲ-ਬਿਰਤਾਂਤ ਵਾਲੀ ਲੰਮੀ ਕਹਾਣੀ ਲਿਖਣਾ ਮੇਰੀ ਵਿਸ਼ੇਸ਼ਤਾ ਗਿਣੀ ਗਈ ਉਥੇ ਕਿਰਸਾਣੀ ਜੀਵਨ ਦੇ ਪ੍ਰਮਾਣਿਕ ਚਿਤਰ ਪੇਸ਼ ਕਰਨ ਅਤੇ ਰਾਜਨੀਤਕ ਚੇਤਨਾ ਦੀ ਕਹਾਣੀ ਲਿਖਣ ਦੇ ਨਾਲ 'ਪੰਜਾਬ ਸੰਕਟ' ਬਾਰੇ ਲਿਖੀ ਕਹਾਣੀ ਨੇ ਵੀ ਮੈਨੂੰ ਵਿਸ਼ੇਸ਼ ਪਛਾਣ ਦਿੱਤੀ। ਮੇਰੀਆਂ ਇਹਨਾਂ ਕਹਾਣੀਆਂ ਦੀ ਭਾਵੇਂ ਕੁੱਝ ਕੁ 'ਕਮਿਊਨਿਸਟ ਹਲਕਿਆਂ' ਵੱਲੋਂ ਪਹਿਲਾਂ-ਪਹਿਲਾਂ, ਕੁਝ-ਕੁਝ ਆਲੋਚਨਾ ਵੀ ਹੋਈ ਪਰ ਪਾਠਕਾਂ ਦੀ ਮਿਲੀ ਬਹੁਤ ਵੱਡੀ ਪਰਸੰਸਾ ਨੇ ਮੇਰੀ ਕਹਾਣੀ ਦੇ ਨਾਲ ਨਾਲ ਮੇਰਾ ਕੱਦ ਵੀ ਉੱਚਾ ਕਰ ਦਿੱਤਾ। ਇਹ ਕਹਾਣੀਆਂ ਮੈਂ ਆਪਣੇ ਲਹੂ ਨੂੰ ਕਸ਼ੀਦ ਕਰਕੇ ਲਿਖੀਆਂ ਸਨ। ਮੈਂ ਹਰ ਸਾਹ ਨਾਲ ਉਸ ਦੌਰ ਦੇ ਆਤੰਕ ਅਤੇ ਭੈਅ ਦੇ ਨਾਲ ਨਾਲ ਤੁਰਿਆ ਸਾਂ। ਇਹਨਾਂ ਕਹਾਣੀਆਂ ਵਿੱਚ ਵਾਪਰਨ ਵਾਲਾ ਸਭ ਕੁੱਝ ਮੇਰੇ ਆਸ ਪਾਸ ਹੀ ਵਾਪਰ ਰਿਹਾ ਸੀ। ਮੇਰੀ ਸ਼ਾਹ-ਰਗ ਤੋਂ ਵੀ ਨੇੜੇ।

ਮੇਰਾ ਇਲਾਕਾ ਅਤੇ ਮੇਰਾ ਪਿੰਡ ਦੋ-ਪਾਸੜ ਕਾਲੇ ਆਤੰਕ ਦਾ ਡੰਗਿਆ ਹੋਇਆ ਸੀ। ਹੈ ਤਾਂ ਵਿਡੰਬਨਾਂ ਹੀ ਕਿ ਕਦੀ ਮਹਾਨ ਦੇਸ਼-ਭਗਤ ਸੂਰਬੀਰਾਂ ਨੂੰ ਜਨਮ ਦੇਣ ਵਾਲਾ ਅਤੇ ਪੰਜਾਬ ਦੇ ਕਿਸੇ ਵੀ ਪਿੰਡ ਨਾਲੋਂ ਗਿਣਤੀ ਵਿੱਚ ਸਭ ਤੋਂ ਵੱਧ ਸੂਰਮੇ ਗ਼ਦਰ-ਲਹਿਰ ਨੂੰ ਸਮਰਪਿਤ ਕਰਨ ਵਾਲਾ ਇਹ ਪਿੰਡ ਇਸ ਦੌਰ ਵਿੱਚ ਪੰਜਾਬ ਦੇ ਕਿਸੇ ਵੀ ਹੋਰ ਪਿੰਡ ਨਾਲੋਂ ਵੱਧ 'ਸਟੇਨਧਾਰੀ' ਪੈਦਾ ਕਰਨ ਵਿੱਚ ਵੀ 'ਬਾਜ਼ੀ' ਲੈ ਗਿਆ। ਇਹ ਤੱਥ ਸਮਾਜਸ਼ਾਸਤਰੀਆਂ ਵੱਲੋਂ ਬਾਅਦ ਵਿੱਚ ਕੀਤੇ ਅਧਿਐਨਾਂ ਤੋਂ ਪਤਾ ਚੱਲੇ ਹਨ। ਸੀ ਆਰ ਪੀ ਦਾ ਨਿਰੰਤਰ ਪਹਿਰਾ ਹੋਣ ਦੇ ਬਾਵਜੂਦ ਕੋਈ ਦਿਨ ਅਜਿਹਾ ਨਹੀਂ ਸੀ ਹੁੰਦਾ ਜਿਸ ਦਿਨ ਪਿੰਡ ਵਾਲਿਆਂ ਨੇ ਕਦੀ 'ਮੁੰਡਿਆਂ' ਦੀ ਗੋਲੀ ਦੀ ਆਵਾਜ਼ ਨਾ ਸੁਣੀ ਹੋਵੇ।

ਜਦੋਂ ਜੀਅ ਕਰਦਾ ਪੁਲਿਸ ਤੇ ਸੀ ਆਰ ਪੀ ਵਾਲੇ ਸਾਰੇ ਪਿੰਡ ਦੇ ਪੱਗ-ਬੰਨ੍ਹ ਬੰਦੇ ਕਈ ਕਈ ਘੰਟੇ ਪਿੰਡੋਂ ਬਾਹਰ ਖੁਲ੍ਹੇ ਮੈਦਾਨਾਂ ਵਿੱਚ ਬਿਠਾ ਛੱਡਦੇ ਤੇ ਪਿੰਡ ਵਿੱਚ 'ਅੱਤਵਾਦੀਆਂ' ਨੂੰ ਲੱਭਣ ਲਈ ਤਲਾਸ਼ੀਆਂ ਲੈਂਦੇ ਰਹਿੰਦੇ। ਕਾਲੇ ਸ਼ੀਸ਼ਿਆਂ ਵਾਲੀ ਕਿਸੇ ਕਾਰ ਵਿੱਚ ਬੈਠੇ ਸੂਹੀਏ ਦੀਆਂ ਨਜ਼ਰਾਂ ਅੱਗੋਂ ਸਾਰੇ ਪਿੰਡ ਦੇ ਲੋਕਾਂ ਨੂੰ ਕਤਾਰਾਂ ਬੰਨ੍ਹ ਕੇ ਲੰਘਾਉਂਦੇ 'ਮੁੰਡੇ' ਤਾਂ ਪਿੰਡ ਵਿੱਚ ਆਉਂਦੇ ਤੇ ਫਿਰਦੇ ਹੀ ਰਹਿੰਦੇ ਸਨ। ਲੋਕਾਂ ਨੂੰ ਮਿਲਦੇ ਵੀ ਸਨ. ਕਾਲੇ ਸ਼ੀਸ਼ਿਆਂ ਵਾਲੀ ਕਾਰ ਅੱਗੋਂ ਲੰਘਦਿਆਂ ਹਰ ਕਿਸੇ ਦਾ ਸਾਹ ਸੂਤਿਆ ਹੁੰਦਾ ਕਿ ਪਤਾ ਨਹੀਂ ਕੌਣ ਅੰਦਰ ਬੈਠਾ ਹੋਇਆ ਹੈ ਤੇ ਉਸਨੇ ਕਦੋਂ ਉਸਦਾ ਨਾਂ ਲੈ ਦੇਣਾ ਹੈ! ਨਾਂ ਲੈਣ ਲਈ ਕਿਸੇ ਕੋਲ ਰਾਤ ਕੱਟੀ ਹੋਣ, ਰੋਟੀ ਖਾਧੀ ਹੋਣ ਤੋਂ ਇਲਾਵਾ ਉਸ ਨਾਲ 'ਸਿਰਫ਼ ਸਾਹਿਬ-ਸਲਾਮ' ਹੋਈ ਹੋਣ ਦਾ ਗੁਨਾਹ ਹੀ ਕਾਫ਼ੀ ਸੀ। ਬਾਹਰ ਮਰਦ ਸੂਲੀ ਤੇ ਟੰਗੇ ਹੁੰਦੇ ਤੇ ਘਰਾਂ ਵਿੱਚ ਔਰਤਾਂ ਤੇ ਬੱਚੇ-ਬੱਚੀਆਂ। ਉਹਨਾਂ ਨੂੰ ਆਪਣੀ ਜਾਨ ਤੇ ਇੱਜ਼ਤ ਦੋਵਾਂ ਦਾ ਖ਼ਤਰਾ ਬਣਿਆਂ ਰਹਿੰਦਾ।

ਇੱਕ ਵਾਰ ਮੈਂ ਜਲੰਧਰੋਂ ਬਾਅਦ-ਦੁਪਹਿਰ ਪਿੰਡ ਅੱਪੜਿਆ। ਬੱਸ ਅੱਡੇ 'ਤੇ ਉੱਤਰ ਕੇ ਵੇਖਿਆ ਪਿੰਡ ਦੇ ਲੋਕ ਪਿੰਡੋਂ ਬਾਹਰਵਾਰ ਸਕੂਲ ਦੀ ਗਰਾਊਂਡ ਵਿੱਚ ਭੇਡਾਂ-ਬੱਕਰੀਆਂ ਵਾਂਗ ਇਕੱਠੇ ਕਰ ਕੇ ਬਿਠਾਏ ਹੋਏ ਸਨ। ਸਾਰੇ ਪਿੰਡ ਨੂੰ ਪੁਲਿਸ ਨੇ ਘੇਰਾ ਪਾਇਆ ਹੋਇਆ ਸੀ। ਪਿੰਡ ਵਿੱਚ ਪੁਲਿਸ ਤੇ ਸੀ ਆਰ ਪੀ ਤਲਾਸ਼ੀ ਲੈ ਰਹੀ ਸੀ। ਉਹਨਾਂ ਨੂੰ ਪਿੰਡ ਵਿੱਚ ਅੱਤਵਾਦੀਆਂ ਦੇ ਹੋਣ ਦੀ 'ਉਚੇਚੀ' ਸੂਹ ਮਿਲੀ ਸੀ। ਬੱਸਾਂ ਤੋਂ ਉੱਤਰਨ ਵਾਲੀਆਂ ਪਿੰਡ ਦੀਆਂ ਮੇਰੇ ਵਰਗੀਆਂ ਸਵਾਰੀਆਂ ਪਹਿਲਾਂ ਵਾਂਗ ਹੀ ਕੁੱਝ ਘੰਟਿਆਂ ਪਿੱਛੋਂ ਘੇਰਾ ਚੁੱਕੇ ਜਾਣ ਤੇ ਘਰ ਜਾਣ ਦੀ ਆਸ ਵਿੱਚ ਬੈਠੀਆਂ ਹਾਲਾਤ-ਏ-ਹਾਜ਼ਿਰਾ 'ਤੇ ਟਿੱਪਣੀਆਂ ਕਰ ਰਹੀਆਂ ਸਨ। ਕੁੱਝ ਕੁ ਬੰਦੇ ਅਜਿਹੇ ਵੀ ਸਨ ਜਿਹੜੇ ਘੇਰਾ ਪਾਉਣ ਤੋਂ ਕੁੱਝ ਚਿਰ ਪਹਿਲਾਂ ਬਾਹਰ ਨਿਕਲ ਆਏ ਸਨ। ਖੇਤਾਂ ਤੋਂ ਘਰਾਂ ਨੂੰ ਮੁੜਨ ਵਾਲੇ ਵੀ ਸਾਡੇ ਨਾਲ ਹੀ ਟੰਗੇ ਹੋਏ ਸਨ।

ਏਸੇ ਵੇਲੇ ਪਿੰਡ ਵਿੱਚ ਗੋਲੀਆਂ ਚੱਲਣ ਦਾ ਜ਼ਬਰਦਸਤ ਖੜਾਕ ਹੋਇਆ ਤੇ ਫਿਰ ਕਿੰਨਾ ਚਿਰ ਗੋਲੀਆਂ ਚੱਲਦੀਆਂ ਰਹੀਆਂ। ਉੱਠਦੇ ਧੂੜ ਤੇ ਧੂੰਏ ਨੂੰ ਵੇਖ ਕੇ ਹਰ ਕੋਈ ਗੋਲੀ ਚੱਲਣ ਵਾਲੇ ਥਾਂ ਦਾ ਅਨੁਮਾਨ ਲਾਉਣ ਲੱਗਾ। ਮੈਨੂੰ ਜਾਪਿਆ ਗੋਲੀ ਮੇਰੇ ਘਰ ਦੇ ਆਸ ਪਾਸ ਹੀ ਕਿਧਰੇ ਚੱਲੀ ਸੀ। ਏਸੇ ਵੇਲੇ 'ਘੋਸੀਆਂ' ਦਾ ਤਾਰੀ ਆਖਣ ਲੱਗਾ, "ਛਿੰਦੂ ਹੁਰੀਂ ਮਾਰੇ ਗਏ! ਮੈਂ ਅਜੇ ਉਹਨਾਂ ਨੂੰ ਮਿਲ ਕੇ ਹੀ ਆਇਆ ਸਾਂ। ਮੈਨੂੰ ਲੱਗਦੈ ਉਹ ਓਥੇ ਹੀ ਲੁਕੇ ਕਾਬੂ ਆ ਗਏ ਨੇ, ਘੇਰੇ 'ਚੋਂ ਨਿਕਲ ਨਹੀਂ ਸਕੇ।"


Namdhari Elibrary NamdhariElibrary@gmail.com

ਉਹ ਠੀਕ ਹੀ ਕਹਿ ਰਿਹਾ ਸੀ ਸ਼ਾਇਦ। ਜਿੱਥੇ ਉਹ ਇੱਕ ਉਜਾੜ ਮਕਾਨ ਵਿੱਚ ਉਹਨਾਂ ਨੂੰ ਮਿਲਣ ਦੀ ਗੱਲ ਕਰਦਾ ਸੀ, ਉਹ ਮੇਰੇ ਘਰ ਤੋਂ ਪੰਜ-ਦਸ ਮਕਾਨ ਹੀ ਪਰ੍ਹਾਂ ਸੀ। ਸ਼ਾਮ ਉੱਤਰ ਰਹੀ ਸੀ ਤੇ ਹੁਣ ਨਹੀਂ ਸੀ ਲੱਗਦਾ ਕਿ ਘੇਰਾ ਚੁੱਕਿਆ ਜਾਵੇਗਾ ਤੇ ਸਾਨੂੰ ਘਰੋ-ਘਰੀ ਜਾਣ ਦੀ ਇਜਾਜ਼ਤ ਮਿਲ ਸਕੇਗੀ। ਕਿਸੇ ਨੇ ਸੀ ਆਰ ਪੀ ਦੇ ਹਵਾਲੇ ਨਾਲ ਇਹ ਵੀ ਆ ਦੱਸਿਆ ਕਿ ਸਾਰੇ ਲੋਕਾਂ ਨੂੰ ਪੁਲਿਸ ਆਪਣੇ ਪਹਿਰੇ ਵਿੱਚ ਪਿੰਡ ਦੇ ਛਾਉਣੀ ਸਾਹਿਬ ਵਾਲੇ ਗੁਰਦਵਾਰੇ ਵਿੱਚ ਰਾਤ ਕੱਟਣ ਲਈ ਲੈ ਕੇ ਜਾਣ ਲੱਗੀ ਹੈ। ਕਿਸੇ ਨੂੰ ਨਹੀਂ ਸੀ ਪਤਾ ਕਿ ਪਿੰਡ ਦੀ ਤਲਾਸ਼ੀ ਸਾਰੀ ਰਾਤ ਜਾਰੀ ਰਹੇਗੀ ਜਾਂ ਘੇਰਾ ਮਜ਼ਬੂਤ ਕਰ ਕੇ ਤਲਾਸ਼ੀ ਦਾ ਕੰਮ ਸਵੇਰ ਤੱਕ ਮੁਲਤਵੀ ਕਰ ਦਿੱਤਾ ਜਾਵੇਗਾ। ਸਾਰੇ ਲੋਕ ਆਪਣੇ ਜਾਣਕਾਰਾਂ ਦੀਆਂ ਬਹਿਕਾਂ 'ਤੇ ਰਾਤ ਕੱਟਣ ਲਈ ਆਪੋ ਆਪਣਾ ਜੁਗਾੜ ਕਰਨ ਦੀ ਸੋਚਣ ਲੱਗੇ। ਉੱਤੋਂ ਬੱਦਲ ਵੀ ਘਿਰ ਆਏ ਸਨ ਤੇ ਵਿੱਚ ਵਿੱਚ ਕਦੀ ਕਦੀ ਭੂਰ ਜਿਹੀ ਵੀ ਪੈਣ ਲੱਗੀ ਸੀ।

ਮੈਂ ਵੀ ਸੋਚਿਆ ਬਾਹਰ ਖੇਤਾਂ ਵਿੱਚ ਬੀਬੀ ਹੁਰਾਂ ਕੋਲ ਚਲੇ ਜਾਂਦਾ ਹਾਂ। ਏਸੇ ਵੇਲੇ ਕਿਸੇ ਨੇ ਦੱਸਿਆ ਕਿ ਮੇਰਾ ਲੜਕਾ ਸੁਪਨਦੀਪ ਵੀ ਪਿੰਡ ਦੇ ਸਕੂਲ ਵਿੱਚ ਇਕੱਠੀ ਕੀਤੀ ਭੀੜ ਵਿੱਚ ਸ਼ਾਮਲ ਸੀ। ਮੈਂ ਹੈਰਾਨ ਹੋਇਆ ਕਿ ਉਸਨੂੰ ਕੀ ਲੋੜ ਸੀ ਬਾਹਰ ਆਉਣ ਦੀ? ਉਹ ਘਰ ਕਿਉਂ ਨਾ ਰਿਹਾ? ਉਹ ਤਾਂ ਅਜੇ ਦਸਾਂ ਸਾਲਾਂ ਦਾ ਵੀ ਨਹੀਂ ਸੀ ਹੋਇਆ! ਮੈਂ ਬਾਹਰ ਬਹਿਕ 'ਤੇ ਜਾਣ ਦਾ ਇਰਾਦਾ ਤਰਕ ਕਰ ਦਿੱਤਾ ਅਤੇ ਆਪ ਸਕੂਲ ਵਿੱਚ ਘੇਰੇ ਵਿੱਚ ਘਿਰੇ ਬੈਠੇ ਲੋਕਾਂ ਵੱਲ ਤੁਰ ਪਿਆ। ਛੋਟੇ ਜਿਹੇ ਬੱਚੇ ਨੂੰ ਭੀੜ ਵਿੱਚ ਇਕੱਲਾ ਮਹਿਸੂਸ ਕਰਕੇ ਮੈਂ ਚਿੰਤਾਤੁਰ ਹੋ ਗਿਆ। ਸੁਪਨ ਬਾਰੇ ਮੈਂ ਅਜੇ ਆਪਣੇ ਆਂਢ-ਗੁਆਂਢ ਦੇ ਲੋਕਾਂ ਨੂੰ ਪੁੱਛ ਹੀ ਰਿਹਾ ਸਾਂ ਕਿ ਤਾਇਆ ਲਾਭ ਚੰਦ ਕਹਿੰਦਾ, "ਫੋਰਸਾਂ ਵਾਲਿਆਂ ਨੇ ਲਾਊਡ ਸਪੀਕਰ 'ਚ ਆਖਿਆ ਕਿ ਦਸ-ਬਾਰਾਂ ਸਾਲ ਤੋਂ ਵੱਧ ਦੇ ਸਾਰੇ ਮਰਦ ਘਰਾਂ 'ਚੋਂ ਬਾਹਰ ਆ ਜਾਣ। ਨਿੱਕਾ ਕਾਕਾ ਕਹਿੰਦਾ ਸੀ ਕਿ ਮੈਂ ਵੀ ਜਾਣੈ ਮੈਂ ਦਸਾਂ ਸਾਲਾਂ ਦਾ ਹੋ ਗਿਆਂ। ਐਥੇ ਹੀ ਕਿਤੇ ਫਿਰਦਾ ਸੀ।"

ਏਨੇ ਚਿਰ ਵਿੱਚ ਸੁਪਨ ਵੀ ਪਤਾ ਲੱਗਣ 'ਤੇ ਭੀੜ ਦੀਆਂ ਲੱਤਾਂ ਵਿਚੋਂ ਥਾਂ ਬਣਾਉਂਦਾ ਮੇਰੇ ਕੋਲ ਆਣ ਪੁੱਜਾ। ਸਾਰੇ ਪਿੰਡ ਵਾਸੀ ਕਤਾਰਾਂ ਬਣਾ ਕੇ ਗੁਰਦਵਾਰੇ ਦੇ ਅਹਾਤੇ ਵਿੱਚ ਲਿਜਾਏ ਗਏ। ਬਾਰਾਂ ਪੱਤੀਆਂ ਵਾਲੇ ਪਿੰਡ ਦੇ ਏਨੇ ਲੋਕਾਂ ਦੀ ਭੀੜ ਲਈ ਸਿਰ ਲੁਕਾਉਣ ਵਾਸਤੇ ਗੁਰਦਵਾਰੇ ਦੀ ਇਮਾਰਤ ਤੇ ਹੋਰ ਥਾਂ ਥੋੜ੍ਹੀ ਸੀ। ਬਾਬੇ ਬਿਧੀ ਚੰਦੀਆਂ ਨੇ ਲੰਗਰ ਤਾਂ ਨਾ ਥੁੜਨ ਦਿੱਤਾ ਪਰ ਲੋੜ ਅਨੁਸਾਰ ਕਮਰੇ ਅਤੇ ਬਰਾਂਡੇ ਥੁੜ ਗਏ ਸਨ। ਤਿੰਨ-ਚਾਰ ਹਜ਼ਾਰ ਬੰਦਿਆਂ ਲਈ ਰਜਾਈਆਂ ਵੀ ਕਿੱਥੇ ਪੂਰੀਆਂ ਆਉਣੀਆਂ ਸਨ! ਜਿੱਥੇ ਅੜਤਲਾ ਲੱਭਾ, ਲੋਕ ਥਾਂ ਮੱਲ ਕੇ ਬਹਿ ਗਏ ਕਈਆਂ ਨੇ ਖੁੱਲ੍ਹੇ ਮੈਦਾਨ ਵਿੱਚ ਪਈ ਪਰਾਲੀ ਦੇ ਢੇਰਾਂ 'ਤੇ ਡੇਰੇ ਲਾ ਲਏ। ਰਜਾਈਆਂ ਦੀ ਥਾਂ ਆਪਣੇ ਉੱਤੇ ਪਰਾਲੀ ਦੇ ਥੱਬੇ ਸੁੱਟ ਲਏ। ਉੱਤੋਂ ਕੁਦਰਤ ਦੀ ਕਰੋਪੀ ਇਹ ਹੋਈ ਕਿ ਕਦੀ ਮੀਂਹ ਵਰ੍ਹਨ ਲੱਗ ਪੈਂਦਾ ਤੇ ਕਦੀ ਰੁਕ ਜਾਂਦਾ। ਲੋਕਾਂ ਨੇ ਸਾਰੀ ਰਾਤ ਬੁਰੇ ਹਾਲੀਂ ਕੱਟੀ।

ਦਿਨ ਚੜ੍ਹਿਆ ਤਾਂ ਗੁਰਦਵਾਰੇ ਦੇ ਲੰਗਰ ਵਿੱਚ ਤਿਆਰ ਹੋਈ ਚਾਹ ਨੇ ਨਿੱਘ ਦਿੱਤਾ। ਲੋਕ ਕੱਲ੍ਹ ਤੋਂ ਹੁਣ ਤੱਕ ਵਾਪਰ ਰਹੀ ਹੋਣੀ ਬਾਰੇ ਗੱਲਾਂ ਕਰ ਰਹੇ ਸਨ। ਸਾਰੇ ਆਪਣੇ ਘਰਾਂ ਤੇ ਬਾਲ-ਬੱਚਿਆਂ ਬਾਰੇ ਫ਼ਿਕਰਮੰਦ ਸਨ। ਉਧਰ ਘਰ ਵਿੱਚ ਰਹਿ ਗਏ ਜੀਆਂ ਨੂੰ ਆਪਣੇ ਬੰਦਿਆਂ ਦੀ ਚਿੰਤਾ ਸੀ। ਪਿੰਡ ਵਿੱਚ ਕੱਲ੍ਹ ਦੁਪਹਿਰ ਤੋਂ ਲੈ ਕੇ ਕਰਫਿਊ ਵਾਲੀ ਹਾਲਤ ਬਣੀ ਹੋਈ ਸੀ। ਬਾਰਾਂ ਕੁ ਵਜੇ ਪਿੰਡ ਵਿਚੋਂ ਫਿਰ ਗੋਲੀਆਂ ਦੀ ਗੜਗੜਾਹਟ ਦੀ ਲੰਮੀ ਆਵਾਜ਼ ਆਈ ਕੋਈ ਭਾਣਾ ਵਾਪਰ ਗਿਆ ਸੀ।

ਸ਼ਾਮ ਤੱਕ ਸਾਨੂੰ ਘਰ ਜਾਣ ਦੀ ਆਗਿਆ ਮਿਲੀ। ਸੁਪਨਦੀਪ ਤੇ ਮੈਨੂੰ ਵੇਖ ਕੇ ਰਜਵੰਤ ਦਾ ਸਾਹ ਵਿੱਚ ਸਾਹ ਆਇਆ। ਇਸ ਘੇਰੇ ਵਿੱਚ ਪਿੰਡ ਦੇ ਦੋ ਮੁੰਡੇ ਰਾਤੀਂ ਤੇ ਤਿੰਨ ਸਵੇਰੇ ਮਾਰੇ ਗਏ ਸਨ। ਮੈਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਸਾਡੇ ਘਰ ਦੇ ਪਿਛਵਾੜੇ ਰਹਿੰਦੇ ਧਿਆਨ ਸਿੰਘ ਨਿਹੰਗ ਦਾ ਅਣਦਾਹੜੀਆ ਮੁੰਡਾ ਸ਼ਬੇਗਾ ਵੀ ਮਾਰਿਆ ਗਿਆ ਸੀ। ਉਹ ਕਦੋਂ ਕੁ ਦਾ ਇਹਨਾਂ ਨਾਲ ਤੁਰਿਆ ਹੋਇਆ ਸੀ! ਉਹ ਤਾਂ ਬੜਾ ਭੋਲਾ-ਭਾਲਾ ਤੇ ਸਿੱਧੜ ਜਿਹਾ ਸੀ! ਉਸਨੂੰ ਚੱਲ ਰਹੀ ਇਸ ਸਿਆਸਤ ਦਾ ਤਾਂ ਸ਼ਾਇਦ ਇੱਕ ਅੱਖਰ ਵੀ ਨਹੀਂ ਸੀ ਆਉਂਦਾ! ਜਦੋਂ ਉਹ ਨਿੱਕਾ ਜਿਹਾ ਬਾਲ ਸੀ ਤਾਂ ਸਾਡੇ ਘਰ ਰੋਜ਼ ਸਵੇਰੇ ਲਵਾਇਆ ਦੁੱਧ ਦੇਣ ਆਉਂਦਾ ਸੀ। ਮੈਂ ਗੁਆਂਢ-ਮੱਥਾ ਹੋਣ ਕਰਕੇ ਅਫ਼ਸੋਸ ਕਰਨ ਜਾਣਾ ਹੀ ਸੀ। ਕਿਸੇ ਨੇ ਘਰਦਿਆਂ ਨਾਲ ਅਫਸੋਸ ਕਰਦਿਆਂ ਕਿਹਾ, "ਛੋਟੀ ਉਮਰ ਵਿੱਚ ਤੁਰ ਜਾਣਾ ਗੱਲ ਤਾਂ ਬੜੇ ਦੁੱਖ ਦੀ ਹੈ ਪਰ ਕੌਮ ਤੋਂ ਕੁਰਬਾਨ ਹੋਣਾ ਵੀ ਕਿਸੇ ਕਰਮਾਂ ਵਾਲੇ ਦੇ ਨਸੀਬਾਂ ਵਿੱਚ ਹੀ ਹੁੰਦਾ ਹੈ! ਸ਼ਹੀਦੀ ਜਾਮ ਪੀ ਕੇ ਸ਼ਬੇਗ ਸੁੰਹ ਆਪਣਾ ਤੇ ਕੌਮ ਦਾ ਨਾਂ ਰੋਸ਼ਨ ਕਰ ਗਿਆ।"

ਸ਼ਬੇਗੇ ਦੇ ਤਾਏ ਗਿਆਨ ਸਿੰਘ ਨੇ ਵੱਡੀ ਸਾਰੀ ਗਾਲ੍ਹ ਕੱਢੀ, "ਉਹਨੂੰ ਕੀ ਪਤਾ ਕੌਮ ਕੀ ਹੁੰਦੀ ਆ ਤੇ ਕੁਰਬਾਨੀ ਕੀ


NamdhariElibrary NamdhariElibrary@gmail.com

ਏ? ਜਿਸਨੂੰ ਬਹੁਤਾ ਸ਼ੌਕ ਐ ਆਪ ਕੁਰਬਾਨੀ ਕਰ ਕੇ ਵੇਖ ਲਵੇ ਜਾਂ ਆਪਣਾ ਮੁੰਡਾ ਮਰਵਾ ਕੇ ਵੇਖੇ। ਉਹ ਤਾਂ ਚਾਹ ਪੀਣ ਆ ਵੜੇ ਭੈਂ-ਦੇ ਢਹੇ ਚੜ੍ਹ ਗਿਆ। ਸਟੇਨ ਹੱਥ 'ਚ ਫੜ੍ਹ ਕੇ ਕਮਲਾ ਹੋ ਗਿਆ। ਕਹਿਦਾ ਮੈਂ ਤੁਹਾਡੇ ਨਾਲ ਜਾਣੈਂ ਮੈਂ ਵੀ ਰੋਕਿਆ, ਧਿਆਨ ਸੁੰਹ ਵੀ ਰੋਕਿਆ ਆਖਣ ਲੱਗਾ ਦੋ ਕੁ ਦਿਨ ਬਦਾਮ ਖਾ ਕੇ ਆ ਜਾਊਂ। ਨਾ ਅੱਗੋਂ ਨਾ ਪਿੱਛੋਂ, ਆਹ ਚੌਥ ਦੀ ਗੱਲ ਈ, ਓਦਣ ਉਹਨਾਂ ਨਾਲ ਤੁਰ ਗਿਆ।"

ਉਸ ਸਾਧਾਰਨ ਕਿਰਸਾਣ ਦੇ ਬੋਲਾਂ ਵਿੱਚ ਬੱਚੇ ਦੇ ਤੁਰ ਜਾਣ ਦਾ ਦਰਦ ਵੀ ਬੋਲ ਰਿਹਾ ਸੀ ਤੇ ਲਈਆਂ ਤੇ ਦਿੱਤੀਆਂ ਜਾ ਰਹੀਆਂ 'ਕੁਰਬਾਨੀਆਂ' ਬਾਰੇ ਦ੍ਰਿਸ਼ਟੀਕੋਨ ਵੀ ਪਰਗਟ ਹੋ ਰਿਹਾ ਸੀ।

ਘੇਰਾ ਟੁਟਣ ਤੋਂ ਅਗਲੇ ਦਿਨ ਬਾਅਦ ਦੁਪਹਿਰ ਤਿੰਨ ਲਾਸ਼ਾਂ ਦਾ ਸਸਕਾਰ ਪਿੰਡ ਦੇ ਚੜ੍ਹਦੇ ਪਾਸੇ ਤੇ ਦੋ ਦਾ ਲਹਿੰਦੇ ਪਾਸੇ ਹੋਇਆ। ਓਸੇ ਰਾਤ ਉਹਨਾਂ ਦੀਆਂ ਬਲਦੀਆਂ ਚਿਤਾਵਾਂ 'ਤੇ ਮੁੰਡਿਆਂ ਨੇ ਆ ਕੇ ਫਿਰ ਦੜਾ-ਦੜ ਅੱਧਾ ਘੰਟਾ ਗੋਲੀਆਂ ਚਲਾ ਕੇ ਆਪਣੇ 'ਜਿਊਂਦੇ ਹੋਣ' ਦੀ ਖ਼ਬਰ ਦੇ ਦਿੱਤੀ।

ਇਕ ਦਿਨ ਸਾਡੇ ਖੇਤਾਂ ਦੇ ਨੇੜੇ 'ਮੁਕਾਬਲਾ' ਹੋਇਆ ਤੇ ਤਿੰਨ ਮੁੰਡੇ ਮਾਰੇ ਗਏ। ਮੈਂ ਅਗਲੇ ਅਗਲੇਰੇ ਦਿਨ ਖੇਤਾਂ ਵਿੱਚ ਗਿਆ ਤਾਂ ਆਪਣੇ ਭਰਾ ਨੂੰ ਪੁੱਛਿਆ ਕਿ ਮੁਕਾਬਲੇ ਵਿੱਚ ਮਾਰੇ ਜਾਣ ਵਾਲੇ ਕੌਣ ਸਨ? ਉਸਨੇ ਦੱਸਿਆ ਕਿ 'ਫਲਾਣੇ' ਹੁਰੀਂ ਇਥੋਂ ਸਾਡੇ ਕੋਲੋਂ ਹੀ ਐਧਰ ਸੂਏ ਵੱਲ ਲੰਘੇ ਸਨ। ਅੱਗੇ ਸੀ ਆਰ ਪੀ ਵਾਲਿਆਂ ਦਾ ਨਾਕਾ ਸੀ ਉਹਨਾਂ ਨੇ ਫਾਇਰਿੰਗ ਖੋਲ੍ਹ ਦਿੱਤੀ ਤੇ ਮੁੰਡੇ ਮਾਰੇ ਗਏ। ਉਸਨੇ ਇਹ ਦੱਸ ਕੇ ਮੈਨੂੰ ਹੈਰਾਨ ਕਰ ਦਿੱਤਾ, "ਚੌਥ ਜਿਹੜਾ ਫਰੰਦੀਪੁਰੀਆਂ ਦਾ ਸਮੱਧਰ ਜਿਹਾ ਮੁੰਡਾ ਆਪਣੀ ਬਾਸਮਤੀ ਝੰਬਾ ਰਿਹਾ ਸੀ। ਉਹ ਕੰਜਰ ਐਵੇਂ ਹੀ ਸ਼ੌਕ ਸ਼ੌਕ ਵਿੱਚ ਉਹਨਾਂ ਨਾਲ ਤੁਰ ਗਿਆ ਤੇ ਭੰਗ ਦੇ ਭਾੜੇ ਮਾਰਿਆ ਗਿਆ। ਆਖਦਾ ਸੀ, ਦੋ ਕੁ ਦਿਨ ਬਾਬਿਆਂ ਦੇ ਰੰਗ-ਤਮਾਸ਼ੇ ਵੀ ਵੇਖ ਆਈਏ!"

ਇਹਨਾਂ ਵਿੱਚ 'ਭੰਗ ਦੇ ਭਾੜੇ' ਮਾਰੇ ਜਾਣ ਵਾਲੇ ਮੁੰਡੇ ਵੀ ਹੁੰਦੇ ਤੇ ਆਪਣੀ ਸੋਚ ਦੀ ਪ੍ਰਤੀਬੱਧਤਾ ਲਈ ਮਾਰੇ ਜਾਣ ਵਾਲੇ ਵੀ। ਮੇਰੀਆਂ ਪੈਲੀਆਂ ਦੇ ਨੇੜੇ ਹੀ ਇੱਕ ਦਿਨ ਸਾਡੀ ਗੁਆਂਢੀ ਬਹਿਕ ਵਾਲਿਆਂ ਦਾ ਮੁੰਡਾ ਤੇ ਮੇਰਾ ਸ਼ਾਗਿਰਦ 'ਲੈਫਟੀਨੈਂਟ ਜਨਰਲ' ਹਰਜਿੰਦਰ ਸਹਿਵਨ ਹੀ ਸੀ ਆਰ ਪੀ ਵਾਲਿਆਂ ਦੇ ਖੇਤਾਂ ਵਿੱਚ ਮਾਰੇ ਗੇੜੇ ਸਮੇਂ ਬੰਬੀ ਤੋਂ ਨਿਕਲ ਕੇ ਆਪਣੇ ਬਚਾ ਲਈ ਦੌੜਿਆ। ਉਹ ਸਾਡੇ ਪਰਿਵਾਰ ਦੇ ਜੀਆਂ ਦੇ ਸਾਹਮਣੇ ਚੱਲੀਆਂ ਗੋਲੀਆਂ ਦੇ ਵਟਾਂਦਰੇ ਵਿੱਚ ਮਾਰਿਆ ਗਿਆ।

ਇਸ ਘਟਨਾ ਨੂੰ ਹੋਏ ਕੁੱਝ ਦਿਨ ਹੀ ਬੀਤੇ ਸਨ ਕਿ 'ਮੁੰਡਿਆਂ' ਨੇ ਇੱਕ ਪਰਿਵਾਰ ਦੇ ਚਾਰ ਜੀਅ ਮਾਰ ਦਿੱਤੇ। ਕੁਝ ਦਿਨਾਂ ਬਾਦ ਪਤਾ ਲੱਗਾ ਕਿ ਦਸਵੀਂ ਪਾਸ ਕਰਕੇ ਗਿਆ ਮੇਰਾ ਇੱਕ ਹੋਰ ਸ਼ਾਗਿਰਦ ਪਰਮਜੀਤ, ਜੋ 'ਓਧਰ' ਤੁਰ ਪਿਆ ਸੀ, ਸੀ ਆਰ ਪੀ ਵਾਲਿਆਂ ਦੇ ਕਾਬੂ ਆ ਗਿਆ। ਸੀ ਆਰ ਪੀ ਦੇ ਇੰਸਪੈਕਟਰ ਨੇ ਉਸਨੂੰ ਛੱਡਣ ਦਾ ਤਿੰਨ ਦਿਨਾਂ ਦੇ ਵਿੱਚ ਵਿੱਚ ਲੱਖ ਰੁਪਈਆ ਲੈਣਾ ਮੰਗਿਆ। ਉਸਦੇ ਗਰੀਬ ਮਾਪੇ ਫੜ-ਫੜਾ ਕੇ ਮਸਾਂ ਤੀਹ ਹਜ਼ਾਰ ਹੀ ਇਕੱਠਾ ਕਰ ਸਕੇ। ਇੰਸਪੈਕਟਰ ਕੋਲ ਜਾ ਕੇ ਅਰਜ਼ ਗੁਜ਼ਾਰੀ ਕਿ ਉਹ ਏਨੇ ਪੈਸੇ ਲੈ ਕੇ ਮੁੰਡਾ ਛੱਡ ਦੇਵੇ; ਉਹ ਹਰ ਹਾਲਤ ਵਿੱਚ ਅਗਲੇ ਦਿਨਾਂ ਵਿੱਚ 'ਉਸਦਾ' ਲੱਖ ਰੁਪਈਆ ਪੂਰਾ ਕਰ ਦੇਣਗੇ। ਉਸਨੇ ਅੱਗੋਂ ਇਨਕਾਰ ਕਰਦਿਆਂ ਇੱਕ ਦਿਨ ਵਿੱਚ ਹੀ ਲੱਖ ਰੁਪਈਆ ਦੇਣ ਦੀ ਮੰਗ ਕਰੜਾਈ ਨਾਲ ਦੁਹਰਾ ਦਿੱਤੀ। ਇੱਕ ਦਿਨ ਵਿੱਚ ਉਹ ਵਿਚਾਰੇ ਲੱਖ ਰੁਪਈਆਂ ਕਿੱਥੋਂ ਲੈ ਕੇ ਆਉਂਦੇ! ਜੇ ਲਿਆ ਸਕਦੇ ਹੁੰਦੇ ਤਾਂ ਪਹਿਲਾਂ ਨਾ ਲੈ ਕੇ ਜਾਂਦੇ! ਤੀਜੇ ਦਿਨ ਮੁੰਡੇ ਦੇ 'ਪੁਲਿਸ ਮੁਕਾਬਲੇ' ਵਿੱਚ ਮਾਰੇ ਜਾਣ ਦੀ ਖ਼ਬਰ ਆ ਗਈ।

ਇਂਜ ਹੀ ਮੇਰਾ ਹੋਰ ਸ਼ਾਗਿਰਦ ਪਰਗਟ ਬਾਬਾ ਬੁੱਢਾ ਸਾਹਿਬ ਦੀ ਬੀੜ ਵੱਲ, ਪਿੰਡ ਦੀ ਟਰਾਲੀ ਵਿੱਚ, ਹੋਰਨਾਂ ਨਾਲ ਮੇਲਾ ਵੇਖਣ ਜਾਂਦਾ ਪੁਲਿਸ ਨੇ ਟਰਾਲੀ ਵਿਚੋਂ ਲਾਹ ਲਿਆ। ਫੇਰ ਉਸਦੀ ਕੋਈ ਉੱਘ-ਸੁੱਘ ਪਤਾ ਨਾ ਚੱਲੀ। ਕੁੱਝ ਦਿਨ ਹੋਰ ਤੇ ਮੁੰਡਿਆਂ ਨੇ ਫਿਰ ਕਿਸੇ ਟੱਬਰ ਦੇ ਪੰਜ ਜੀਅ ਮਾਰ ਦਿੱਤੇ। ਇੱਕ ਹੋਰ ਦਿਨ: ਮੇਰੇ ਜਮਾਤੀ ਰਹੇ ਕਿਰਪਾਲ (ਇਹ ਉਹੋ ਕਿਰਪਾਲ ਸੀ ਜੋ ਕਦੀ ਸੀ ਆਈ ਡੀ ਵਿੱਚ ਹੁੰਦਾ ਸੀ ਤੇ ਬਾਅਦ ਵਿੱਚ ਨੌਕਰੀ ਛੱਡਕੇ ਪਿੰਡ ਦੀ ਸਿਆਸਤ ਵਿੱਚ ਸਰਗਰਮੀ ਨਾਲ ਕੰਮ ਕਰ ਰਿਹਾ ਸੀ) ਨੂੰ ਪਿੰਡ ਦੇ ਹੀ ਮੁੰਡਿਆਂ ਨੇ ਇਸ ਕਰਕੇ ਮਾਰ ਦਿੱਤਾ ਕਿਉਂਕਿ ਉਹ ਹੋਣ ਵਾਲੀਆਂ ਪੰਚਾਇਤ-ਚੋਣਾਂ ਦੀ ਅਵਾਈ ਸੁਣ ਕੇ ਸਰਪੰਚ ਖਲੋਣ ਦੀ ਇੱਛਾ ਰੱਖਦਾ ਸੀ!

ਇਹ ਤਾਂ ਐਵੇਂ ਚੱਲਦਿਆਂ ਚੱਲਦਿਆਂ 'ਗਿਣਤੀ ਕਰਾਉਣ ਵਾਲੀ ਗੱਲ' ਹੈ। ਸੱਚੀ ਗੱਲ ਤਾਂ ਇਹ ਹੈ ਕਿ ਮੇਰੇ ਪਿੰਡ ਨੇ ਇੱਕ ਦਿਨ ਵਿੱਚ ਕਈ ਕਈ ਲਾਸ਼ਾਂ ਦੇ ਸਸਕਾਰ ਹੁੰਦੇ ਵੇਖੇ ਚਿੱਟੇ ਲੀੜੇ ਪਾ ਕੇ ਸਾਡੇ ਪਿੰਡ ਅਫ਼ਸੋਸ ਲਈ ਆਉਣ ਅਤੇ ਦੂਜੇ ਪਿੰਡਾਂ ਵਿੱਚ ਅਫ਼ਸੋਸ ਕਰਨ ਲਈ ਜਾਣ ਵਾਲਿਆਂ ਦੀਆਂ ਭਰੀਆਂ ਟਰਾਲੀਆਂ ਦੁੱਖ ਦਾ ਬੋਝ ਝੱਲਣੋਂ ਅਸਮਰੱਥ ਹੋ ਗਈਆਂ ਜਾਪਦੀਆਂ ਸਨ। ਜਿਹੜੇ ਲੋਕਾਂ ਦੀ ਮੌਤ ਦਾ ਜ਼ਿਕਰ


NamdhariElibrary NamdhariElibrary@gmail.com

ਕੀਤਾ ਹੈ ਇਹ ਸਾਰੇ 'ਸਿੱਖ' ਸਨ; ਮਰਨ ਵਾਲੇ ਵੀ ਤੇ ਮਾਰਨ ਵਾਲੇ ਵੀ। ਇਹ ਕੈਸੀ, 'ਸਿੱਖਾਂ ਦੇ ਹਿਤਾਂ ਤੇ ਆਜ਼ਾਦੀ ਦੀ ਲੜਾਈ' ਲੜੀ ਜਾ ਰਹੀ ਸੀ! ਪੁਲਿਸ ਵੱਲੋਂ ਮਾਰੇ ਗਏ ਵੀ ਸਾਰੇ ਦੋਸ਼ੀ ਨਹੀਂ ਸਨ ਤੇ ਮੁੰਡਿਆਂ ਵੱਲੋਂ ਮਾਰੇ ਜਾਣ ਵਾਲਿਆਂ ਦਾ ਵੀ ਅਜਿਹਾ ਕੋਈ ਕਸੂਰ ਨਹੀਂ ਸੀ ਕਿ ਉਹਨਾਂ ਨੇ 'ਲੜੇ ਜਾ ਰਹੇ ਸੰਘਰਸ਼' ਵਿੱਚ ਕੋਈ ਰੁਕਾਵਟ ਪਾਈ ਹੋਵੇ ਜਾਂ ਕਿਸੇ ਪ੍ਰਕਾਰ ਦੀ ਕੋਈ ਮੁਖ਼ਬਰੀ ਕੀਤੀ ਹੋਵੇ। ਉਹਨਾਂ ਦਾ ਕਸੂਰ ਤਾਂ ਸਿਰਫ਼ ਏਨਾ ਕੁ ਹੀ ਹੁੰਦਾ ਸੀ ਕਿ ਉਹਨਾਂ ਦੀ ਪਿੰਡ ਦੇ ਹੀ ਕਿਸੇ ਹੋਰ ਸ਼ਰੀਕ ਨਾਲ ਲਾਗ-ਡਾਟ ਹੁੰਦੀ ਸੀ। 'ਮੁੰਡਿਆਂ' ਨਾਲ ਜੁੜੀ ਦੂਜੀ ਧਿਰ ਇਸ ਨਿੱਜੀ ਪਰਿਵਾਰਕ ਰੰਜਿਸ਼ ਨੂੰ 'ਕੌਮ ਨਾਲ ਕੀਤੇ ਜਾਂਦੇ ਕਿਸੇ ਧ੍ਰੋਹ ਨਾਲ ਜੋੜ ਦਿੰਦੀ ਸੀ' ਤੇ ਅਗਲਿਆਂ ਦੇ ਪਰਿਵਾਰ ਦਾ ਘਾਣ-ਬੱਚਾ-ਘਾਣ ਕਰ ਦਿੱਤਾ ਜਾਂਦਾ ਸੀ।

ਇੱਕ ਵਾਰ ਤਾਂ ਮੈਂ ਤੇ ਮੇਰਾ ਪਰਿਵਾਰ ਵੀ ਏਸੇ ਜ਼ਾਤੀ ਰੰਜਿਸ਼ ਦਾ ਸ਼ਿਕਾਰ ਹੋ ਚੱਲਿਆ ਸੀ। ਇਹ ਬਲੂ ਸਟਾਰ ਆਪ੍ਰੇਸ਼ਨ ਤੋਂ ਕੁੱਝ ਮਹੀਨੇ ਪਹਿਲਾਂ ਦੀ ਗੱਲ ਹੈ। ਮੇਰੇ ਸਕੂਲ ਦਾ ਪੀ ਟੀ ਅਧਿਆਪਕ ਬਾਰਡਰ 'ਤੇ ਰਹਿਣ ਵਾਲੇ ਵੱਡੇ ਸਮਗਲਰ ਪਰਿਵਾਰ ਦਾ ਮੁੰਡਾ ਸੀ। ਬੜਾ ਹੀ ਮਿਲਣਸਾਰ ਤੇ ਮਿਠਬੋਲੜਾ। ਉਂਜ ਵੀ ਉਸਦੇ ਪੈਸੇ, ਉਨ੍ਹਾਂ ਦੇ ਪਰਿਵਾਰ ਦੀ ਸਰਦਾਰੀ ਤੇ ਅੱਜ-ਕੱਲ੍ਹ ਭਿੰਡਰਾਂਵਾਲੇ ਸੰਤ ਨਾਲ ਉਹਨਾਂ ਦੀ ਨਜ਼ਦੀਕੀ ਕਰਕੇ ਸਾਰੇ ਅਧਿਆਪਕ ਤੇ ਵਿਦਿਆਰਥੀ ਉਸਦੀ ਪੈਂਠ ਮੰਨਦੇ ਸਨ। ਮੇਰੇ ਨਾਲ ਉਹ ਬੜੇ ਆਦਰ ਨਾਲ ਪੇਸ਼ ਆਉਂਦਾ।

ਪਰ ਇੱਕ ਵਾਰ ਸਾਡੀ ਦੋਵਾਂ ਦੀ ਠਣ ਗਈ।

ਉਹ ਸਵੇਰ ਤੋਂ ਲੈ ਕੇ ਅੱਧੀ ਦਿਹਾੜੀ ਤੱਕ ਮੁੰਡਿਆਂ ਨੂੰ ਕਬੱਡੀ ਖਿਡਾਈ ਜਾਂਦਾ। ਕੁੱਝ ਮੁੰਡੇ ਖੇਡ ਰਹੇ ਹੁੰਦੇ, ਬਾਕੀ ਤਮਾਸ਼ਬੀਨ ਬਣ ਕੇ ਵੇਖਦੇ ਰਹਿੰਦੇ। ਹੈੱਡਮਾਸਟਰ ਉਸਨੂੰ ਕੁੱਝ ਕਹਿਣ ਜੋਗਾ ਨਹੀਂ ਸੀ। ਬਾਕੀ ਅਧਿਆਪਕਾਂ ਨੂੰ ਇਤਰਾਜ਼ ਕੋਈ ਨਹੀਂ ਸੀ। ਇਤਰਾਜ਼ ਸੀ ਤਾਂ ਮੈਨੂੰ ਕਿ ਉਹਦੀ ਕਬੱਡੀ ਖਿਡਾਉਣ ਦੇ ਸਮੇਂ ਵਿੱਚ ਮੇਰੀ ਜਮਾਤ ਦਾ ਪੀਰੀਅਡ ਰੋਜ਼ ਅੰਜਾਈਂ ਚਲਾ ਜਾਂਦਾ ਸੀ। ਮੈਂ ਦੋ ਕੁ ਦਿਨ ਮੁੰਡਿਆਂ ਨੂੰ ਸਮਝਾਇਆ ਕਿ ਮੇਰੀ ਜਮਾਤ ਲੱਗਣ ਤੱਕ ਉਹ ਕਬੱਡੀ ਤੋਂ ਵਿਹਲੇ ਹੋ ਕੇ ਆ ਜਾਇਆ ਕਰਨ ਪਰ ਪੀ ਟੀ ਉਹਨਾਂ ਨੂੰ ਆਉਣ ਨਹੀਂ ਸੀ ਦਿੰਦਾ। ਤੀਜੇ ਕੁ ਦਿਨ ਤਾਂ ਉਸਨੇ ਉਹਨਾਂ ਨੂੰ ਇਹ ਵੀ ਕਹਿ ਦਿੱਤਾ ਕਿ ਉਹ ਨਿਰਸੰਕੋਚ ਹੋ ਕੇ ਖੇਡਦੇ ਰਹਿਣ, ਉਸਦੇ ਹੁੰਦਿਆਂ ਉਹਨਾਂ ਨੂੰ ਕੋਈ ਕੁੱਝ ਨਹੀਂ ਆਖ ਸਕਦਾ! ਹੋ ਸਕਦਾ ਹੈ ਉਸਨੇ ਮੇਰੇ 'ਤੇ ਮਾਣ ਜਾਂ ਅਧਿਕਾਰ ਸਮਝਦੇ ਹੋਏ ਹੀ ਇਹ ਕਿਹਾ ਹੋਵੇ ਪਰ ਮੈਨੂੰ ਉਸਦੀ ਇਹ ਗੱਲ ਲੜ ਗਈ। ਅਗਲੇ ਦਿਨ ਉਹਦੀ ਹਾਜ਼ਰੀ ਵਿੱਚ ਕੌਡੀ ਖੇਡਦਿਆਂ ਮੁੰਡਿਆਂ ਨੂੰ ਕੱਪੜੇ ਪਵਾ ਕੇ ਤੇ ਅੱਗੇ ਤੋਂ 'ਬੰਦੇ ਦੇ ਪੁੱਤ' ਬਣਨ ਲਈ ਆਖ ਕੇ ਮੈਂ ਜਮਾਤ ਵੱਲ ਤੋਰ ਲਿਆ ਤਾਂ ਉਹ ਗੁੱਸੇ ਵਿੱਚ ਮੇਰੇ ਵੱਲ ਵੇਖਦਾ ਹੀ ਰਹਿ ਗਿਆ। ਉਸਨੂੰ ਲੱਗਾ ਮੈਂ ਉਸਦੀ ਮੁੱਛ ਨੀਵੀਂ ਕਰ ਦਿੱਤੀ ਹੈ!

ਓਸੇ ਰਾਤ ਉਹਨਾਂ ਦੇ ਘਰ ਖਾੜਕੂ ਆਏ। ਉਸਨੇ ਉਹਨਾਂ ਨੂੰ ਮੇਰੇ ਬਾਰੇ ਕਿਹਾ ਕਿ 'ਮੈਂ ਸੰਤਾਂ ਦਾ ਬੜਾ ਵੱਡਾ ਨਿੰਦਕ ਤੇ ਦੋਖੀ ਹਾਂ ਅਤੇ ਉਸਦੇ ਵਾਰ ਵਾਰ ਸਮਝਾਉਂਦੇ ਰਹਿਣ 'ਤੇ ਵੀ ਮੈਂ ਆਪਣੀ ਕਰਤੂਤ ਤੋਂ ਬਾਜ਼ ਨਹੀਂ ਆਉਂਦਾ! ਮੇਰੇ ਵਰਗੇ 'ਪੰਥ-ਦੋਖੀ' ਨੂੰ ਜਿੰਨੀ ਛੇਤੀ ਸੋਧਾ ਲਾਇਆ ਜਾਵੇ ਓਨਾ ਹੀ 'ਪੰਥ ਦੇ ਭਲੇ ਦੀ ਗੱਲ' ਹੈ।'

ਅੱਗੋਂ ਉਹਨਾਂ ਨੇ ਮੈਨੂੰ ਹਫ਼ਤੇ ਦੇ ਵਿੱਚ ਵਿੱਚ ਪਰਿਵਾਰ-ਸਮੇਤ ਸੋਧ ਦੇਣ ਦਾ ਵਚਨ ਦਿੱਤਾ।

ਅਗਲੇ ਦਿਨ ਪੀ ਟੀ ਨੇ ਆਪਣੇ ਦੋਸਤ-ਅਧਿਆਪਕ ਦਰਸ਼ਨ ਨੂੰ ਮੇਰੇ ਸੋਧੇ ਜਾਣ ਦੇ ਫ਼ੈਸਲੇ ਦੀ ਖ਼ਬਰ ਸੁਣਾ ਦਿੱਤੀ। ਦਰਸ਼ਨ ਮੇਰਾ ਬੀ ਐੱਡ ਦਾ ਜਮਾਤੀ ਰਹਿ ਚੁੱਕਾ ਸੀ। ਉਸਨੇ ਉਸਨੂੰ ਇਹ ਪਾਪ ਕਰਨੋਂ ਰੋਕਿਆ। ਸਾਡੀ ਸੁਲ੍ਹਾ-ਸਫ਼ਾਈ ਵੀ ਕਰਵਾ ਦਿੱਤੀ ਗਈ। ਪਰ ਜਿਹੜਾ ਤੀਰ ਛੁੱਟ ਚੁੱਕਾ ਸੀ ਉਸਦਾ ਕੀ ਕੀਤਾ ਜਾਵੇ! ਦਰਸ਼ਨ ਮੈਨੂੰ ਤਾਂ ਕੁੱਝ ਨਾ ਦੱਸਿਆ ਪਰ ਓਸੇ ਵੇਲੇ ਪੀ ਟੀ ਦੇ ਹੀ ਪਿੰਡ ਦੇ ਅਤੇ ਪੀ ਟੀ ਦੇ ਰਹਿ ਚੁੱਕੇ ਸਤਿਕਾਰਯੋਗ ਅਧਿਆਪਕ ਕਾਹਨ ਸਿੰਘ ਨੂੰ ਇਹ ਗੱਲ ਜਾ ਦੱਸੀ। ਪੀ ਟੀ ਦਾ ਅਧਿਆਪਕ ਕਾਹਨ ਸਿੰਘ ਮੇਰਾ ਨਜ਼ਦੀਕੀ ਮਿੱਤਰ ਸੀ ਤੇ ਉਹਦੇ ਕਰਕੇ ਹੀ ਪੀ ਟੀ ਮੈਨੂੰ ਵੀ ਅਧਿਆਪਕਾਂ ਵਰਗਾ ਆਦਰ ਦਿੰਦਾ ਰਿਹਾ ਸੀ। ਕਾਹਨ ਸਿੰਘ ਤੇ ਦਰਸ਼ਨ ਨੇ ਪੀ ਟੀ ਨੂੰ ਉਹਦੀ ਕਰਤੂਤ ਲਈ ਸ਼ਰਮਿੰਦਾ ਕੀਤਾ ਤੇ ਉਹ ਤਿੰਨੇ ਜਣੇ ਦੋ ਦਿਨ ਲਗਾਤਾਰ ਇੱਕ ਪਿੰਡ ਤੋਂ ਦੂਜੇ ਪਿੰਡ ਖਾੜਕੂਆਂ ਦੀਆਂ ਠਾਹਰਾਂ ਲੱਭਦੇ ਰਹੇ ਤਾਕਿ ਲਿਆ ਗਿਆ ਮਾਰੂ ਫ਼ੈਸਲਾ ਬਦਲਿਆ ਜਾ ਸਕੇ।

ਤੀਜੇ ਦਿਨ ਉਹਨਾਂ ਤਿੰਨਾਂ ਨੇ ਇੱਕ ਬਹਿਕ 'ਤੇ ਖਾੜਕੂਆਂ ਨੂੰ ਜਾ ਲੱਭਿਆ। ਉਹਨਾਂ ਨੂੰ ਵੇਖਦਿਆਂ ਹੀ ਉਹਨਾਂ ਦੇ ਆਗੂ ਨੇ ਕਿਹਾ, "ਮਾਸਟਰ ਜੀ ਨੂੰ ਸਾਡੇ ਤੇ ਯਕੀਨ ਨਹੀਂ ਲੱਗਦਾ। ਕੱਲ੍ਹ ਰਾਤ ਨੂੰ ਤੁਹਾਡੇ ਮਨ ਦੀ ਮੁਰਾਦ ਪੂਰੀ ਹੋ ਜਾਊ ਅਤੇ ਉਹ ਪੰਥ-ਦੋਖੀ ਸਮੇਤ ਪਰਿਵਾਰ ਨਰਕਾਂ ਵਿੱਚ ਪਹੁੰਚ ਜਾਊ। ਇਹ ਦੋ ਦਿਨ ਵੀ ਤਾਂ ਕਰ ਕੇ ਲੱਗ ਗਏ ਕਿ ਅਸੀਂ ਉਹਦੇ ਟਿਕਾਣੇ ਦਾ ਪੂਰਾ ਪਤਾ ਲਾਉਂਦੇ ਰਹੇ ਆਂ। ਨਹੀਂ ਇਤਬਾਰ ਤਾਂ


Namdhari Elibrary namdhariElibrary@gm

ਸੁਣੋਂ! ਅਸਲ ਵਿੱਚ ਉਹਨਾਂ ਦਾ ਘਰ ਬਾਜ਼ਾਰ ਵਿੱਚ ਹੋਣ ਕਰਕੇ ਸਵੇਰੇ ਤਾਂ ਓਥੇ ਸੀ ਆਰ ਪੀ ਫਿਰਦੀ ਰਹਿੰਦੀ ਹੈ। ਇਹ ਕੰਮ ਰਾਤ ਨੂੰ ਹੋਣ ਵਾਲਾ ਹੈ। ਇਕੱਲੇ ਦੀ ਗੱਲ ਹੁੰਦੀ ਤਾਂ ਅਸੀਂ ਸਕੂਲੇ ਜਾ ਕੇ ਹੀ ਸੋਧ ਦੇਣਾ ਸੀ। ਪਰ ਹੁਣ ਸਣੇ ਟੱਬਰ ਕੱਲ੍ਹ ਰਾਤ ਨੂੰ ਘਰੇ ਹੀ 'ਗੜ ਗੜ' ਹੋਊ ਜੇ ਸਾਡੇ 'ਤੇ ਨਹੀਂ ਯਕੀਨ ਤਾਂ ਅੱਗੇ ਸੁਣੋਂ, ਉਹਨਾਂ ਦੇ ਘਰ ਦੀ ਸਾਹਮਣੀ ਅਤੇ ਪਾਸੇ ਦੀ ਬਾਜ਼ਾਰ ਵਾਲੀ ਬਾਹੀ ਤੋਂ ਟੱਪ ਕੇ ਘਰ ਅੰਦਰ ਜਾਇਆ ਜਾ ਸਕਦਾ ਹੈ। ਕੰਧਾਂ ਮਸਾਂ ਦਸ ਦਸ ਫੁੱਟ ਹੀ ਉੱਚੀਆਂ ਨੇ ਉਹ ਸਾਰਾ ਟੱਬਰ ਬਾਹਰ ਵਿਹੜੇ ਵਿੱਚ ਪੱਖਾ ਲਾ ਕੇ ਸੌਂਦੇ ਨੇ। ਹੁਣ ਹੈ ਕੋਈ ਬੇਇਤਬਾਰੀ? ਕੱਲ੍ਹ ਨੂੰ ਇਹ ਕੰਮ ਹੋਇਆ ਲਓ ਹੁਣ ਕੋਈ ਹੋਰ ਸੇਵਾ ਦੱਸੋ।"

ਉਸਦਾ ਖ਼ੌਫ਼ਨਾਕ ਹਾਸਾ ਸੁਣਕੇ ਕਾਹਨ ਸਿੰਘ ਬੋਲਿਆ, "ਜਥੇਦਾਰ ਜੀ! ਅਸੀਂ ਹੋਰ ਸੇਵਾ ਕੀ ਦੱਸਣੀ ਏਂ। ਅਸੀਂ ਤਾਂ ਦੋਵੇਂ ਹੱਥ ਜੋੜ ਕੇ ਤਰਲਾ ਕਰਨ ਆਏ ਆਂ ਕਿ ਇਹਦੇ ਕੋਲੋਂ ਉਸ ਮਾਸਟਰ ਬਾਰੇ ਆਪਸ ਵਿੱਚ ਹੋਏ ਮਾਮੂਲੀ ਜਿਹੇ ਝਗੜੇ ਕਰਕੇ ਹੋਏ ਰੋਸੇ ਕਾਰਨ ਤੁਹਾਨੂੰ ਇਹ ਸਾਰਾ ਕੁੱਝ ਗਲਤੀ ਨਾਲ ਆਖਿਆ ਗਿਆ। ਕਿਰਪਾ ਕਰਕੇ ਉਸਨੂੰ ਸੋਧਣ ਦਾ ਆਪਣਾ ਫ਼ੈਸਲਾ ਬਦਲ ਲਓ। ਉਸ ਮਾਸਟਰ ਵਿਚਾਰੇ ਦਾ ਕੋਈ ਕਸੂਰ ਨਹੀਂ। ਬਖ਼ਸ਼ ਦਿਓ ਉਸਨੂੰ ਤੁਸੀਂ ਨਾ ਮਿਲਦੇ ਤਾਂ ਇਹਨਾਂ ਦੀ ਆਪਸੀ ਗ਼ਲਤਫ਼ਹਿਮੀ ਦੀ ਨਿੱਕੀ ਜਿਹੀ ਲੜਾਈ ਦਾ ਕਿੱਡਾ ਵਧਾਣ ਵਧ ਜਾਣਾ ਸੀ ਤੇ ਇੱਕ ਅਸਲੋਂ ਬੇਕਸੂਰ ਟੱਬਰ ਮਾਰਿਆ ਜਾਣਾ ਸੀ! ਇਹ ਤਾਂ ਦੋਵੇਂ ਅਗਲੇ ਦਿਨ ਤੋਂ ਫੇਰ ਘਿਓ-ਖਿਚੜੀ ਹੋਏ ਫਿਰਦੇ ਨੇ!"

ਜਥੇਦਾਰ ਅੱਗੋਂ ਆਖਣ ਲੱਗਾ, 'ਉਹ ਸੰਤਾਂ ਨੂੰ ਅਬਾ-ਤਬਾ ਬੋਲਦਾ ਹੈ ਕਾਮਰੇਡ ਆ ਕਾਮਰੇਡ ਨੂੰ ਤਾਂ ਅਸਾਂ ਹੁਣ ਨਹੀਂ ਛੱਡਣਾ।'

ਉਹਨਾਂ ਫਿਰ ਹੱਥ ਜੋੜੇ ਪੀ ਟੀ ਨੇ ਕਿਹਾ, 'ਬਾਬਾ ਜੀ ਮੈਥੋਂ ਹੀ ਗੁੱਸੇ ਵਿੱਚ ਭੁੱਲ ਹੋ ਗਈ। ਕਾਮਰੇਡ ਕੁਮਰੇਡ ਕੋਈ ਨਹੀਂ ਵਿਚਾਰਾ! ਉਹ ਤਾਂ ਹੀਰਾ ਬੰਦਾ ਹੈ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਭਾਣਾ ਨਾ ਵਰਤਾਇਓ।"

ਇਹ ਸਾਰਾ ਬਿਰਤਾਂਤ ਮੈਨੂੰ ਉਸ ਘਟਨਾ ਤੋਂ ਡੇਢ ਦਹਾਕਾ ਬਾਅਦ ਕਾਹਨ ਸਿੰਘ ਨੇ ਸੁਣਾਇਆ ਜਿਸਦਾ ਪੀ ਟੀ ਅਤੇ 'ਬਾਬਿਆਂ' ਨੂੰ ਸਮਝਾਉਣ ਵਿੱਚ ਮੁਖ ਰੋਲ ਸੀ। ਪੀ ਟੀ ਤਾਂ ਇਸ ਘਟਨਾ ਤੋਂ ਕੁੱਝ ਚਿਰ ਪਿਛੋਂ ਪਰਿਵਾਰ ਦੇ ਕਿਸੇ ਵੱਡੇ ਜੀਅ ਵੱਲੋਂ ਉਸਦੀ ਹਉਮੈਂ ਨੂੰ ਜ਼ਖ਼ਮੀ ਕੀਤੇ ਜਾਣ ਕਰਕੇ ਖ਼ੁਦਕੁਸ਼ੀ ਕਰ ਗਿਆ ਸੀ। ਸਾਡਾ ਦੂਜਾ ਅਧਿਆਪਕ ਸਾਥੀ ਦਰਸ਼ਨ ਵੀ ਕਿਸੇ ਹਾਦਸੇ ਵਿੱਚ ਕੁੱਝ ਸਾਲ ਪਿੱਛੋਂ ਚਲਾਣਾ ਕਰ ਗਿਆ। ਉਸ ਮਿਹਰਬਾਨ ਮਿੱਤਰ ਨੇ ਵੀ ਆਪਣੇ ਜਿਊਂਦੇ ਜੀ ਮੈਨੂੰ ਕਦੀ ਨਹੀਂ ਸੀ ਜਤਾਇਆ ਕਿ ਮੇਰੀ ਤੇ ਮੇਰੇ ਪਰਿਵਾਰ ਦੀ ਜਾਨ ਬਚਾਉਣ ਵਿੱਚ ਉਸਦਾ ਕਿੰਨਾਂ ਵੱਡਾ ਰੋਲ ਰਿਹਾ ਸੀ। ਜੇ ਡੇਢ ਦਹਾਕੇ ਬਾਅਦ ਐਵੇਂ ਗੱਲਾਂ ਗੱਲਾਂ ਵਿੱਚ ਕਾਹਨ ਸਿੰਘ ਇਹ ਸਾਰਾ ਵੇਰਵਾ ਮੈਨੂੰ ਨਾ ਦੱਸਦਾ ਤਾਂ ਇਸ ਭਿਅਨਾਕ ਰਹੱਸ 'ਤੇ ਪਰਦਾ ਹੀ ਪਿਆ ਰਹਿਣਾ ਸੀ। ਪਰ ਮੇਰੇ ਪਰਿਵਾਰ ਨਾਲ ਵਾਪਰਦੀ ਵਾਪਰਦੀ ਰਹਿ ਗਈ ਦੁਰਘਟਨਾ ਉਸ ਵੇਲੇ ਹੋਰ ਕਈ ਪਰਿਵਾਰਾਂ ਨਾਲ ਵਾਪਰ ਰਹੀ ਸੀ ਅਤੇ ਨਿੱਜੀ ਕਿੜਾਂ ਕੱਢਣ ਲਈ ਬੇਦੋਸ਼ੇ ਲੋਕਾਂ ਦਾ ਘਾਣ ਹੋਈ ਜਾ ਰਿਹਾ ਸੀ। ਸਾਰੇ ਮੇਰੇ ਜਿੰਨੇ ਖ਼ੁਸ਼-ਕਿਸਮਤ ਨਹੀਂ ਸਨ ਕਿ ਉਹਨਾਂ ਦਾ ਬਚਾ ਹੋ ਜਾਂਦਾ।

ਰਾਤ ਸਮੇਂ ਮੁੰਡਿਆਂ ਦਾ ਰਾਜ ਹੁੰਦਾ ਅਤੇ ਦਿਨੇ ਪੁਲਿਸ ਤੇ ਸੀ ਆਰ ਪੀ ਵਾਲਿਆਂ ਦਾ। ਦੋਵਾਂ ਧਿਰਾਂ ਦੀ ਇਸ ਲੜਾਈ ਵਿੱਚ ਮੇਰੇ ਪਿੰਡ ਦੇ ਘੱਟ-ਘੱਟ ਚਾਰ ਕੁ ਦਰਜਨ ਬੰਦੇ ਮਾਰੇ ਗਏ ਹੋਣਗੇ; ਕੁੱਝ ਪੁਲਿਸ ਦੀ ਗੋਲੀ ਨਾਲ ਤੇ ਕੁੱਝ 'ਮੁੰਡਿਆਂ' ਦੀ ਗੋਲੀ ਨਾਲ। ਇਹਨਾਂ ਵਿੱਚ ਦਰਜਨ ਕੁ ਤਾਂ ਮੇਰੇ ਵਿਦਿਆਰਥੀ ਸਨ ਜਿਹੜੇ ਮੇਰੇ ਕੋਲੋਂ ਪੜ੍ਹ ਕੇ ਗਏ ਸਨ ਅਤੇ ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਸਕੂਲ ਵਿੱਚ ਸਾਊ ਲੜਕੇ ਕਰਕੇ ਜਾਣਿਆਂ ਜਾਂਦਾ ਸੀ। ਪਤਾ ਨਹੀਂ ਹਾਲਾਤ ਦੀ ਕੈਸੀ ਖਿੱਚ ਸੀ ਕਿ ਮੁੰਡੇ ਰੋਕਦਿਆਂ ਵੀ 'ਉਧਰ' ਭੱਜੇ ਜਾਂਦੇ ਸਨ! ਸਕੂਲ ਦੇ ਵੱਡੀਆਂ ਜਮਾਤਾਂ ਦੇ ਵਿਦਿਆਰਥੀ ਦਿਨੇ ਸਕੂਲ ਵਿੱਚ ਹਾਜ਼ਰ ਹੁੰਦੇ ਤੇ ਰਾਤੀਂ ਆਪਣੇ ਘਰਾਂ ਵਿੱਚ ਆਏ 'ਖਾੜਕੂਆਂ' ਦੀ ਸੇਵਾ ਵਿੱਚ ਰੁੱਝੇ ਰਹਿੰਦੇ। ਕੁੱਝ ਇੱਕ ਤਾਂ ਦੋ-ਦੋ ਦਿਨ ਉਹਨਾਂ ਨਾਲ ਬਾਹਰ ਵੀ ਲਾ ਆਉਂਦੇ। ਇਹ ਸਾਰੀ ਸੂਚਨਾ ਮੈਨੂੰ ਮੁੰਡਿਆਂ ਕੋਲੋਂ ਹੀ ਮਿਲਦੀ ਰਹਿੰਦੀ ਸੀ।

ਇੱਕ ਦਿਨ ਦਸਵੀਂ ਜਮਾਤ ਦਾ ਬਹੁਤ ਹੀ ਸਾਊ ਮੁੰਡਾ ਸਕੂਲ ਦੇ ਅਹਾਤੇ ਵਿੱਚ ਬੈਠੇ ਅਧਿਆਪਕਾਂ ਦੇ ਆਲੇ ਦਵਾਲੇ ਸਾਈਕਲ ਚਲਾਉਣ ਲੱਗਾ ਹੈਡਮਾਸਟਰ ਨੇ ਰੋਕਣਾ ਚਾਹਿਆ ਤਾਂ ਉਹ ਉਸਦੇ ਗਲ ਪੈਣ ਨੂੰ ਆਇਆ। ਅਸੀਂ ਹੈਰਾਨ ਕਿ ਇਸਨੂੰ ਕੀ ਹੋ ਗਿਆ ਹੈ? ਖ਼ੈਰ- ਉਸਨੂੰ ਮੈਂ ਉੱਠ ਕੇ ਤੇ ਸਮਝਾ-ਬੁਝਾ ਕੇ ਸਾਈਕਲ ਚਲਾਉਣੋ ਤਾਂ ਰੋਕ ਦਿੱਤਾ ਪਰ ਜਦੋਂ ਦੂਜੇ ਮੁੰਡਿਆਂ ਨੂੰ ਭਰੋਸੇ ਵਿੱਚ ਲੈ ਕੇ ਪੁੱਛਿਆ ਕਿ ਇਸ ਵਿੱਚ ਅੱਜ ਕਿਹੜਾ ਜਿੰਨ ਆ ਵੜਿਆ ਸੀ ਤਾਂ ਉਹਨਾਂ ਦੱਸਿਆ ਕਿ ਰਾਤੀਂ ਬਾਹਰ ਇਹਨਾਂ ਦੀ ਬਹਿਕ 'ਤੇ 'ਸਿੰਘ' ਆਏ ਸਨ ਤੇ ਇਹਦੇ ਵਿਚੋਂ ਅੱਜ 'ਉਹ' ਬੋਲ ਰਹੇ ਸਨ!...

(ਚਲਦਾ)


Namdhari Elibrary NamdhariElibrary@gmail.com



—ਪ੍ਰੋ. ਜਸਵੰਤ ਸਿੰਘ ਕੈਲਵੀ

# ਅਜ਼ਾਦੀ ਮੁੱਲ ਮੰਗਦੀ ਏ

ਅਜ਼ਾਦੀ ਮੁੱਲ ਮੰਗਦੀ ਏ, ਸਿਰਾਂ ਦਾ ਦਾਨ ਮੰਗਦੀ ਏ।
ਨਹੀਂ ਫੁੱਲ ਕਾਗਜ਼ੀ ਮੰਗਦੀ, ਇਹ ਦਿਲ ਤੇ ਜਾਨ ਮੰਗਦੀ ਏ।

ਲੁਕੇ ਨਾ ਵਾਂਗ ਕਾਇਰਾਂ ਦੇ, ਸਮਾਂ ਆਵਾਜ਼ ਮਾਰੇ ਜਦ
ਖੜੇ ਹੋ ਮੌਤ ਦੇ ਸਾਹਵੇਂ, ਉਹੋ ਕਿਰਦਾਰ ਮੰਗਦੀ ਏ।

ਉਨ੍ਹਾਂ ਨੂੰ ਇਸ਼ਕ ਕਰਦੀ ਇਹ ਜੁ ਹੱਸ ਹੱਸ ਸੂਲੀਆਂ ਚੁੰਮਦੇ
ਇਹ ਮੰਗਦੀ ਮਹਿਕ ਮੁੜਕੇ ਦੀ, ਲਹੂ ਦੀ ਸ਼ਾਨ ਮੰਗਦੀ ਏ।

ਜੋ ਜਾਨਣ ਖਾਕ ਹੋ ਜਾਣਾ, ਵਤਨ ਦੀ ਆਬਰੂ ਖ਼ਾਤਰ
ਉਨ੍ਹਾਂ ਤੋਂ ਵਾਰਨੇ ਜਾਂਦੀ, ਚਮਨ ਦੀ ਆਨ ਮੰਗਦੀ ਏ।

'ਸਰਾਭੇ', 'ਭਗਤ', 'ਊਧਮ' ਨੇ ਇਦ੍ਹੇ ਹੀ ਲਾਡਲੇ ਪੁੱਤਰ,
ਹਮੇਸ਼ਾ ਅਰਸ਼ ਦੇ ਉੱਤੇ ਰਵੀ ਤੇ ਭਾਨ ਮੰਗਦੀ ਏ।

ਕਦਮ ਉੱਠਣ ਲੁਕਾਈ ਦੇ ਹਨ੍ਹੇਰੀ ਜ਼ੁਲਮ ਦੀ ਥੰਮੇ,
ਮੁਹੱਬਤ ਅਮਨ ਦੀ ਯਾਰੋ ਗ਼ਜ਼ਲ ਦਾ ਗਾਨ ਮੰਗਦੀ ਏ।

ਹਨ੍ਹੇਰਾ ਖ਼ਤਮ ਹੋ ਜਾਏ, ਚੜ੍ਹ ਸੂਰਜ ਉਮੀਦਾਂ ਦਾ
ਮਨਾਂ ਵਿਚ ਛਲਕਦਾ ਜਜ਼ਬਾ, ਖ਼ਰੇ ਅਰਮਾਨ ਮੰਗਦੀ ਏ।

ਜਿਨ੍ਹਾਂ ਨੇ ਜ਼ਿੰਦਗੀ ਦਿੱਤੀ, ਉਨ੍ਹਾਂ ਨੂੰ ਜ਼ਿੰਦਗੀ ਦੇਂਦੀ।
ਫਤਿਹ ਦਾ ਮੁਕਟ ਪਹਿਨਣ ਉਹ ਇਹੋ ਵਰਦਾਨ ਮੰਗਦੀ ਏ।

ਅਦਲ ਦੀ ਫਸਲ ਨੂੰ ਸਿੰਜੇ, ਰਹੇ ਅੰਗ ਸੰਗ ਗਰੀਬਾਂ ਦੇ
ਸਦਾ ਇਹ ਕੈਲਵੀ ਕੋਲੋਂ ਕਲਮ ਦਾ ਮਾਨ ਮੰਗਦੀ ਏ।

*੧੧੮/੫ ਗੁਰੂ ਅਰਜਨ ਦੇਵ ਨਗਰ,*
*ਫਿਰੋਜ਼ਪੁਰ ਸ਼ਹਿਰ-੧੫੨੦੦੨,*
*ਮੋਬ-੯੮੭੮੩-੮੧੪੭੪*

Namdhari Elibrary NamdhariElibrary@g...

# ਤਾਰਿਆ ਵੇ ਤੇਰੀ ਲੋਅ



—ਹਰਭਜਨ ਸਿੰਘ ਕੋਮਲ

ਗੱਡੀ ਦੀ ਝਲਕ ਪਈ ਤਾਂ ਲੋਕਾਂ ਦੇ ਚਿਹਰਿਆਂ 'ਤੇ ਖੇੜਾ ਜਿਹਾ ਆ ਗਿਆ। ਜਿਵੇਂ ਸਾਗਰ 'ਚ ਡੁਬਦਿਆਂ ਨੂੰ ਦੂਰੋਂ ਕੋਈ ਕਿਨਾਰਾ ਦਿਸ ਪਵੇ। ਅਸਲ ਵਿਚ ਜਿਹੋ ਜਹੀ ਘੁੰਮਣ ਘੇਰੀ ਵਿਚ ਲੋਕ ਫਸ ਗਏ ਸਨ, ਉਹਨਾਂ ਨੂੰ ਕੰਢੇ ਲੱਗਣ ਦੀ ਆਸ ਹੀ ਨਹੀਂ ਸੀ ਰਹਿ ਗਈ। ਕਈ ਤਾਂ ਏਨੇ ਟੁੱਟ ਚੁੱਕੇ ਸਨ ਕਿ ਉਹਨਾਂ ਨੂੰ ਹੁਣ ਕੰਢੇ ਲੱਗਣਾ ਹੀ ਫ਼ਜ਼ੂਲ ਜਾਪਣ ਲੱਗ ਪਿਆ ਸੀ। ਉਹਨਾਂ ਦਾ ਦਿਲ ਕਰਦਾ ਸੀ ਕਿ ਮੌਤ ਦੇ ਜਿਸ ਰਾਹ ਉਹਨਾਂ ਦੇ ਸੰਗੀ ਸਾਥੀ ਅਤੇ ਪਰਵਾਰਾਂ ਦੇ ਬਾਕੀ ਜੀਅ ਤੁਰ ਗਏ ਸਨ, ਉਹ ਵੀ ਉਧਰ ਹੀ ਤੁਰ ਜਾਂਦੇ। ਕੋਈ ਬਰਛਾ ਜਾਂ ਗੋਲੀ ਉਹਨਾਂ ਨੂੰ ਵੀ ਕਿਤੋਂ ਵਜਦੀ ਤੇ ਇਸ ਭਿਆਨਕ ਦੁਨੀਆਂ ਤੋਂ ਉਹਨਾਂ ਦਾ ਛੁਟਕਾਰਾ ਹੋ ਜਾਂਦਾ। ਪਰ ਇੰਜ ਹੋ ਨਹੀਂ ਸੀ ਸਕਿਆ। ਜੀਣਾ ਸੌਖਾ ਸੀ ਤੇ ਮਰਨਾ ਔਖਾ। ਮੌਤੋਂ ਬਚ ਕੇ ਹੀ ਤਾਂ ਸਾਰੇ ਭੱਜੇ ਸਨ ਤੇ ਭੱਜਦਿਆਂ ਭੱਜਦਿਆਂ ਉਸ ਜਨ-ਸਮੂਹ ਦਾ ਹਿੱਸਾ ਬਣ ਗਏ ਸਨ ਜੋ ਰਾਤ ਦੇ ਨੌਂ ਵਜੇ ਦਾ ਹੀ 'ਸੱਚੇ ਸੌਦੇ' ਦੇ ਨਿੱਕੇ ਜਹੇ ਸਟੇਸ਼ਨ 'ਤੇ ਬੈਠਾ ਹੋਇਆ ਸੀ। ਗੱਡੀ ਦੀ ਉਡੀਕ ਵਿਚ।

ਕੱਲ ਸ਼ਾਮ ਤਕ ਸਟੇਸ਼ਨ ਉੱਤੇ ਕੋਈ ਵੀ ਨਹੀਂ ਸੀ। ਸਾਰੀ ਭੀੜ ਗੁਰਦੁਆਰੇ ਦੀ ਵਲਗਨ ਵਿਚ ਹੀ ਸਮਾਈ ਹੋਈ ਸੀ, ਪਿਛਲੇ ਚਾਰ ਪੰਜ ਦਿਨਾਂ ਤੋਂ। ਚਾਰੇ ਪਾਸਿਓਂ ਵਹੀਰਾਂ ਘੱਤੀ ਲੋਕ ਉੱਥੇ ਆ ਜੁੜੇ ਸਨ। ਵਿਰਕੂ ਹਨੇਰੀ ਅਜੇਹੀ ਚੱਲੀ ਕਿ ਲੋਕਾਂ ਨੂੰ ਘਰ-ਘਾਟ ਛੱਡ ਕੇ ਭੱਜਣਾ ਪਿਆ। ਰਾਹਾਂ ਵਿਚ ਕਾਫਲਿਆਂ ਉਤੇ ਹਮਲੇ ਹੋਏ ਤੇ ਟੱਬਰਾਂ ਦੇ ਟੱਬਰ ਖਤਮ ਹੋ ਗਏ। ਲੋਥਾਂ ਦੇ ਢੇਰ ਲੱਗ ਗਏ। ਨਿਕਲੀਆਂ ਹੋਈਆਂ ਆਂਦਰਾਂ, ਕੱਟੇ ਹੋਏ ਸਿਰ, ਲੱਤਾਂ, ਬਾਹਾਂ ਤੇ ਤੜਫਦੇ ਸਰੀਰ ਤੇ ਜਿਹੜੇ ਜਿਹੜੇ, ਹਰ ਪਾਸੇ ਹੋ ਰਹੇ, ਮੌਤ ਦੇ ਉਸ ਤਾਂਡਵ ਤੋਂ ਬਚ ਗਏ, ਉਹ ਡਿਗਦੇ ਢਹਿੰਦੇ ਗੁਰਦੁਆਰੇ ਪੁੱਜ ਗਏ। ਚਾਰ ਪੰਜ ਦਿਨਾਂ ਵਿਚ ਹੀ ਉਥੇ ਲੋਕਾਂ ਦੀ ਵੱਡੀ ਭੀੜ ਜੁੜ ਗਈ।

ਭੀੜ ਜੁੜ ਗਈ ਤਾਂ ਸੱਚੇ ਸੌਦੇ ਦਾ ਗੁਰਦੁਆਰਾ ਉੱਜੜੇ ਪੁੱਜੜੇ ਲੋਕਾਂ ਦਾ ਕੈਂਪ ਬਣ ਗਿਆ। ਜਿਵੇਂ ਇਹ ਸੱਚ ਮੁੱਚ ਹੀ ਨਿਥਾਵਿਆਂ ਦੀ ਥਾਂ ਹੋ ਗਿਆ ਹੋਵੇ। ਪਰ ਲੋਕ ਇਹਨੂੰ ਹੁਣ ਆਪਣੀ ਥਾਂ ਨਹੀਂ ਸਨ ਸਮਝ ਰਹੇ। ਇਹ ਥਾਂ ਹੁਣ ਬੇਗਾਨੀ ਹੋ ਗਈ ਸੀ। ਇਹ ਥਾਂ ਹੁਣ ਉਸ ਖਿੱਤੇ ਦਾ ਹਿੱਸਾ ਬਣ ਗਈ ਸੀ ਜੋ ਪਾਕ ਹੋ ਗਿਆ ਸੀ। ਪਾਕ-ਸਥਾਨ। ਤੇ ਪਤਾ ਨਹੀਂ ਉਹ ਕਿਹੋ ਜਿਹੇ ਲੋਕਾਂ ਦੀ ਭੀੜ ਸੀ ਜਿਹੜੀ ਅਜਿਹੇ ਪਾਕ-ਸਥਾਨ ਵਿਚ ਨਹੀਂ ਸੀ ਰਹਿ ਸਕਦੀ। ਉਸਨੂੰ ਇਹ ਥਾਂ ਛੱਡ ਕੇ ਕਿਸੇ ਉਸ ਥਾਂ 'ਤੇ ਜਾਣਾ ਪੈਣਾ ਸੀ ਜੋ ਉਥੋਂ ਪੰਜਾਹ ਸੱਠ ਮੀਲ ਹੋਰ ਅੱਗੇ ਸੀ। ਲਾਹੌਰੋਂ ਵੀ ਅੱਗੇ।

"ਕਿਵੇਂ ਜਾਵਾਂ ਗੇ ਏਨੀ ਦੂਰ?" ਡੌਂਬਰੇ ਹੋਏ ਲੋਕੀਂ ਸੋਚਦੇ, "ਏਨਾ ਪੈਂਡਾ! ਤੀਹ ਪੈਂਤੀ ਮੀਲ ਲਾਹੌਰ ਤੇ ਵੀਹ ਪੰਝੀ ਮੀਲ ਹੋਰ ਅੱਗੇ! ਅਟਾਰੀ! ਕਿਵੇਂ ਅੱਪੜਾਂ ਗੇ?" ਲੋਕ ਜਿਵੇਂ ਸਮੁੱਚੇ ਹੀ ਪ੍ਰਸ਼ਨ-ਚਿੰਨ ਬਣੇ ਪਏ ਸਨ। ਜਿਹੜਾ ਪੈਂਡਾ ਉਹ ਹੁਣ ਤਕ ਕਰ ਚੁੱਕੇ ਸਨ ਤੇ ਜੋ ਕੁਝ ਉਹਨਾਂ ਉਹਦੇ ਵਿਚ ਭੋਗਿਆ ਸੀ, ਉਹ ਤਾਂ ਉਹਦੇ ਨਾਲ ਹੀ ਮਰ ਮੁੱਕੇ ਸਨ। ਤੇ ਅਗਲੇ ਪੈਂਡੇ ਵਿਚ ਪਤਾ ਨਹੀਂ ਹੋਰ ਕੀ ਕੀ ਵਾਪਰਨਾ ਸੀ। ਸਹਿਮੇ ਹੋਏ ਲੋਕਾਂ ਦੀ ਸਹਿਣ-ਸ਼ਕਤੀ ਵੀ ਖਤਮ ਹੋਈ ਪਈ ਸੀ। ਉਹਨਾਂ ਦੀ ਹਾਲਤ ਉਹ ਸੀ ਜੋ ਅੰਤਲੇ ਸਾਹਾਂ ਉੱਤੇ ਆਏ ਹੋਏ ਦੀਵੇ ਦੀ ਹੁੰਦੀ ਹੈ, ਜਿਸ ਦਾ ਤੇਲ ਵੀ ਮੁੱਕ ਗਿਆ ਹੋਵੇ ਤੇ ਬੱਤੀ ਵੀ ਆਖਰੀ ਸਾਹ ਲੈ ਰਹੀ ਹੋਵੇ। ਇਕ ਅੱਧ ਵਾਰੀ ਟਿਮ ਟਿਮ ਤੇ ਬੱਸ! ਚਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਕਿਤੋਂ ਵੀ ਕੋਈ ਰੌਸ਼ਨੀ ਦੀ ਕਿਰਨ ਨਹੀਂ ਸੀ ਦਿਖਾਈ ਦੇ ਰਹੀ।




ਤੇ ਉਹਨਾਂ ਦੇ ਸਾਹਾਂ ਦੇ ਦੀਵੇ ਵਿਚ ਕਿਸੇ ਨੇ ਅਚਾਨਕ ਥੋਹੜਾ ਜਿਹਾ ਤੇਲ ਪਾ ਦਿੱਤਾ ਜਦੋਂ ਉਸ ਦੱਸਿਆ ਕਿ ਸਰਕਾਰ ਗੱਡੀਆਂ ਦਾ ਇੰਤਜ਼ਾਮ ਕਰ ਰਹੀ ਹੈ। ਲੋਕਾਂ ਸੁਣਿਆ ਤੇ ਉਹਨਾਂ ਨੂੰ ਜਿਵੇਂ ਫਿਰ ਜਿਊਣ ਦੀ ਆਸ ਲੱਗ ਗਈ। ਗੱਡੀ ਵਿਚ ਤਾਂ ਦੋ ਤਿੰਨ ਘੰਟੇ ਹੀ ਲਗਣੇ ਸਨ। ਚੂਹੜਕਾਣਿਉਂ ਸ਼ੇਖੂਪੁਰੇ, ਸ਼ੇਖੂਪੁਰਿਓਂ ਲਾਹੌਰ ਤੇ ਅੱਗੇ ਸਿੱਧੇ ਅਟਾਰੀ! ਹਿੰਦੁਸਤਾਨ ਵਿਚ। ਤੇ ਫਿਰ ਤਾਂ ਸਾਰੀ ਧਰਤੀ ਹੀ ਆਪਣੀ ਹੋ ਜਾਣੀ ਸੀ।


...hari Elibrary ...mdhariElibrary@gm...

ਬਿਲਕੁਲ ਆਪਣੀ। ਤੇ ਸਭ ਤੋਂ ਵੱਡੀ ਗੱਲ ਜੋ ਹੋਣੀ ਸੀ ਉਹ ਸੀ ਮੌਤ ਦੇ ਮੂੰਹੋਂ ਬਚ ਜਾਣਾ।

ਪਰ ਹਾਲੇ ਤਾਂ ਡਰ ਹੀ ਡਰ ਸੀ ਚਾਰੇ ਪਾਸੇ। ਭਾਵੇਂ ਚੂਹੜਕਾਣੇ ਦੇ ਨਾਲ ਲੱਗਦੇ ਸੱਚੇ ਸੌਦੇ ਦੇ ਦੁਆਲੇ ਦਾ ਇਲਾਕਾ, ਹਿੰਦੂ ਸਿੱਖਾਂ ਦੀ ਬਹੁਲਤਾ ਦਾ ਇਲਾਕਾ ਸੀ। ਵਿਰਕ ਟੱਪਾ ਤੇ ਮੁਸਲਮਾਨ ਏਥੇ ਬੜੀ ਘੱਟ ਗਿਣਤੀ ਵਿਚ ਸਨ, ਪਰ ਕਿਉਂਕਿ ਮੁਸਲਮਾਨਾਂ ਨੂੰ ਦੇਸ਼ ਦੀ ਵੰਡ ਵਿਚ ਇਹ ਇਲਾਕਾ ਮਿਲ ਗਿਆ ਸੀ, ਇਸ ਲਈ ਉਹਨਾਂ ਦਾ ਹੱਥ ਉੱਤੇ ਸੀ। ਜੇ ਹੱਥ ਉੱਤੇ ਸੀ ਤਾਂ ਉਹਨਾਂ ਨੂੰ ਆਪਣੇ ਹੱਥ ਵਰਤਣੋਂ ਵੀ ਕੋਈ ਨਹੀਂ ਸੀ ਰੋਕ ਸਕਦਾ। ਉਹ ਕਦੇ ਵੀ ਹਮਲਾ ਕਰ ਸਕਦੇ ਸਨ। ਇਸ ਲਈ ਕੈਂਪ ਦੀ ਭੀੜ ਭਾਵੇਂ ਵੱਡੀ ਸੀ ਪਰ ਮੁਸਲਮਾਨੀ ਹਮਲੇ ਦਾ ਡਰ ਉਹਨੂੰ ਰਾਤ ਦਿਨ ਖਾਈ ਜਾਂਦਾ! ਲੋਕ ਨਿੱਕੀ ਜਿਹੀ ਗੱਲ ਤੋਂ ਡਰਨ ਲੱਗ ਪੈਂਦੇ। ਜੇ ਸ਼ਾਂਤ ਖਲੋਤੇ ਗੁਰਦੁਆਰੇ ਦਾ ਕੋਈ ਦਰਵਾਜ਼ਾ ਵੀ ਖੜਕਦਾ ਤਾਂ ਲੋਕ ਅੰਦਰ ਤੱਕ ਕੰਬ ਜਾਂਦੇ।

ਡਰਦੇ ਮਾਰੇ ਲੋਕ ਕੈਂਪ ਤੋਂ ਬਹੁਤਾ ਦੂਰ ਨਹੀਂ ਸਨ ਜਾਂਦੇ। ਸਾਹਮਣੇ ਦਿਸਦੇ ਰੇਲਵੇ ਸਟੇਸ਼ਨ ਤਕ ਵੀ ਨਹੀਂ। ਕੈਂਪ ਵਿਚ ਹੀ ਬੈਠੇ ਰਹਿੰਦੇ। ਸਹਿਮੇ ਹੋਏ, ਘਬਰਾਏ ਹੋਏ। ਜਿਵੇਂ ਬੇਮਤਲਬ ਹੀ ਜਿਉਂ ਰਹੇ ਹੋਣ। ਬੇ-ਉਮੀਦੇ! ਬੇ ਸਹਾਰਾ!

ਗੱਡੀਆਂ ਦੇ ਪ੍ਰਬੰਧ ਦੀ ਖ਼ਬਰ ਨੇ ਲੋਕਾਂ ਨੂੰ ਕੁਝ ਹੌਸਲਾ ਦਿੱਤਾ। ਪਰ ਪਿਛਲੇ ਤਿੰਨ ਦਿਨਾਂ ਤੋਂ ਕੋਈ ਗੱਡੀ ਆਈ ਹੀ ਨਹੀਂ ਸੀ। ਸਾਧਾਰਨ ਚਲਦੀਆਂ ਗੱਡੀਆਂ ਵੀ ਪਤਾ ਨਹੀਂ ਕਿਥੇ ਲੁਕ ਛੁਪ ਗਈਆਂ ਸਨ। ਤੀਜੇ ਕੁ ਦਿਨ ਜਾ ਕੇ ਕਿਤੇ ਖ਼ਬਰ ਮਿਲੀ ਕਿ ਅਟਾਰੀ ਜਾਣ ਵਾਲੀ ਗੱਡੀ ਆ ਰਹੀ ਹੈ। ਖ਼ਬਰ ਸੁਣਦਿਆਂ ਹੀ ਲੋਕੀਂ ਸਟੇਸ਼ਨ ਵੱਲ ਭੱਜ ਉਠੇ। ਸਿਰਾਂ ਉਤੇ ਗੱਠੜੀਆਂ, ਕੁੱਛੜ ਜਾਂ ਮੋਢਿਆਂ ਤੇ ਨਿੱਕੇ ਨਿੱਕੇ ਬਾਲ। ਬੁੱਢਿਆਂ ਠੇਰਿਆਂ ਨੂੰ ਧਰੂਹ ਕੇ ਲਿਜਾਂਦੇ ਲੋਕੀਂ। ਰਾਤੀਂ ਨੌਂ ਕੁ ਵਜੇ ਨਿੱਕੇ ਜਹੇ ਸਟੇਸ਼ਨ 'ਤੇ ਕੁਰਬਲ ਕੁਰਬਲ ਹੋਣ ਲੱਗ ਪਈ। ਹਨੇਰੀ ਸਿਆਹ ਰਾਤ! ਸਟੇਸ਼ਨ ਉੱਤੇ ਲੱਗੀਆਂ ਹੋਈਆਂ ਬੱਤੀਆਂ ਦੀ ਵੀ ਜਿਵੇਂ ਮੌਤ ਹੋ ਗਈ ਹੋਵੇ ਤੇ ਲੋਕ ਦੂਰੋਂ ਆਉਣ ਵਾਲੇ ਇੰਜਣ ਦੀ ਰੋਸ਼ਨੀ ਦੀ ਉਡੀਕ ਕਰਨ ਲੱਗ ਪਏ।

ਤਰਲੋ ਮੱਛੀ ਹੁੰਦੇ ਲੋਕਾਂ ਨੇ ਸ਼ੇਖ਼ੂਪੁਰੇ ਵਾਲੇ ਪਾਸੇ ਨਜ਼ਰਾਂ ਗੱਡ ਦਿੱਤੀਆਂ। ਪਰ ਗੱਡੀ ਦੀ ਤਾਂ ਕੋਈ ਉੱਘ ਸੁੱਘ ਹੀ ਨਹੀਂ ਸੀ ਪੈ ਰਹੀ। ਅੱਧੀ ਰਾਤ ਹੋ ਗਈ ਤੇ ਲੋਕਾਂ ਦੀ ਨਿਰਾਸ਼ਾ ਸਿਖਰਾਂ 'ਤੇ ਅੱਪੜ ਗਈ। ਲੋਕੀ ਜਿੱਥੇ ਬੈਠੇ ਸਨ, ਉੱਥੇ ਹੀ ਹੌਲੀ ਹੌਲੀ ਉੱਘਲਾਣ ਲੱਗ ਪਏ। ਉਡੀਕਦਿਆਂ ਨੂੰ ਦਿਨ ਚੜ੍ਹ ਆਇਆ, ਪੰਜ ਵੱਜ ਗਏ! ਛੇ, ਸੱਤ ਤੇ ਫਿਰ ਅੱਠ! ਨੌਂ ਕੁ ਵਜੇ ਕਿਤੇ ਜਾ ਕੇ ਦੂਰੋਂ ਕਾਲੇ ਧੂੰਏ ਦਾ ਭੌਲਾ ਜਿਹਾ ਪਿਆ। ਸ਼ੇਖ਼ੂਪੁਰੇ ਵਾਲੇ ਪਾਸਿਓਂ ਨਹੀਂ ਸਗੋਂ ਲਾਇਲਪੁਰ ਦੀ ਤਰਫੋਂ। ਕੁਝ ਘੜੀਆਂ ਦੀ ਟਿਕਟਿਕੀ! ਤੇ ਫਿਰ ਲੋਕਾਂ ਨੂੰ ਗੱਡੀ ਦਾ ਇੰਜਨ ਉੱਘੜਦਾ ਦਿਸਣ ਲੱਗਾ! ਲੋਕਾਂ ਸ਼ੁਕਰ ਕੀਤਾ! ਉਹਨਾਂ ਦੇ ਚਿਹਰੇ 'ਤੇ ਖੇੜਾ ਜਿਹਾ ਆ ਗਿਆ! ਇਕ ਅਫ਼ਰਾ ਤਫ਼ਰੀ, ਇਕ ਖ਼ਲਬਲੀ! ਤੇ ਲੋਕੀਂ ਇੰਜ ਉੱਠ ਖੜੇ ਹੋਏ ਜਿਵੇਂ ਪੀ.ਟੀ. ਮਾਸਟਰ ਦੀ ਸੀਟੀ ਨਾਲ ਬੱਚੇ ਉੱਠ ਖਲੋਂਦੇ ਹਨ।

ਗੱਡੀ ਪਲੇਟ ਫਾਰਮ ਉੱਤੇ ਆ ਲੱਗੀ। ਖ਼ਾਲਮ-ਖ਼ਾਲੀ! ਅੱਠ ਡੱਬੇ ਅਤੇ ਏਨੀ ਭੀੜ ਜਿਹੜੀ ਦਸ ਗੱਡੀਆਂ ਤੋਂ ਵੀ ਨਾ ਢੋਈ ਜਾ ਸਕੇ। ਲੋਕਾਂ ਨੇ ਕਿਸੇ ਦਾ ਇਸ਼ਾਰਾ ਵੀ ਨਾ ਉਡੀਕਿਆ ਤੇ ਧੁੱਸ ਮਾਰ ਕੇ ਗੱਡੀ ਵਿਚ ਵੜਣ ਦੀ ਕੀਤੀ। ਧੱਕਾ ਮੁੱਕੀ, ਚੀਕ-ਚਿਹਾੜਾ, ਹਫ਼ਰਾ ਤਫ਼ਰੀ ਤੇ ਇਕ ਦੂਜੇ ਤੋਂ ਟੱਪ ਕੇ ਗੱਡੀ ਵਿਚ ਚੜ੍ਹ ਜਾਣ ਦੀ ਕਾਹਲ ਨਾਲ ਕਈਆਂ ਨੂੰ ਸੱਟਾਂ ਵੀ ਵੱਜੀਆਂ। ਪਰ ਇਹਨਾਂ ਸੱਟਾਂ ਦੀ ਕੌਣ ਪਰਵਾਹ ਕਰਦਾ ਸੀ।

ਗੱਡੀ ਦੀ ਹਿਫ਼ਾਜਤ ਲਈ ਮਿਲਟਰੀ ਵੀ ਨਾਲ ਸੀ। ਸੋਲਾਂ ਜਵਾਨ, ਦਗ ਦਗ ਕਰਦੇ ਚਿਹਰਿਆਂ ਵਾਲੇ। ਇਕ ਉਹਨਾਂ ਦਾ ਸਰਦਾਰ। ਉੱਚਾ ਲੰਮਾ ਸਿੰਘ, ਤਕੜਾ ਗੱਭਰੂ, ਪ੍ਰਭਾਵਸ਼ਾਲੀ ਦਿੱਖ, ਮੌਤ ਨੂੰ ਮਖ਼ੌਲਾਂ ਕਰਨ ਵਾਲਾ। ਹਰ ਇਕ ਦੇ ਹੱਥਾਂ ਵਿਚ ਇਕ ਇਕ ਸਟੇਨਗਨ। ਤੇ ਚੜ੍ਹਦੇ ਹੋਏ ਲੋਕੀਂ ਇੰਜ ਸਮਝ ਰਹੇ ਸਨ, ਜਿਵੇਂ ਉਹ ਕਿਸੇ ਬੜੇ ਹੀ ਸੁਰਖ਼ਿਅਤ ਜਹੇ ਕਿਲ੍ਹੇ ਵਿਚ ਵੜ ਰਹੇ ਹੋਣ।

ਮਸਾਂ ਪੰਜਵਾਂ ਕੁ ਹਿੱਸਾ ਲੋਕ ਹੀ ਚੜ੍ਹੇ ਕਿ ਗੱਡੀ ਪਾਟਣ ਵਾਲੀ ਹੋ ਗਈ। ਡੱਬੇ ਇੰਜ ਦਿਸਣ ਲਗ ਪਏ ਜਿਵੇਂ ਅੱਜਕਲ ਤੂੜੀ ਦੇ ਭਰੇ ਹੋਏ ਟਰੱਕ ਜਾਂ ਟਰਾਲੀਆਂ ਸੜਕਾਂ ਤੋਂ ਲੰਘਦੀਆਂ ਦਿਸਦੀਆਂ ਹਨ। ਬਾਹਰ ਤਕ ਫੁੱਲੀਆਂ ਹੋਈਆਂ ਆਫਰੀਆਂ ਹੋਈਆਂ ਵੱਖੀਆਂ। ਇਕ ਇਕ ਡੱਬਾ, ਜੋ ਮਸਾਂ ਸੌ ਸੌ ਲੋਕਾਂ ਜੋਗਾ ਹੀ ਬਣਿਆ ਹੋਇਆ ਹੋਵੇ ਗਾ, ਦੋ ਦੋ ਸੌ ਨਾਲ ਭਰ ਗਿਆ। ਤੂਸੀਆਂ ਪਈਆਂ ਸੀਟਾਂ! ਉਪਰ ਪਰਛੱਤੀਆਂ! ਸੀਟਾਂ ਦੇ ਅੱਗੇ ਪਿੱਛੇ ਵਾਲੀ ਖ਼ਾਲੀ ਥਾਂ! ਹਰ ਥਾਂ ਲੋਕ ਹੀ ਲੋਕ। ਇਕ ਦੂਜੇ ਨਾਲ ਇੰਜ ਭੀਚ ਕੇ ਬੈਠੇ ਹੋਏ, ਜਿਵੇਂ ਬੋਰੀਆਂ ਵਿਚ ਦਾਣੇ ਭਰੇ ਹੋਏ ਹੋਣ। ਜਾਂ ਜਿਵੇਂ ਭੱਠਿਆਂ ਉੱਤੇ ਇੱਟਾਂ ਦੇ ਚੱਟੇ ਹੋਣ, ਜਿਹਨਾਂ ਦੇ ਵਿਚੋਂ ਦੀ ਹਵਾ ਵੀ ਨਾ ਲੰਘ ਸਕੇ।

ਏਨੀ ਗਰਮੀ ਵਿਚ ਗੱਡੀ ਦੀ ਛੱਤ ਤੇ ਚੜ੍ਹ ਕੇ ਬਹਿਣ ਵਾਲਿਆਂ ਦਾ ਬਚਾਅ ਹੋ ਜਾਣਾ ਸੀ। ਪਰ ਸਰਦਾਰ ਤੇ ਉਹਦੇ ਸਾਥੀ ਕਿਸੇ ਨੂੰ ਛੱਤ 'ਤੇ ਨਹੀਂ ਸਨ ਚੜ੍ਹਨ ਦੇ ਰਹੇ। ਸ਼ਾਇਦ ਖ਼ਤਰੇ ਤੋਂ ਰਾਖੀ ਦੀ ਦ੍ਰਿਸ਼ਟੀ ਤੋਂ। ਸੋ ਜਿੰਨੇ ਵੀ ਘੁਸੜ ਸਕਦੇ ਸਨ ਗੱਡੀ ਦੇ ਅੰਦਰ ਹੀ ਘੁਸੜ ਗਏ।

ਗੱਡੀ ਭਰ ਗਈ, ਪਰ ਚੱਲੀ ਨਾ। ਇੰਜ ਜਾਪੇ ਜਿਵੇਂ


NamdhariElibrary namdhariElibrary@gmail.com

ਡਰਾਈਵਰ ਨੂੰ ਵਿਸਲ ਹੀ ਦੇਣੀ ਭੁੱਲ ਗਈ ਹੋਵੇ। ਸਾਉਣ ਭਾਦਰੋਂ ਦੇ ਦਿਨ, ਪੈਰੋ ਪੈਰ ਸਿਰ ਤੇ ਆ ਰਹੇ ਸੂਰਜ ਦੀ ਕੜਕਦੀ ਧੁੱਪ। ਧਰਤੀ 'ਚੋਂ ਨਿਕਲਦੀ ਹੁੰਮਸ ਇੰਜ ਲੱਗੇ ਜਿਵੇਂ ਕਿਸੇ ਦੇਗ 'ਚੋਂ ਸੜਦੀ ਬਲਦੀ ਭਾਫ਼ ਨਿਕਲ ਰਹੀ ਹੋਵੇ।

ਗੱਡੀ 'ਚ ਬੈਠਿਆਂ ਨੂੰ ਦੋ ਘੰਟੇ ਹੋ ਗਏ। ਨਾ ਬੈਠਾ ਜਾਏ, ਨਾ ਉਠਿਆ ਜਾਏ। ਹੋਰ ਤਾਂ ਹੋਰ ਪਾਸੇ ਪਰਤਣੇਂ ਵੀ ਔਖੇ। ਫਾਲਾਂ ਵਾਂਗ ਠੁੱਕੇ ਹੋਏ ਲੋਕੀਂ, ਮਰਨ ਹਾਕੇ ਹੋਏ ਪਏ।

ਚੜ੍ਹਣੋਂ ਰਹਿ ਗਈ ਦੁਨੀਆਂ ਕੈਂਪ ਨੂੰ ਪਰਤ ਗਈ। 'ਇਹ ਨਹੀਂ ਤਾਂ ਦੂਜੀ ਗੱਡੀ ਤੇ ਸਹੀ' ਸੋਚਦੇ ਹੋਇਆ। ਪਰ ਉਹਨਾਂ ਨੂੰ ਨਾ ਚੜ੍ਹ ਸਕਣ ਦਾ ਰੰਜ ਅੰਦਰ ਤਕ ਖਾਂਦਾ ਹੋਇਆ। ਤੇ ਜਿਹੜੇ ਚੜ੍ਹ ਗਏ ਸਨ ਉਹਨਾਂ ਨੂੰ ਚੜ੍ਹ ਜਾਣ ਦਾ ਪਛਤਾਵਾ। ਭੁੱਖਣ ਭਾਣੀ ਜਨਤਾ। ਨਾ ਅੰਨ ਨਾ ਪਾਣੀ। ਲੰਗਰ ਦੀ ਰੋਟੀ ਤਾਂ ਰਾਤ ਦੀ ਹੀ ਖਾਧੀ ਹੋਈ ਸੀ। ਤੇ ਪਾਣੀ ਵੀ ਉਦੋਂ ਦਾ ਹੀ ਪੀਤਾ ਹੋਇਆ ਸੀ। ਜੋ ਹੁਣ ਤਕ ਨਿਕਲ ਨਿਕਲਾ ਗਿਆ ਸੀ। ਤੇ ਉੱਤੋਂ ਗੱਡੀ ਦਾ ਅੜ ਕੇ ਖਲੋ ਰਹਿਣਾ। ਪਰ ਕੀ ਹੋ ਸਕਦਾ ਸੀ। ਸਿਗਨਲ ਮਿਲਦਾ ਤੇ ਗੱਡੀ ਤੁਰਦੀ।

ਦੁਪਹਿਰ ਵੇਲੇ ਹੀ ਕਿਤੇ ਜਾ ਕੇ ਉਪਰਲਿਆਂ ਨੂੰ ਮਿਹਰ ਪਈ। ਤੇ ਗੱਡੀ ਨੇ ਸੀਟੀ ਮਾਰੀ। ਪਰ ਪਤਾ ਨਹੀਂ ਹੋਰ ਕਿਹੜੀ ਰੁਕਾਵਟ ਪੈ ਗਈ ਕਿ ਤੁਰਦਿਆਂ ਉਹਨੇ ਪੰਦਰਾਂ ਵੀਹ ਮਿੰਟ ਹੋਰ ਲਾ ਦਿੱਤੇ। ਗੱਡੀਆਂ ਦਾ ਕੰਟ੍ਰੋਲ ਲਾਹੌਰ ਵਿਚ ਸੀ, ਤੇ ਲਾਹੌਰ ਵਾਲਿਆਂ ਨੇ ਪਲ-ਪਲ ਬਦਲਦੀ ਪਾਲਿਸੀ ਅਨੁਸਾਰ ਫੈਸਲੇ ਕਰਨੇ ਸਨ। ਆਰਡਰ ਭਾਵੇਂ ਸਖਤ ਸਨ ਪਰ ਹੇਠਲਿਆਂ ਤਾਂ ਆਪਣੇ ਮਨ ਦੀਆਂ ਮਰਜ਼ੀਆਂ ਵੀ ਕਰਨੀਆਂ ਹੀ ਸਨ। ਉਹਨਾਂ ਉਵੇਂ ਕਰਨਾ ਸੀ ਜਿਵੇਂ ਹਿੰਦੁਸਤਾਨ ਵਾਲੇ ਅਜਿਹੀਆਂ ਗੱਡੀਆਂ ਨਾਲ ਕਰ ਰਹੇ ਸਨ। ਮੁਕਾਬਲਾ ਸੀ ਤੇ ਮੁਕਾਬਲੇ ਵਿਚ ਲਾਹੌਰ ਵਾਲੇ ਕਿਵੇਂ ਪਿੱਛੇ ਰਹਿੰਦੇ ਭਲਾ।

ਪਤਾ ਨਹੀਂ ਖ਼ਬਰਾਂ ਕਿਵੇਂ ਪਹੁੰਚ ਜਾਂਦੀਆਂ ਸਨ। ਕੱਲ ਹੀ ਉਡਦੀ ਉਡਦੀ ਖ਼ਬਰ ਆਈ ਸੀ ਕਿ ਹਿੰਦੁਸਤਾਨ ਵਾਲਿਆਂ ਇਕ ਗੱਡੀ ਵੱਢ ਕੇ ਭੇਜੀ ਹੈ। ਇਕ ਵੀ ਮੁਸਲਮਾਨ ਜਿਉਂਦਾ ਨਹੀਂ ਛਡਿਆ। ਨਾ ਬੱਚਾ, ਨਾ ਬੁੱਢਾ, ਨਾ ਜਵਾਨ। ਜੇ ਓਦਰੋਂ ਉੱਜੜ ਕੇ ਆਉਂਦੇ ਮੁਸਲਮਾਨਾਂ ਨਾਲ ਹਿੰਦੁਸਤਾਨ ਵਾਲੇ ਏਨਾ ਜ਼ੁਲਮ ਕਰਨ ਸਕਦੇ ਸਨ ਤਾਂ ਇਹਦਾ ਮਤਲਬ ਸੀ ਕਿ ਪਾਕਿਸਤਾਨ ਵਾਲਿਆਂ ਵੀ ਘੱਟ ਨਹੀਂ ਸੀ ਕਰਨੀ। ਏਧਰੋਂ ਜਾਂਦੀਆਂ ਹਿੰਦੂ ਸਿੱਖਾਂ ਦੀਆਂ ਭਰੀਆਂ ਹੋਈਆਂ ਗੱਡੀਆਂ, ਉਨ੍ਹਾਂ ਵੀ ਕੀਮਾਂ ਕੀਮਾਂ ਕਰ ਦੇਣੀਆਂ ਸਨ। ਏਨੀ ਗੱਲ ਸੋਚ ਕੇ ਹੀ ਲੋਕਾਂ ਨੂੰ ਨੇਰਣੀਆਂ ਆਉਣ ਲੱਗ ਪਈਆਂ। ਕਈਆਂ ਦਾ ਦਿਲ ਕਹੇ ਕਿ ਗੱਡੀ 'ਚੋਂ ਉਤਰ ਜਾਏ। ਇਸ ਤਰ੍ਹਾਂ ਸ਼ਾਇਦ ਵੱਢੇ ਟੁੱਕੇ ਜਾਣੋਂ ਕੁਝ ਦਿਨ ਹੋਰ ਬਚ ਜਾਣ। ਪਰ ਹੁਣ ਉਤਰਿਆ ਵੀ ਤਾਂ ਨਹੀਂ ਸੀ ਜਾ ਸਕਦਾ। ਲੋਕਾਂ ਉਦੋਂ ਸ਼ੁਕਰ ਕੀਤਾ ਜਦੋਂ ਗੱਡੀ ਨੇ ਦੁਬਾਰਾ ਵਿਸਲ ਦਿੱਤੀ।

ਸ਼ੁਕਰ ਸ਼ੁਕਰ ਕਰਕੇ ਗੱਡੀ ਸਰਕਣੀ ਸ਼ੁਰੂ ਹੋਈ। ਤੇ ਫਿਰ ਹੌਲੀ ਹੌਲੀ ਉਹਨੇ ਸਪੀਡ ਫੜ ਲਈ। ਚਲਦੀ ਗੱਡੀ ਦੀ ਹਵਾ ਨੇ ਲੋਕਾਂ ਦਾ ਕੁਝ ਸਾਹ ਸੌਖਾ ਕੀਤਾ।

ਚੂਹੜਕਾਣੇ ਤੋਂ ਅੱਗੇ ਚੂਹੜਕਾਣਾ ਮੰਡੀ ਤੇ ਫਿਰ ਮਾਛੀਕੇ ਦਾ ਸਟੇਸ਼ਨ ਸੀ ਜੋ ਉਸਨੇ ਬਿਨਾਂ ਰੁਕੇ ਹੀ ਪਾਰ ਕਰ ਲਿਆ। ਪਰ ਗ਼ਾਜ਼ੀਕੇ ਤੋਂ ਅੱਗੇ ਉਹਨੂੰ ਲਾਈਨ ਹੀ ਨਾ ਮਿਲੀ। ਸ਼ਾਇਦ ਉਪਰਲਿਆਂ ਦਾ ਦਿਲ ਫਿਰ ਬੇਈਮਾਨ ਹੋ ਗਿਆ ਸੀ। ਘੰਟਾ, ਦੋ, ਤਿੰਨ ਤੇ ਗੱਡੀ ਚੱਲਣ ਦਾ ਨਾਂ ਹੀ ਨਾ ਲਵੇ। ਲੋਕਾਂ ਦੇ ਉਡੇ ਹੋਏ ਹੋਸ਼ ਗ਼ਸ਼ੀ ਵਿਚ ਬਦਲਣ ਲੱਗ ਪਏ। ਉਹਨਾਂ ਦਾ ਉਹ ਹਾਲ ਕਿ ਸਾਹ ਲੈਣਾਂ ਵੀ ਔਖਾ। ਨਾ ਉਠਿਆ ਜਾਏ ਨਾ ਹਿੱਲਿਆ ਜਾਏ। ਅੰਗ ਹਿਲਣ ਦੀ ਤਾਂ ਕਿਸੇ ਪਾਸੇ ਕੋਈ ਗੁੰਜਾਇਸ਼ ਹੀ ਨਹੀਂ ਸੀ। ਤੇ ਗੱਡੀ ਇੰਜ ਸੀ ਜਿਵੇਂ ਉਸਨੂੰ ਕਿਸੇ ਨੇ ਧਰਤੀ ਵਿਚ ਹੀ ਗੱਡ ਦਿੱਤਾ ਹੋਵੇ।

"ਜਾਹ ਜਾਂਦੀਏ! ਅਸਮਾਨ ਤੋਂ ਡਿੱਗੇ ਤੇ ਖਜੂਰ 'ਤੇ ਅਟਕੇ"! ਉਤਰੇ ਹੋਏ ਚਿਹਰਿਆਂ ਵਾਲੇ ਲੋਕੀਂ ਸੋਚਦੇ। ਏਦੂੰ ਤਾਂ ਸੱਚੇ ਸੋਦਿਓਂ ਈ ਨਾ ਚੱਲਦੀ। ਉਤਰ ਕੇ ਕੈਂਪ ਨੂੰ ਤਾਂ ਮੁੜ ਜਾਂਦੇ। ਜਦੋਂ ਤਕ ਜੀਂਦੇ, ਰੋਟੀ ਪਾਣੀ ਤਾਂ ਮਿਲਦਾ। ਤੇ ਜੇ ਮਾਰੇ ਹੀ ਜਾਣਾ ਸੀ ਤਾਂ ਧਰਤੀ ਉੱਤੇ ਤਾਂ ਹੁੰਦੇ। ਕੀ ਪਤਾ ਭੱਜਿਆਂ, ਨੱਸਿਆਂ ਕੋਈ ਬਚ ਹੀ ਜਾਂਦਾ। ਪਰ ਹੁਣ ਤਾਂ ਗੱਲ ਹੀ ਹੋਰ ਸੀ। ਨਾ ਏਧਰ ਨਾ ਉਧਰ!"

ਸੂਰਜ ਸਿਰ ਤੋਂ ਲਹਿੰਦੇ ਵਲ ਨੂੰ ਢਲ ਗਿਆ। ਜਿਹੜਾ ਥੋੜ੍ਹਾ ਬਹੁਤ ਪਾਣੀ ਸਰੀਰਾਂ ਵਿਚ ਹੈ ਸੀ, ਉਹ ਪਸੀਨੇ ਨਾਲ ਨੁੱਚੜ ਗਿਆ। ਹਲਕ ਸੁੱਕ ਰਹੇ ਸਨ। ਜੀਭਾਂ ਸੁੱਕ ਰਹੀਆਂ ਸਨ। ਹੋਂਠ ਸੁੱਕ ਰਹੇ ਸਨ ਤੇ ਹਾਲਤ ਵਿਚ ਹੋਈ ਪਈ ਸੀ ਕਿ ਹੁਣ ਜੀਭਾਂ ਫੇਰਿਆਂ ਵੀ ਹੋਂਠ ਗਿੱਲੇ ਨਹੀਂ ਸਨ ਹੁੰਦੇ। ਤੇ ਬੱਚੇ ਤਾਂ ਇੰਜ ਸਨ ਜਿਵੇਂ ਅੰਤਲੇ ਸਾਹਾਂ 'ਤੇ ਅੱਪੜ ਗਏ ਹੋਣ। ਬੇਸੁੱਧ, ਅੱਡੇ ਹੋਏ ਮੂੰਹ, ਚੜ੍ਹੀਆਂ ਹੋਈਆਂ ਅੱਖਾਂ। ਜਿਵੇਂ ਭੌਰ ਉਡਣ ਦੀ ਤਿਆਰੀ ਕਰ ਰਿਹਾ ਹੋਵੇ।

ਪਿਆਸ ਸਾਧਾਰਨ ਹਾਲਤ ਵਿਚ ਵੀ ਬਹੁਤਾ ਨਹੀਂ ਜਰੀ ਜਾਂਦੀ। ਪਰ ਜੇ ਪਿਆਸ ਦੇ ਨਾਲ ਨਾਲ ਮੌਤ ਵੀ ਸਿਰ 'ਤੇ ਖਲੋਤੀ ਦਿਸ ਰਹੀ ਹੋਵੇ, ਤਾਂ ਚੰਗੇ ਭਲੇ ਦਾ ਦਮ ਕਿਵੇਂ ਨਾ ਖੁਸ਼ਕ ਹੋ ਜਾਏ। ਜਿਉਂ ਜਿਉਂ ਗੱਡੀ ਚਲਣ ਵਿਚ ਢਿੱਲ ਪਈ ਜਾਂਦੀ, ਮੌਤ ਨੇੜੇ ਤੋਂ ਨੇੜੇ ਆਉਂਦੀ ਦਿਸਣ ਲੱਗ ਪੈਂਦੀ। ਜਿਹੜੀ ਅਫਵਾਹ ਕੱਲ ਸ਼ਾਮੀ ਉੱਡੀ ਸੀ, ਭਾਰਤ ਤੋਂ ਆਉਂਦੀਆਂ ਗੱਡੀਆਂ ਦੇ ਵੱਢੀਆਂ ਹੋਣ ਵਾਲੀ, ਜੇ ਉਹ ਸੱਚੀ ਸੀ ਤਾਂ ਇਹ ਨਿਸ਼ਚਿਤ ਸੀ


hari Elibrary mdhariElibrary@gm

ਕਿ ਇਹ ਗੱਡੀ ਵੀ ਏਧਰ ਦੇ ਮੁਸਲਮਾਨਾਂ ਨਹੀਂ ਸੀ ਛਡਣੀ। 'ਐਸੀ ਤੈਸੀ ਹਿੰਦੁਸਤਾਨੀਆਂ ਦੀ।' ਮੁਸਲਮਾਨ ਵੀ ਇਹ ਸੋਚ ਸਕਦੇ ਸਨ, 'ਜੇ ਉਹ ਸਾਡੀਆਂ ਭੈਣਾਂ ਦੀਆਂ ਛਾਤੀਆਂ ਵੱਢ ਸਕਦੇ ਨੇ, ਸਾਡੀਆਂ ਧੀਆਂ ਦੀ ਇਜ਼ਤ ਲੁੱਟ ਸਕਦੇ ਨੇ, ਸਾਡੇ ਬੱਚਿਆਂ ਦੇ ਟੋਟੇ ਕਰ ਸਕਦੇ ਨੇ, ਤਾਂ ਅਸੀਂ ਕਿਉਂ ਨਾ ਕਰੀਏ। ਇਹ ਤਾਂ ਇਕ ਹੱਥ ਲੈ ਤੇ ਦੂਜੇ ਹੱਥ ਦੇ ਵਾਲੀ ਗੱਲ ਹੈ।'

ਤੇ ਗੱਲ ਹੈ ਵੀ ਠੀਕ ਸੀ। ਮਜ਼ਹਬੀ ਸੰਕੀਰਨਤਾ ਕੀ ਨਹੀਂ ਕਰ ਸਕਦੀ। ਜੇ ਗੱਡੀਆਂ ਵੱਢਣ ਵਾਲੀ ਉਪਰੋਕਤ ਗੱਲ ਸੱਚੀ ਸੀ ਤਾਂ ਇਹ ਅਮਾਨਵੀ ਕਾਰਾ ਸੀ ਜੋ ਹਿੰਦੁਸਤਾਨੀ ਸਿੱਖਾਂ ਜਾਂ ਹਿੰਦੂਆਂ ਨੇ ਕੀਤਾ ਹੋਵੇਗਾ। ਗੁਰੂ ਪੀਰ ਤਾਂ ਅਜਿਹੇ ਕਾਰਿਆਂ ਦੀ ਹਾਮੀ ਕਿਸੇ ਪਾਸੇ ਵੀ ਨਹੀਂ ਭਰਦੇ। ਨਾ ਓਧਰ ਨਾ ਏਧਰ। ਪਰ ਜਦੋਂ ਸ਼ੈਤਾਨੀਅਤ ਸਿਰਾਂ ਤੇ ਸਵਾਰ ਹੋ ਜਾਏ ਤਾਂ ਗੁਰੂ ਪੀਰਾਂ ਨੂੰ ਕੌਣ ਪੁਛਦੈ। ਤੇ ਸ਼ੈਤਾਨੀਅਤ ਹੀ ਸੀ ਜਿਸ ਤੋਂ ਡਰਦੇ ਲੋਕੀ ਅੱਧਮਰੇ ਜਹੇ ਹੋਏ ਪਏ ਸਨ।

ਦੂਰੋਂ ਮੌਤ ਭਾਵੇਂ ਏਨੀ ਡਰਾਉਣੀ ਨਾ ਲੱਗੇ ਪਰ ਜਦੋਂ ਉਹ ਸਿਰਾਂ 'ਤੇ ਆ ਖਲੋਵੇ ਤਾਂ ਬੰਦੇ ਦੇ ਅੜਾਟ ਕੱਢ ਦੇਂਦੀ ਹੈ। ਤੇ ਉਹੋ ਅੜਾਟ ਇਸ ਗੱਡੀ ਦੀ ਭੀੜ ਦੇ ਵੀ ਨਿਕਲ ਰਹੇ ਸਨ। ਮੌਤ ਲੋਕਾਂ ਨੂੰ ਹੁਣ ਸ਼ਾਖਸ਼ਾਤ ਨਜ਼ਰ ਆ ਰਹੀ ਸੀ। ਆਪਣੇ ਖ਼ੂਨੀ ਜਬਾੜੇ ਖੋਹਲ ਕੇ ਹੱਸਦੀ ਹੋਈ। ਲਹੂ ਲੁਹਾਣ ਵਰਾਛਾਂ ਨਾਲ ਕਿਲਕਾਰੀਆਂ ਮਾਰਦੀ ਹੋਈ। ਇਸ ਲਈ ਗੱਡੀ ਦਾ ਨਾ ਚਲਣਾ ਇਕ ਸ਼ੱਕ ਪਾਂਦਾ ਸੀ ਕਿ ਏਥੇ ਕੋਈ ਨਾ ਕੋਈ ਕਾਰਾ ਹੋਣ ਵਾਲਾ ਹੈ। ਜਾਪਦਾ ਸੀ ਕਿ ਹੁਣ ਸਿਰਫ਼ ਉਹਨਾਂ ਦਰਿੰਦਿਆਂ ਦੀ ਹੀ ਉਡੀਕ ਕੀਤੀ ਜਾ ਰਹੀ ਸੀ, ਜਿਹਨਾਂ ਆਉਂਦਿਆਂ ਹੀ ਗੱਡੀ ਵਿਚ ਵੜ ਜਾਣਾ ਸੀ, ਤੇ ਛੁਰਿਆਂ ਤੇ ਨੇਜ਼ਿਆਂ ਜਾਂ ਟੋਕਿਆਂ ਨਾਲ ਇਵੇਂ ਵਾਢ ਪਾਣੀ ਸੀ ਜਿਵੇਂ ਡੰਗਰਾਂ ਨੂੰ ਪਾਣ ਲਈ ਪੱਠੇ ਕੁਤਰੀ ਦੇ ਹਨ। ਲਹੂ ਨਾਲ ਡੱਬੇ ਭਰ ਜਾਣੇ ਸਨ, ਮਨੁੱਖੀ ਅੰਗ ਥਾਂ ਥਾਂ ਖਿੱਲਰ ਜਾਣੇ ਹਨ। ਚਾਰ ਚੁਫੇਰੇ ਹਾਹਾਕਾਰ ਮੱਚ ਉੱਠਣੀ ਸੀ। ਕੋਈ ਵੀ ਨਹੀਂ ਸੀ ਬਚਣਾ। ਤੇ ਮੌਤ ਦੇ ਸਾਏ ਹੇਠ ਜੀ ਰਹੇ ਲੋਕੀਂ ਆਉਣ ਵਾਲੀ ਘੜੀ ਨੂੰ ਚਿਤਵ ਚਿਤਵ ਕੇ ਹੀ ਥਰ-ਥਰ ਕੰਬ ਰਹੇ ਸਨ।

ਮਿਲਟਰੀ ਦੇ ਆਗੂ ਸਰਦਾਰ ਨੂੰ ਵੀ ਲੋਕਾਂ ਦੇ ਇਸ ਡਰ ਦੀ ਖ਼ਬਰ ਸੀ। ਉਹ ਆਪ ਵੀ ਸਮਝਦਾ ਸੀ ਤੇ ਉਹਨੂੰ ਉਹਦੇ ਸਾਥੀਆਂ ਵੀ ਦੱਸਿਆ ਹੋਵੇਗਾ, ਉਹ ਗੱਜਦਾ ਹੋਇਆ ਗੱਡੀ ਦੇ ਦੁਆਲੇ ਘੁੰਮਣ ਲੱਗ ਪਿਆ। "ਜਿੰਨਾ ਚਿਰ ਅਸੀਂ ਜਿਉਂਦੇ ਹਾਂ, ਤੁਹਾਡੀ 'ਵਾ ਵੱਲ ਵੀ ਕੋਈ ਨਹੀਂ ਵੇਖ ਸਕਦਾ। ਹਜ਼ਾਰ ਹਜ਼ਾਰ ਨੂੰ ਤਾਂ ਅਸੀਂ ਮਾਰ ਕੇ ਹੀ ਮਰਾਂਗੇ। ਸਤਾਰਾਂ ਸਟੇਨਗੰਨਾਂ ਅਤੇ ਪੇਟੀਆਂ ਦੀਆਂ ਪੇਟੀਆਂ ਗੋਲੀਆਂ ਸਿਰਫ ਤੁਹਾਡੀ ਰਖਿਆ ਲਈ ਹੀ ਹਨ। ਗੱਡੀ ਸਹੀ ਸਲਾਮਤ ਅਟਾਰੀ ਪਹੁੰਚੇਗੀ ਇਹ ਮੇਰਾ ਵਾਅਦਾ ਹੈ। ਪਰ ਪਾਣੀ ਮੇਰੇ ਵਸੋਂ ਬਾਹਰ ਹੈ। ਇਹ ਤੁਸੀਂ ਬਰਦਾਸ਼ਤ ਕਰੋ।"

ਉਹਦੀ ਏਸ ਗਰਜ ਨਾਲ ਲੋਕਾਂ ਨੂੰ ਕੁਝ ਧਰਵਾਜ ਬੱਝੀ। ਪਰ ਡਰ ਤਾਂ ਡਰ ਸੀ। ਏਨੀ ਛੇਤੀ ਕਿਵੇਂ ਨਿਕਲ ਜਾਂਦਾ। ਤੇ ਪਾਣੀ ਦਾ ਤਾਂ ਉਹਦੇ ਕੋਲ ਵੀ ਕੋਈ ਹੱਲ ਨਹੀਂ ਸੀ। ਜੇ ਇਸੇ ਤਰ੍ਹਾਂ ਹੀ ਗੱਡੀ ਸ਼ਾਮ ਤੱਕ ਖਲੋਤੀ ਰਹੀ ਤਾਂ ਵੱਢੀ ਜਾਣ ਤੋਂ ਬਿਨਾਂ ਹੀ ਸਭ ਨੇ ਮਰ ਜਾਣਾ ਸੀ। ਲੋਕ ਆਉਣ ਵਾਲੀ ਘੜੀ ਨੂੰ ਚਿਤਵ ਚਿਤਵ ਕੇ ਹੀ ਹਉਕੇ ਭਰ ਰਹੇ ਸਨ। ਤੇ ਹਉਕੇ ਭਰਦਿਆਂ ਜਦੋਂ ਉਹਨਾਂ ਦੇ ਬੁੱਲ ਫਰਕਦੇ ਤਾਂ ਇੰਜ ਲਗਦਾ ਜਿਵੇਂ ਉਹ ਪਾਣੀ ਪਾਣੀ ਹੀ ਪੁਕਾਰ ਰਹੇ ਹੋਣ। ਉਹ ਰੱਬ ਦਾ ਨਾਂ ਲੈਂਦੇ ਤਾਂ ਵੀ ਉਹਨਾਂ ਦੇ ਬੁੱਲ੍ਹ ਪਾਣੀ ਆਖਣ ਵਾਂਗ ਹੀ ਹਿਲਦੇ। ਉਹਨਾਂ ਦੇ ਮੂੰਹੋਂ ਹਾਏ ਨਿਕਲਦੀ ਤਾਂ ਪਾਣੀ ਦਾ ਸ਼ਬਦ ਆਪੇ ਹੀ ਨਾਲ ਜੁੜ ਜਾਂਦਾ। ਵਾਂਢ ਤਾਂ ਜਦੋਂ ਪੈਣੀ ਸੀ ਉਦੋਂ ਹੀ ਪੈਣੀ ਸੀ, ਐਸ ਵੇਲੇ ਤਾਂ ਪਾਣੀ ਹੀ ਮੌਤ ਬਣਿਆ ਖਲੋਤਾ ਸੀ। ਕਿਸੇ ਦੇ ਹਥਿਆਰ ਨਾਲ ਮਰ ਜਾਣਾ ਸਗੋਂ ਸੌਖਾ ਜਾਪਣ ਲੱਗ ਪਿਆ ਸੀ ਪਰ ਤ੍ਰੇਹ ਨਾਲ ਮਰਨਾ ਔਖਾ। ਪੰਜਾਂ ਤੱਤਾਂ ਵਿਚੋਂ ਜੇ ਇਕ ਜ਼ਰੂਰੀ ਤੱਤ ਪਾਣੀ ਹੀ ਸਰੀਰਾਂ ਵਿਚ ਨਾ ਰਿਹਾ ਤਾਂ ਮਰਨਾ ਤਾਂ ਨਿਸ਼ਚਿਤ ਹੀ ਸੀ। ਇਹਦੇ ਵਿਚ ਸ਼ੱਕ ਸ਼ੁਬਾਹ ਕਾਹਦਾ। ਡੱਬਿਆਂ ਵਿਚ ਇੰਜ ਸੀ ਜਿਵੇਂ ਲੋਕ ਮੂਰਛਤ ਹੋਏ ਪਏ ਹੋਣ।

ਇਕ ਪਾਸਿਉਂ ਇਕ ਔਰਤ ਕੁਰਲਾ ਉੱਠੀ, "ਮਰ ਰਿਹਾ ਹੈ ਮੇਰਾ ਬੱਚਾ। ਕੋਈ ਚੋਆ ਪਾਣੀ ਦਾ। ਹਾਏ ਮੇਰਿਆ ਰੱਬਾ।" ਇਹ ਕੁਰਲਾਹਟ ਕਈਆਂ ਨੇ ਸੁਣੀ। ਪਰ ਕਿਸੇ ਕੋਲ ਇਹਦਾ ਹੱਲ ਨਹੀਂ ਸੀ। ਪਤਾ ਨਹੀਂ ਕੋਲ ਬੈਠੇ ਇਕ ਜਣੇ ਨੂੰ ਕੀ ਸੁੱਝੀ ਕਿ ਉਸਨੇ ਆਪਣੇ ਮੱਥੇ ਤੋਂ ਉਂਗਲ ਨਾਲ ਪਸੀਨਾ ਪੂੰਝਿਆ ਤੇ ਝਟ ਦੇਣੀ ਕੁਝ ਕਤਰੇ ਬੱਚੇ ਦੇ ਮੂੰਹ ਵਿਚ ਪਾ ਦਿੱਤੇ। ਵੇਖਾ ਵੇਖੀ ਇਕ ਦੋ ਹੋਰ ਨੇ ਵੀ ਇੰਜ ਹੀ ਕੀਤਾ। ਬੱਚੇ ਦੀਆਂ ਬੁੱਲੀਆਂ ਗਿੱਲੀਆਂ ਹੋਈਆਂ, ਜੀਭ ਤੇ ਗਲਾ ਕੁਝ ਤਰ ਹੋਏ ਤੇ ਉਸ ਨੇ ਜਿਵੇਂ ਅੱਖਾਂ ਖੋਲ੍ਹ ਲਈਆਂ। ਇਹ ਇਕ ਨਵਾਂ ਤਜਰਬਾ ਸੀ, ਜਿਸਨੂੰ ਕਈ ਵਿਲ੍ਹਕਦੇ ਲੋਕਾਂ ਨੇ ਅਪਨਾਣਾ ਸ਼ੁਰੂ ਕਰ ਦਿੱਤਾ। ਸਿਰ ਤੋਂ ਚੋਂਦਾ ਮੁੜਕਾ ਜਦੋਂ ਬੁੱਲਾਂ ਤਕ ਅਪੜਦਾ ਤਾਂ ਲੋਕ ਝੱਟ ਹੀ ਜੀਭ ਨਾਲ ਚੱਟ ਲੈਂਦੇ। ਤੇ ਇਕ ਡੱਬੇ ਵਿਚ ਤਾਂ ਇੰਜ ਹੋਇਆ ਕਿ ਪਰਛੱਤੀ ਤੇ ਬੈਠੇ ਕਿਸੇ ਇਕ ਦੀਆਂ ਅਰਕਾਂ ਤੋਂ ਮੁੜ੍ਹਕਾ ਚੋਣ ਲੱਗ ਪਿਆ ਤੇ ਹੇਠ ਬੈਠੇ ਕਿਸੇ ਹੋਰ ਨੇ ਹੇਠੋਂ ਹੀ ਉਹਦੀ ਅਰਕ ਮੂੰਹ ਵਿਚ ਪਾ ਲਈ। ਮੁੜ੍ਹਕੇ ਦੀਆਂ ਉਹਨਾਂ ਬੂੰਦਾਂ ਨਾਲ ਉਹਦੀ ਤਪਸ਼ ਨਹੀਂ ਸੀ ਮਿਟਣੀ। ਇਹ ਤਾਂ ਮਰਦਿਆਂ ਦੇ ਤਰਲੇ ਸਨ ਤੇ ਅਜੇਹੇ ਤਰਲੇ ਹੁਣ ਹਰ ਕੋਈ ਲੈ ਰਿਹਾ ਸੀ।

ਮੁੜ੍ਹਕੇ ਤੋਂ ਹੀ ਕਿਸੇ ਹੋਰ ਨੂੰ ਇਕ ਗੱਲ ਸੁੱਝੀ। ਉਹਨੇ ਆਪਣੀ ਗਿੱਲੀ ਕਮੀਜ਼ ਲਾਹੀ ਅਤੇ ਆਪਣੇ ਮੂੰਹ ਵਿਚ


Namdhari Elibrary NamdhariElibrary@gmail.com

ਨਿਚੋੜਣ ਲੱਗ ਪਿਆ। ਜਦੋਂ ਇਕ ਵੀ ਚੋਆ ਨਾ ਡਿੱਗਿਆ ਤਾਂ ਉਹਨੇ ਗਿੱਲੀ ਕਮੀਜ਼ ਹੀ ਚੂਸਣੀ ਸ਼ੁਰੂ ਕਰ ਦਿੱਤੀ। ਕੁਦਰਤ ਹੀ ਅੰਨ੍ਹੀ ਹੋ ਗਈ ਸੀ। ਜੇ ਉਹਨੂੰ ਕੁਝ ਦਿਸਦਾ ਹੁੰਦਾ, ਤਾਂ ਅਜਿਹੇ ਨਜ਼ਾਰੇ ਵੇਖ ਕੇ ਉਹਨੇ ਵੀ ਪਿਘਲ ਉਠਣਾ ਸੀ।

ਗੱਡੀ ਦਾ ਇਹ ਸਫ਼ਰ ਕਿਆਮਤ ਤੋਂ ਘੱਟ ਨਹੀਂ ਸੀ। ਪਰ ਕਿਆਮਤ ਤਾਂ ਡਟ ਕੇ ਹੀ ਸਿਰਾਂ 'ਤੇ ਖਲੋ ਗਈ ਸੀ। ਸਰਕ ਹੀ ਨਹੀਂ ਸੀ ਰਹੀ। ਤੇ ਪਤਾ ਨਹੀਂ ਕਿਆਮਤ ਵਿਚ ਕੀ ਹਸ਼ਰ ਹੋਣਾ ਸੀ! ਉਹੋ ਹੀ ਜੋ ਮੁਸਲਮਾਨ ਭਰਾ ਦਸਦੇ ਹੁੰਦੇ ਸਨ ਜਾਂ ਉਸ ਤੋਂ ਵੀ ਭੈੜਾ, ਜਿਸ ਦਾ ਅਨੁਮਾਨ ਹੀ ਨਹੀਂ ਸੀ ਲਾਇਆ ਜਾ ਸਕਦਾ। ਮੁਸਲਮਾਨ ਭਰਾ ਤਾਂ ਕਹਿੰਦੇ ਹੁੰਦੇ ਸਨ ਕਿ ਜਦੋਂ ਕਿਆਮਤ ਆਉਣੀ ਹੈ ਤਾਂ ਸੂਰਜ ਨੇ ਧਰਤੀ ਤੋਂ ਸਿਰਫ ਸਵਾ ਗਜ਼ ਉੱਚਾ ਰਹਿ ਜਾਣਾ ਹੈ ਅਤੇ ਹਰ ਚੀਜ਼ ਇਵੇਂ ਪਿਘਲ ਜਾਣੀ ਹੈ ਜਿਵੇਂ ਸੁਨਾਰ ਦੀ ਭੱਠੀ 'ਚ ਧਾਤ ਪਿਘਲਦੀ ਹੈ। ਤੇ ਹੁਣ ਵੀ ਕਿਹੜੀ ਘੱਟ ਗੁਜ਼ਰ ਰਹੀ ਸੀ। ਭਾਵੇਂ ਸੂਰਜ ਉੱਚਾ ਹੀ ਸੀ। ਪਰ ਆਪਣੇ ਜੌਹਰ ਤਾਂ ਉਹ ਹੁਣ ਵੀ ਦਿਖਾ ਹੀ ਰਿਹਾ ਸੀ। ਕਿਆਮਤ ਵਿਚ ਵੀ ਪਹਿਲਾਂ ਪਾਣੀ ਹੀ ਸੜਣਾ ਸੀ ਤੇ ਉਹ ਹੁਣ ਵੀ ਸੜ ਰਿਹਾ ਸੀ। ਹੁਣ ਤਾਂ ਗੱਡੀ ਦੀ ਛੱਤ ਵੀ ਅੱਗ ਵਾਂਗ ਤਪੀ ਪਈ ਸੀ। ਗੱਡੀ ਦਾ ਧੁੱਪ ਵਾਲਾ ਪਾਸਾ ਤਾਂ ਇੰਜ ਹੋਇਆ ਪਿਆ ਸੀ ਜਿਵੇਂ ਰੋਟੀਆਂ ਪਕਾਣ ਵਾਲਾ ਤਵਾ ਤਪ ਰਿਹਾ ਹੋਵੇ।

ਲੋਕਾਂ ਦੀਆਂ ਅੱਖਾਂ ਵਿਚ ਜਿਵੇਂ ਤਾਰੇ ਨੱਚ ਰਹੇ ਸਨ। ਸਰੀਰ ਜਿਵੇਂ ਚਿੰਗਾੜੇ ਛੱਡ ਰਹੇ ਸਨ। ਸਾਹ ਲੈਣ ਵਾਲੀ ਹਵਾ ਦੀ ਨਮੀ ਵੀ ਸੁੱਕ ਸੜ ਗਈ ਸੀ ਤੇ ਸਾਹ ਲੈਣ ਲੱਗਿਆਂ ਲੋਕਾਂ ਨੂੰ ਇੰਜ ਜਾਪਦਾ ਸੀ ਜਿਵੇਂ ਹਵਾ ਨਾਲ ਨਹੀਂ ਸਗੋਂ ਉਹ ਅੱਗ ਨਾਲ ਸਾਹ ਲੈ ਰਹੇ ਹੋਣ। ਦੋਹਾਂ ਪਾਸੇ ਤਪਸ਼ ਹੀ ਤਪਸ਼। ਅੰਦਰ ਵੀ ਤੇ ਬਾਹਰ ਵੀ। ਬਸ ਏਨਾ ਹੀ ਸੀ ਕਿ ਜਾਨ ਨਿਕਲ ਨਹੀਂ ਸੀ ਰਹੀ। ਤੇ ਉਹ ਵੀ ਸ਼ਾਇਦ ਕਿਤੇ ਪਾਣੀ ਦੀ ਆਸ ਤੇ ਅਧਮੋਈ ਹੋਈ ਪਈ ਸੀ।

ਹਮਲਿਆਂ ਵਿਚ ਜਿਹੜੇ ਕਹਿਰ ਲੋਕਾਂ ਉੱਤੇ ਢੱਠੇ ਸਨ ਉਹ ਭੁੱਲਣ ਵਾਲੇ ਨਹੀਂ ਸਨ ਤੇ ਜਿਹੜਾ ਕਹਿਰ ਹੁਣ ਪਾਣੀ ਦੀ ਅਣਹੋਂਦ ਢਾਹ ਰਹੀ ਸੀ, ਜੇ ਲੋਕੀਂ ਜਿਉਂਦੇ ਰਹੇ ਤਾਂ ਉਮਰਾਂ ਤਕ ਇਹ ਵੀ ਕਿਸੇ ਨੂੰ ਨਹੀਂ ਸੀ ਭੁੱਲਣਾ।

ਤੇ ਲੋਕ ਇਕਦਮ ਉਛਲ ਪਏ, ਜਦੋਂ ਉਹਨਾਂ ਗੱਡੀ ਦੀ ਚੀਕ ਸੁਣੀਂ। ਇਹਦਾ ਮਤਲਬ ਸੀ ਕਿ ਹਾਲ ਦੀ ਘੜੀ ਖਤਰਾ ਟਲ ਗਿਆ ਹੈ, ਤੇ ਇਹਦਾ ਮਤਲਬ ਇਹ ਵੀ ਸੀ ਕਿ ਸ਼ੈਤਾਨਾਂ ਵਿਚ ਵੀ ਕਿਤੇ ਕੋਈ ਫ਼ਰਿਸ਼ਤਾ ਹੈ ਜਿਸ ਦਾ ਅਸਰ ਕੰਮ ਕਰ ਗਿਆ ਹੈ। ਝੁਝੇ ਹੋਏ ਲੋਕਾਂ ਦੀ ਵੀ ਦਿਮਾਗ਼ੀ ਮਸ਼ੀਨ ਤਾਂ ਚੱਲ ਹੀ ਰਹੀ ਸੀ। ਤੇ ਉਹ ਮਸ਼ੀਨ ਹੀ ਦਸਦੀ ਸੀ ਕਿ ਕਿਸੇ ਵੀ ਕੌਮ ਜਾਂ ਫਿਰਕੇ ਵਿਚ ਸਾਰੇ ਹੀ ਚੰਡਾਲ ਨਹੀਂ ਹੁੰਦੇ। ਹਰ ਥਾਂ ਭਲੇ ਲੋਕ ਵੀ ਹੁੰਦੇ ਹਨ ਭਾਵੇਂ ਉਹ ਕਿਸੇ ਵਕਤੀ ਦਬਾਅ ਕਾਰਨ ਕੁਸਕ ਨਾ ਸਕਦੇ ਹੋਣ। ਜੇ ਸਾਰੇ ਹੀ ਜਾਬਰ ਹੁੰਦੇ ਤਾਂ ਇਸ ਗੱਡੀ 'ਤੇ ਚੜ੍ਹਣ ਜੋਗਾ ਵੀ ਕੋਈ ਨਾ ਬਚਿਆ ਹੁੰਦਾ। ਸੋ ਭੈਅ ਸੀ ਕਿ ਇਸ ਵੇਲੇ ਜੇ ਮੌਤ ਘੜੀ ਪਲ ਲਈ ਪਿੱਛੇ ਹਟ ਗਈ ਸੀ ਤਾਂ ਉਹ ਕਿਸੇ ਭਲੇ ਪੁਰਸ਼ ਕਰਕੇ ਹੀ ਸੀ ਜਿਸ ਨੇ ਗੱਡੀ ਨੂੰ ਚਲਾਣ ਦਾ ਹੁਕਮ ਭੇਜਿਆ ਜਾਂ ਭਿਜਵਾਇਆ ਸੀ।

ਕੁਝ ਮਿੰਟਾਂ ਵਿਚ ਗੱਡੀ ਚੱਲ ਪਈ ਤੇ ਲੋਕਾਂ ਨੇ ਸੁਖ ਦਾ ਸਾਹ ਲਿਆ। ਭਾਵੇਂ ਉਹਨਾਂ ਨੂੰ ਖਤਰਾ ਪੂਰੀ ਤਰਾਂ ਟਲ ਗਿਆ ਨਹੀਂ ਸੀ ਜਾਪਦਾ। ਅਜੇ ਚਾਲੀ ਪੰਜਾਹ ਮੀਲ ਦਾ ਸਫ਼ਰ ਹੋਰ ਸੀ ਤੇ ਕੋਈ ਪਤਾ ਨਹੀਂ ਸੀ ਕਿ ਕਿੱਥੇ ਕੀ ਵਾਪਰ ਜਾਣਾ ਹੈ। ਗੱਡੀ ਲੋਕਾਂ ਨੂੰ ਇੰਜ ਲਿਜਾ ਰਹੀ ਸੀ ਜਿਵੇਂ ਕੁੱਕੜਾਂ ਨੂੰ ਪਹੁੰਚਿਆਂ ਤੋਂ ਬੰਨ ਕੇ ਕੋਈ ਲਟਕਾਈ ਲਿਜਾ ਰਿਹਾ ਹੋਵੇ। ਉਹਨਾਂ ਕੁੱਕੜਾਂ ਨੂੰ ਵੀ ਇਹ ਅਭਾਸ ਤਾਂ ਹੁੰਦਾ ਹੀ ਹੈ ਕਿ ਥੋੜ੍ਹੇ ਚਿਰ ਵਿਚ ਹੀ ਉਹਨਾਂ ਦੀ ਬੋਟੀ ਬੋਟੀ ਕਰ ਦਿੱਤੀ ਜਾਏਗੀ। ਤੇ ਉਸੇ ਭਿਆਨਕ ਡਰ ਨਾਲ ਹੀ ਉਹ ਅਧਮਰੇ ਜਹੇ ਲਟਕੀ ਜਾਂਦੇ ਹਨ। ਗੱਡੀ ਜਾ ਰਹੀ ਸੀ ਤੇ ਵਿੱਚ ਜਿਵੇਂ ਲੋਕ ਨਹੀਂ ਸਗੋਂ ਝਟਕਾਏ ਜਾਣ ਵਾਲੇ ਮੁਰਗੇ ਹੀ ਭਰੇ ਹੋਏ ਹੋਣ। ਜਿਹਨਾਂ ਦੇ ਚਿਹਰਿਆਂ ਤੋਂ ਮਾਰੇ ਜਾਣ ਦਾ ਡਰ ਪੂਰੀ ਤਰਾਂ ਪ੍ਰਗਟ ਹੋ ਰਿਹਾ ਹੋਵੇ।

ਸਰਦਾਰ ਨੇ ਭਰੋਸਾ ਦਿਵਾਇਆ ਸੀ ਕਿ ਸ਼ੇਖੂਪੁਰੇ ਜਾ ਕੇ ਪਾਣੀ ਦਾ ਕੋਈ ਪ੍ਰਬੰਧ ਅਵੱਸ਼ ਕੀਤਾ ਜਾਏਗਾ। ਪਰ ਸ਼ੇਖੂਪੁਰੇ ਤਾਂ ਗੱਡੀ ਰੁਕੀ ਹੀ ਨਾ। ਲੋਕਾਂ ਦੀ ਰਹਿੰਦੀ ਖੂੰਹਦੀ ਸੱਤਿਆ ਵੀ ਜਿਵੇਂ ਜਾਂਦੀ ਰਹੀ। ਉਹਨਾਂ ਉੱਭੇ ਸਾਹ ਲੈਣੇ ਸ਼ੁਰੂ ਕਰ ਦਿੱਤੇ। ਫਿਰ ਤਾਂ ਹਾਲਤ ਇਹ ਹੋ ਗਈ ਕਿ ਕੋਈ ਵੀ ਤਰਲ ਵਸਤੂ ਮਿਲਦੀ ਕਿਸੇ ਨੇ ਪੀਣੋਂ ਨਹੀਂ ਸੀ ਝਿਜਕਣਾ। ਭਾਵੇਂ ਗੰਦੀ ਨਾਲੀ ਦਾ ਪਾਣੀ ਹੀ ਹੁੰਦਾ। ਤੇ ਸੱਚ ਮੁੱਚ ਇੰਜ ਹੀ ਹੋਇਆ, ਜਦੋਂ ਕਈ ਲੋਕ ਬਾਲਾਂ ਨੂੰ ਪਿਸ਼ਾਬ ਪਿਲਾਂਦੇ ਵੇਖੇ ਗਏ। ਬੇਸੁੱਧ ਪਏ ਬਾਲਾਂ ਦੇ ਮੂੰਹ ਵਿਚ ਜਦੋਂ ਗਰਮ ਗਰਮ ਕੌੜਾ ਜਿਹਾ ਪਾਣੀ ਪੈਂਦਾ ਤਾਂ ਉਹ ਬੇਹੋਸ਼ੀ ਵਿਚ ਹੀ ਅੱਖਾਂ ਜਾਂ ਮੂੰਹ ਸਿਕੋੜਦੇ ਤੇ ਉਹ ਉਹਨਾਂ ਦੇ ਹਲਕ ਤੋਂ ਹੇਠਾਂ ਲੰਘ ਜਾਂਦਾ। ਇਹ ਉਹ ਹਾਲਤ ਸੀ ਜਿਸਨੂੰ ਚਿਤਵ ਚਿਤਵ ਕੇ ਹੀ ਬੰਦੇ ਨੂੰ ਘੇਰਣੀਆਂ ਆਉਣ ਲੱਗ ਪੈਣ।

ਗੱਡੀ ਚੱਲ ਰਹੀ ਸੀ ਤੇ ਮੌਤ ਦਾ ਫਰਿਸ਼ਤਾ ਹੱਸੀ ਜਾ ਰਿਹਾ ਸੀ। ਰਾਹ ਵਿਚ ਨਿੱਕੇ ਨਿੱਕੇ ਤਿੰਨ ਚਾਰ ਸਟੇਸ਼ਨ ਆਏ ਪਰ ਗੱਡੀ ਰੁਕੀ ਨਾ। ਇਕ ਦੋ ਸਟੇਸ਼ਨਾਂ ਉੱਤੇ ਲੋਕਾਂ ਦੀਆਂ ਭੀੜਾਂ ਵੀ ਜੁੜੀਆਂ ਹੋਈਆਂ ਸਨ। ਹੱਥਾਂ ਵਿਚ ਛੁਰੇ, ਨੇਜ਼ੇ ਤੇ ਗੰਡਾਸੇ। ਤੇ ਸਰਦਾਰ ਦੇ ਸਟੇਨਗੰਨੀਏ ਅੱਗੇ ਨਾਲੋਂ ਵਾਧੂ ਹੁਸ਼ਿਆਰ ਜਾਪਦੇ ਸਨ, ਸਾਰੀ ਗੱਡੀ ਵਿਚ ਦੋਹੀਂ ਪਾਸੀਂ ਸਟੇਨਗੰਨਾਂ ਤਾਣੀ ਬੈਠੇ ਹੋਏ। ਲੱਗਦਾ ਸੀ ਕਿ ਕਿਸੇ ਪਾਸਿਓਂ ਵੀ ਰਤਾ ਜਿੰਨੀ ਸ਼ਰਾਰਤ


Namdhari Elibrary NamdhariElibrary@gmail.com

ਹੋਈ ਤਾਂ ਮਿਲਟਰੀ ਨੇ ਇਕ ਸ਼ਰਾਰਤੀ ਵੀ ਜਿਉਂਦਾ ਨਹੀਂ ਸੀ ਛੱਡਣਾ। ਤੇ ਲੋਕਾਂ ਨੂੰ ਇਕ ਧੁੰਦਲੀ ਜਹੀ ਆਸ ਬੱਝ ਗਈ ਕਿ ਸ਼ਾਇਦ ਇਸ ਤਰ੍ਹਾਂ ਹੁਣ ਬਾਕੀ ਪੈਂਡਾ ਵੀ ਲੰਘ ਹੀ ਜਾਏਗਾ। ਸ਼ਾਇਦ ਗੱਡੀ ਕਿਤੇ ਨਾ ਹੀ ਰੁੱਕੇ ਅਤੇ ਸਿੱਧੀ ਅਟਾਰੀ ਹੀ ਜਾ ਸਾਹ ਲਵੇ।

ਰਾਵੀ ਦਾ ਪੁਲ ਲੰਘ ਗਿਆ। ਸ਼ਾਹਦਰਾ ਤੇ ਫਿਰ ਬਦਾਮੀ ਬਾਗ਼। ਤੇ ਬਦਾਮੀ ਬਾਗ ਆ ਕੇ ਗੱਡੀ ਨੂੰ ਬ੍ਰੇਕਾਂ ਲੱਗ ਗਈਆਂ। ਰਾਵੀ ਤੋਂ ਲੰਘਦਿਆਂ ਕਈਆਂ ਨੇ ਦਰਿਆ ਵਿਚ ਛਾਲਾਂ ਮਾਰ ਕੇ ਪਾਣੀ ਪੀਣ ਦੀ ਸੋਚੀ ਹੋਵੇਗੀ ਪਰ ਇਸ ਤਰ੍ਹਾਂ ਉਹਨਾਂ ਤੋਂ ਆਪਣੀ ਗੱਡੀ ਛੁੱਟ ਜਾਣੀ ਸੀ, ਜਿਹੜੀ ਫਿਰ ਫੜੀ ਨਹੀਂ ਸੀ ਜਾਣੀ ਤੇ ਪਤਾ ਨਹੀਂ ਫਿਰ ਹੋਰ ਕੀ ਹੋਣਾ ਸੀ।

ਗੱਡੀ ਰੁਕ ਗਈ ਤੇ ਲੋਕਾਂ ਦੀ ਹਾਲਤ ਫਿਰ ਉਹੋ ਹੋ ਗਈ ਜੋ ਗ਼ਾਜ਼ੀਕੇ ਦੇ ਸਟੇਸ਼ਨ 'ਤੇ ਹੋਈ ਸੀ। ਮੌਤ ਦਾ ਪਰਛਾਵਾਂ ਜੋ ਦੌੜਦੇ ਬੱਦਲਾਂ ਦੀ ਛਾਂ ਵਾਂਗ ਸਿਰਾਂ ਤੋਂ ਹਟ ਗਿਆ ਜਾਪਦਾ ਸੀ, ਅੱਗੇ ਨਾਲੋਂ ਵੀ ਗੂਹੜੇ ਰੂਪ ਵਿਚ ਫਿਰ ਸਿਰਾਂ 'ਤੇ ਪੈਣ ਲੱਗ ਪਿਆ। ਸਿਆਣੇ ਲੋਕ ਖ਼ਤਰੇ ਦੇ ਲੱਛਣ ਪਛਾਣਨ ਲੱਗ ਪਏ। ਮਿਲਟਰੀ ਵਾਲਿਆਂ ਦੀ ਵਾਧੂ ਸਰਗਰਮੀ, ਸਰਦਾਰ ਦੇ ਚਿਹਰੇ ਦੇ ਬਦਲਦੇ ਪ੍ਰਭਾਵ, ਉਹਦੀਆਂ ਪਲ ਪਲ ਨੱਚਦੀਆਂ ਅੱਖਾਂ ਤੇ ਸਟੇਸ਼ਨ ਦਾ ਰਹੱਸਮਈ ਮਾਹੌਲ। ਇਹ ਸਾਰਾ ਕੁਝ ਦਸਦਾ ਪਿਆ ਸੀ ਕਿ ਹੁਣ ਘੜੀਆਂ ਪਲਾਂ ਵਿਚ ਹੀ ਕੁਝ ਨਾ ਕੁਝ ਵਾਪਰਨ ਵਾਲਾ ਹੈ। ਤੇ ਲੋਕਾਂ ਦੇ ਸਾਹ ਉਦੋਂ ਬਿਲਕੁਲ ਹੀ ਸੂਤੇ ਗਏ ਜਦੋਂ ਉਹਨਾਂ ਦੇ ਕੋਲੋਂ ਰਾਵੀ ਨੂੰ ਜਾਂਦੀ ਇਕ ਖ਼ਾਲੀ ਗੱਡੀ ਲੰਘੀ। ਲਹੂ ਲੁਹਾਣ। ਜਿਵੇਂ ਮੁਰਦੇ ਢੋ ਕੇ ਆਈ ਹੋਵੇ। ਤੇ ਹੁਣ ਰਾਵੀ 'ਤੇ ਧੋਆ ਧੁਆਈ ਲਈ ਜਾ ਰਹੀ ਹੋਵੇ। ਸ਼ਾਇਦ ਇਹੋ ਹੀ ਲਹੂ ਦੀ ਗੰਧ ਸੀ ਜਿਸ ਨੂੰ ਸਰਦਾਰ ਅਤੇ ਉਹਦੀ ਵਾਇਰਲੈੱਸ ਨੇ ਸੁੰਘ ਲਿਆ ਸੀ ਤੇ ਫੌਜੀਆਂ ਦਾ ਅੰਗ ਸੰਗ ਸਤਰਕ ਹੋ ਗਿਆ ਸੀ। ਤੇ ਇਹ ਵੀ ਖ਼ੌਰੇ ਉਹ ਹੀ ਗੱਡੀ ਸੀ ਜਿਸ ਦੀ ਅਫ਼ਵਾਹ ਕੱਲ ਸੁਣੀ ਗਈ ਸੀ।

ਸਟੇਸ਼ਨ ਦੇ ਅੱਗੇ ਤੇ ਪਿੱਛੇ ਦੋਹਾਂ ਸਿਰਿਆਂ 'ਤੇ ਭੀੜਾਂ ਜੁੜਣੀਆਂ ਸ਼ੁਰੂ ਹੋ ਗਈਆਂ। ਉਹਨਾਂ ਦੇ ਹੱਥਾਂ ਵਿਚ ਮਾੜੇ ਮੋਟੇ ਹਥਿਆਰ ਹੀ ਜਾਪਦੇ ਹਨ, ਪਰ ਗੱਡੀ ਵਾਲਿਆਂ ਲਈ ਤਾਂ ਉਹ ਕਾਤਲਾਂ ਦੀਆਂ ਭਿਆਨਕ ਭੀੜਾਂ ਹੀ ਸਨ। ਖ਼ਾਸ ਕਰਕੇ ਉਦੋਂ ਜਦੋਂ ਲਹੂ ਲੁਹਾਣ ਗੱਡੀ ਆਪਣੇ ਕੋਲੋਂ ਲੰਘਦੀ ਉਹਨਾਂ ਵੇਖੀ ਵੀ ਸੀ। ਜੋ ਉਹਨਾਂ ਵਿਚ ਦਹਿਸ਼ਤ ਭਰਨ ਲਈ ਕਾਫ਼ੀ ਸੀ। ਤੇ ਸਟੇਸ਼ਨ 'ਤੇ ਖਲੋਤੀ ਗੱਡੀ ਵਾਲੇ ਲੋਕ ਥਰ ਥਰ ਕੰਬ ਰਹੇ ਸਨ। ਉਂਜ ਉਹ ਭੀੜਾਂ ਏਨੀਆਂ ਦੂਰ ਸਨ ਕਿ ਜੇ ਗੱਡੀ ਵੱਲ ਆਉਂਦੀਆਂ ਵੀ ਤਾਂ ਸ਼ਾਇਦ ਹੀ ਸਰਦਾਰ ਕਿਸੇ ਨੂੰ ਉਥੇ ਪਹੁੰਚਣ ਦੇਂਦਾ। ਉਹਦੇ ਸਟੇਨਗੰਨੀਏ ਦੋਹੀਂ ਪਾਸੀਂ ਭੀੜਾਂ ਵੱਲ ਮੂੰਹ ਕਰਕੇ ਡਟ ਖਲੋਤੇ।

ਬਾਹਰਲੇ ਹਮਲੇ ਤੋਂ ਤਾਂ ਸ਼ਾਇਦ ਸਰਦਾਰ ਗੱਡੀ ਨੂੰ ਬਚਾ ਹੀ ਲੈਂਦਾ ਪਰ ਪਿਆਸੇ ਮਰਦੇ ਲੋਕਾਂ ਨੂੰ ਬਚਾਣਾ ਉਹਨੂੰ ਵੀ ਆਪਣੇ ਵੱਸ ਵਿਚ ਨਹੀਂ ਸੀ ਜਾਪਦਾ। ਮਿਲਟਰੀ ਵਾਲਿਆਂ ਦੀਆਂ ਆਪਣੀਆਂ ਕੇਨੀਆਂ ਵੀ ਖ਼ਾਲੀ ਸਨ ਤੇ ਹੁਣ ਉਹ ਵੀ ਪਾਣੀ ਲਈ ਤਾਂਘਦੇ ਪਏ ਸਨ।

ਸ਼ਾਮ ਪੈ ਗਈ। ਸਾਰਾ ਦਿਨ ਭੱਠ ਝੋਕਦਾ ਸੂਰਜ ਪੱਛਮ ਦੀ ਕਿਸੇ ਝੀਲ ਵਿਚ ਚੁੱਭੀ ਮਾਰ ਗਿਆ। ਨ੍ਹੇਰੇ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਤਨਾਅ ਅੰਤਮ ਸੀਮਾਂ 'ਤੇ ਪੁੱਜ ਗਿਆ ਹੋਇਆ ਸੀ।

ਸਟੇਸ਼ਨ ਦੇ ਸਾਹਮਣੇ ਆਬਾਦੀ ਦੀਆਂ ਬਾਹਰਲੀਆਂ ਕੰਧਾਂ ਨਾਲ ਦੋ ਨਲਕੇ ਦਿੱਸ ਰਹੇ ਸਨ। ਇਕ ਦੂਜੇ ਤੋਂ ਪੰਜਾਹ ਸਠ ਫੁੱਟ ਦੀ ਵਿੱਥ ਉੱਤੇ। ਨਲਕਿਆਂ ਦੇ ਗਿੱਲੇ ਖੁਰੇ ਦੱਸਦੇ ਪਏ ਸਨ ਕਿ ਗੱਡੀ ਆਉਣ ਤੋਂ ਪਹਿਲਾਂ ਕੋਈ ਇਹਨਾਂ ਨੂੰ ਗੇੜਦਾ ਰਿਹਾ ਸੀ। ਸ਼ਾਇਦ ਨਾਲ ਵਾਲੀਆਂ ਕਿਆਰੀਆਂ ਨੂੰ ਪਾਣੀ ਦੇਣ ਲਈ। ਤੇ ਹੁਣ ਉਹ ਨਲਕੇ ਗੱਡੀ ਦੇ ਪਿਆਸੇ ਲੋਕਾਂ ਨੂੰ ਬੁਲਾ ਰਹੇ ਸਨ। ਨਲਕਿਆਂ ਨੂੰ ਵੇਖਕੇ ਲੋਕ ਬੁੱਲ੍ਹਾਂ ਉੱਤੇ ਜੀਭਾਂ ਫੇਰਦੇ। ਪਰ ਉਥੇ ਜਾਣ ਦੀ ਹਿੰਮਤ ਕਿਸੇ ਵਿਚ ਨਹੀਂ ਸੀ। ਬੜਾ ਤਰਸ ਭਰਪੂਰ ਨਜ਼ਾਰਾ ਸੀ। ਕਿੰਨੀ ਤ੍ਰਾਸਦੀ ਸੀ ਕਿ ਜ਼ਿੰਦਗੀ ਲੋਕਾਂ ਤੋਂ ਕੁਝ ਹੀ ਹੱਥਾਂ ਦੀ ਦੂਰੀ ਤੋਂ ਖਲੋਤੀ ਉਹਨਾਂ ਨੂੰ ਬੁਲਾ ਰਹੀ ਸੀ ਤੇ ਲੋਕ ਉਹਨੂੰ ਆਪਣੇ ਕਲਾਵੇ ਵਿਚ ਲੈਣ ਲਈ ਤੜਫਦੇ ਹੋਏ ਵੀ ਉਹਦੇ ਵੱਲ ਨਹੀਂ ਸਨ ਜਾ ਰਹੇ। ਏਨੀ ਵਿਚਾਰਗੀ ਤੇ ਤਰਸਯੋਗ ਹਾਲਤ ਲੋਕਾਂ ਨੇ ਅੱਗੇ ਕਦੀ ਵੀ ਨਹੀਂ ਵੇਖੀ ਹੋਣੀ। ਅੰਮ੍ਰਿਤਫਲ ਵਰਗੀ ਜ਼ਿੰਦਗੀ ਉਹਨਾਂ ਦੀ ਪਹੁੰਚ ਵਿਚ ਹੋ ਕੇ ਵੀ ਪਹੁੰਚੋਂ ਬਾਹਰ ਸੀ। 'ਮੌਤ ਦਾ ਹਾਸਾ' ਵਰਗੀ ਗੱਲ ਤਾਂ ਉਹਨਾਂ ਸ਼ਾਇਦ ਕਿੰਨੀ ਵਾਰੀ ਸੁਣੀ ਹੋਈ ਹੋਵੇਗੀ। ਪਰ ਜ਼ਿੰਦਗੀ ਵੀ ਕਿਸੇ ਦੀ ਮਜਬੂਰੀ ਉੱਤੇ ਇਸ ਤਰ੍ਹਾਂ ਹੱਸ ਸਕਦੀ ਹੈ, ਇਹ ਲੋਕਾਂ ਸ਼ਾਇਦ ਪਹਿਲੀ ਵਾਰੀ ਹੀ ਵੇਖਿਆ ਹੋਵੇ।

ਪਾਣੀ ਲਈ ਤਰਸਦੇ ਲੋਕ ਜੇ ਓਧਰ ਨੂੰ ਔਲ੍ਹਦੇ ਤਾਂ ਮਿਲਟਰੀ ਦੀਆਂ ਸਟੇਨਗੰਨਾਂ ਡੱਕ ਲੈਂਦੀਆਂ। ਜੇ ਰੁਕ ਜਾਂਦੇ ਤਾਂ ਠੰਢਾ ਪਾਣੀ ਬੁਲਾਂਦਾ। ਇਕ ਸੰਘਰਸ਼ ਸੀ ਜੀਵਨ ਅਤੇ ਮੌਤ ਦੇ ਵਿਚਕਾਰ ਜੋ ਕਿੰਨੇ ਚਿਰ ਦਾ ਚੱਲ ਦਾ ਰਿਹਾ ਸੀ।

ਤੇ ਅਚਾਨਕ ਲੋਕ ਤ੍ਰਬਕ ਉੱਠੇ।

ਨਲਕਿਆਂ ਦੇ ਨਾਲ ਲੱਗਦੀ ਇਕ ਭੀੜੀ ਜਹੀ ਗਲੀ 'ਚੋਂ ਦਸ ਬਾਰਾਂ ਮੁਸਲਮ ਨੌਜਵਾਨ ਨਿਕਲਦੇ ਵਿਖਾਈ ਦਿੱਤੇ। ਹੱਥ ਉਹਨਾਂ ਦੇ ਬੰਦੂਕਾਂ! ਗਲੀ 'ਚੋਂ ਬਾਹਰ ਨਿਕਲ ਕੇ ਜਿਵੇਂ ਉਹ ਠੰਠਬਰ ਕੇ ਖਲੋ ਗਏ। ਗੱਡੀ ਦੇ ਨਾਲ ਵਾਲੀ ਮਿਲਟਰੀ ਅਟੈਨਸ਼ੈਨ ਦੀ ਮੁਦਰਾ ਵਿਚ ਆ ਗਈ। ਮਾਹੌਲ ਇਕਦਮ


Namdhari Elibrary NamdhariElibrary@gmail.com

ਆਤੰਕੀ ਬਣ ਗਿਆ। ਗਲੀ ਵਾਲੇ ਨੌਜੁਵਾਨ ਜੇ ਜ਼ਰਾ ਜਿੰਨੀ ਹਰਕਤ ਵੀ ਕਰਦੇ ਤਾਂ ਅੱਧਿ ਕੁ ਮਿੰਟ ਵਿਚ ਹੀ ਸਾਰੇ ਭੁੰਨ ਦਿੱਤੇ ਜਾਂਦੇ। ਤੇ ਉਹਨਾਂ ਦੀਆਂ ਗੋਲੀਆਂ ਨਾਲ ਵੀ ਗੱਡੀ ਦਾ ਕਿੰਨਾਂ ਸਾਰਾ ਨੁਕਸਾਨ ਹੁੰਦਾ। ਪਰ ਸਰਦਾਰ ਦਾ ਜ਼ਬਤ ਕਹਿੰਦਾ ਸੀ ਕਿ ਪਹਿਲ ਨਹੀਂ ਕਰਨੀ। ਗੱਡੀ ਵਾਲਿਆਂ ਦੇ ਹੋਸ਼ ਤਾਂ ਉੱਡੇ ਹੀ ਪਏ ਸਨ। ਰੰਗ ਫੱਕ, ਬੁੱਲ੍ਹਾਂ ਉੱਤੇ ਕੰਬਣੀ ਤੇ ਸਰੀਰ ਜਿਵੇਂ ਮੜ੍ਹੀਆਂ ਵਿਚ ਹੀ ਪਏ ਹੋਣ।

ਦੋ-ਤਿੰਨ ਮਿੰਟ ਉਹਨਾਂ ਨੌਜਵਾਨਾਂ ਨੇ ਆਪਸ ਵਿਚ ਕੋਈ ਗੱਲ ਕੀਤੀ। ਫਿਰ ਉਹਨਾਂ ਦਾ ਲੀਡਰ ਜਾਪਦਾ ਇਕ ਜਣਾ ਕੁਝ ਅੱਗੇ ਵਧਿਆ। ਇਕ ਮਿੰਟ ਉਹਨੇ ਸਰਦਾਰ ਵੱਲ ਵੇਖਿਆ। ਸਾਰੀ ਗੱਡੀ ਹੀ ਉਹਨਾਂ ਵੱਲ ਟਿਕਟਿਕੀ ਲਾਈ ਬੈਠੀ ਸੀ। ਸਰੀਰਾਂ ਵਿਚ ਪਾਣੀ ਨਾ ਹੁੰਦਿਆਂ ਵੀ ਲੋਕਾਂ ਦੇ ਪਸੀਨੇ ਛੁਟ ਰਹੇ ਸਨ।

ਤੇ ਅਚਾਨਕ ਉਸ ਨੌਜਵਾਨ ਨੇ ਆਪਣੀ ਬੰਦੂਕ ਆਪਣੇ ਪੈਰਾਂ ਕੋਲ ਰੱਖ ਦਿੱਤੀ। ਆਪਣੇ ਦੋਵੇਂ ਹੱਥ ਆਕਾਸ਼ ਵੱਲ ਖੜ੍ਹੇ ਕਰ ਦਿੱਤੇ। ਬਿਨਾਂ ਕਿਸੇ ਡਰ ਦੇ ਉਹ ਸਰਦਾਰ ਵੱਲ ਟੁਰ ਪਿਆ।

ਕੋਲ ਪੁਜਦਿਆਂ ਹੀ ਉਹਨੇ ਸਰਦਾਰ ਨੂੰ ਸਲਾਮ ਆਖੀ। ਅਤੇ ਬੋਲਿਆ, "ਸਰਦਾਰ ਜੀ। ਮੈਂ ਸ਼ਫ਼ੀ ਹਾਂ। ਇਸ ਇਲਾਕੇ ਵਿਚ ਮੈਨੂੰ ਮੰਨਿਆ ਹੋਇਆ ਬਦਮਾਸ਼ ਕਿਹਾ ਜਾਂਦਾ ਹੈ। ਬਦਮਾਸ਼ ਮੈਂ ਉਹਨਾਂ ਲਈ ਹਾਂ ਜਿਹੜੇ ਸ਼ਰਾਫਤ ਦਾ ਸਿਰਫ਼ ਬੁਰਕਾ ਪਾਈ ਫਿਰਦੇ ਨੇ। ਅੱਲਾ ਮੀਆਂ ਮਜ਼ਲੂਮਾਂ ਨੂੰ ਸਤਾਣ ਦੀ ਇਜਾਜ਼ਤ ਨਹੀਂ ਦੇਂਦਾ ਤੇ ਉਹ ਅੱਲਾ ਮੀਆਂ ਦਾ ਨਾਂ ਲੈ ਕੇ ਹੀ ਬੇਗੁਨਾਹਾਂ ਨੂੰ ਮਾਰ ਰਹੇ ਹਨ। ਮੇਰਾ ਉਹਨਾਂ ਦਾ ਟਾਕਰਾ ਹੈ। ਅਜਿਹੇ ਕਈ ਸ਼ਰੀਫ਼ਜ਼ਾਦਿਆਂ ਨੂੰ ਮੈਂ ਜਹੰਨਮ-ਰਸੀਦ ਕਰ ਚੁੱਕਾ ਹਾਂ। ਸਾਹਮਣੇ ਖੜ੍ਹੇ ਜਵਾਨ ਮੇਰੇ ਸਾਥੀ ਨੇ। ਘਾਬਰੇ ਹੋਏ ਲੋਕਾਂ ਨੂੰ ਪਾਣੀ ਪੀਣ ਦਿਓ। ਮੇਰੇ ਸਾਥੀ ਨਲਕੇ ਗੇੜਣਗੇ। ਤੇ ਮੈਂ ਤੁਹਾਡੇ ਨਿਸ਼ਾਨੇ ਹੇਠ ਰਹਾਂਗਾ। ਤਾਂਕਿ ਤੁਹਾਨੂੰ ਕਿਸੇ ਸ਼ਰਾਰਤ ਦਾ ਡਰ ਨਾ ਰਹੇ।" ਉਹ ਇਕ ਪਲ ਰੁਕਿਆ। ਦੂਰ ਖਲੋਤੀਆਂ ਭੀੜਾਂ ਵੱਲ ਵੇਖ ਕੇ ਫਿਰ ਬੋਲਿਆ, "ਅਜੇ ਤਾਂ ਕਿਸੇ ਦੀ ਹਿੰਮਤ ਨਹੀਂ ਕਿ ਕੋਈ ਸਾਡੇ ਵੱਲ ਆਵੇ। ਤੇ ਮਗਰੋਂ ਜੋ ਹੋਵੇਗੀ ਵੇਖੀ ਜਾਏਗੀ। ਮੈਨੂੰ ਸਵਾਬ ਦਾ ਮੌਕਾ ਦਿਓ। ਤੇ ਅੱਲਾ ਮੀਆਂ ਦੀ ਕਿਤਾਬੇ-ਲੋਹ ਵਿਚ ਮੇਰਾ ਜਵਾਬ ਦਰਜ ਹੋਣ ਦਿਓ।"

ਏਨੀ ਗੱਲ ਕਰਕੇ ਉਸ ਨੇ ਇਕ ਸੁੱਕਾ ਜਿਹਾ ਘੁੱਟ ਭਰਿਆ। ਆਪਣੇ ਸਾਥੀਆਂ ਵੱਲ ਵੇਖਿਆ। ਉਹਦੇ ਸਾਥੀਆਂ ਨੇ ਇਸ਼ਾਰਾ ਸਮਝ ਕੇ ਹਾਮੀ ਭਰੀ। ਸਾਰਿਆਂ ਨੇ ਸਿਰ ਨਿਵਾ ਕੇ ਸਰਦਾਰ ਨੂੰ ਸਲਾਮ ਭੇਜੀ।

ਮਾਹੌਲ ਅਤੇ ਸਥਿਤੀ ਵਿਚ ਬੜਾ ਹੈਰਾਨੀ ਜਨਕ ਮੋੜ ਆ ਗਿਆ ਸੀ। ਇਸ ਪਿੱਛੋਂ ਕੀ ਵਾਪਰਨਾ ਸੀ, ਕਿਸੇ ਨੂੰ ਪਤਾ ਨਹੀਂ ਸੀ।

ਸਰਦਾਰ ਹੱਕਾ ਬੱਕਾ ਹੋ ਗਿਆ। ਉਹਨੇ ਆਪਣੇ ਸਾਥੀਆਂ ਵੱਲ ਨਿਗਾਹ ਮਾਰੀ। ਗੱਡੀ ਦੀ ਭੀੜ ਵੱਲ ਵੇਖਿਆ। ਮਨ ਨਾਲ ਕੋਈ ਫੈਸਲਾ ਕੀਤਾ। ਸਾਥੀਆਂ ਤੋਂ ਇਸ਼ਾਰੇ ਨਾਲ ਸਹਿਮਤੀ ਲਈ। ਦਿਲ ਨੂੰ ਪੱਕਿਆਂ ਕੀਤਾ। ਤੇ ਜੋ ਹੋਵੇਗੀ, ਵੇਖੀ ਜਾਏਗੀ, ਸੋਚ ਕੇ ਸ਼ਫ਼ੀ ਨੂੰ ਹਾਂ ਕਹਿ ਦਿੱਤੀ।

ਸ਼ਫੀ ਨੇ ਸਾਥੀਆਂ ਨੂੰ ਸਿਰ ਨਾਲ ਕੋਈ ਇਸ਼ਾਰਾ ਕੀਤਾ। ਉਹਨਾਂ ਨੇ ਕਾਫੀ ਦੂਰ ਜਾ ਕੇ ਆਪਣੀਆਂ ਬੰਦੂਕਾਂ ਰੱਖ ਦਿੱਤੀਆਂ। ਤੇ ਫਿਰ ਉਹੋ ਹੀ ਹੋਇਆ ਜੋ ਸ਼ਫੀ ਤੇ ਉਹਦੇ ਸਾਥੀਆਂ ਨੇ ਆਖਿਆ ਸੀ।

ਸ਼ਫੀ ਸਰਦਾਰ ਦੇ ਨਿਸ਼ਾਨੇ ਹੇਠ ਰਿਹਾ। ਗੱਡੀ ਵਿਚਲੇ ਲੋਕਾਂ ਨੂੰ ਕਤਾਰਾਂ ਬੰਨ੍ਹ ਕੇ ਪਾਣੀ ਪੀਣ ਲਈ ਕਹਿ ਦਿੱਤਾ ਗਿਆ। ਸ਼ਫੀ ਦੇ ਸਾਥੀ ਨਲਕੇ ਗੇੜਣ ਲੱਗ ਪਏ ਤੇ ਘੰਟੇ ਡੇਢ ਵਿਚ ਹੀ ਲੋਕਾਂ ਦੇ ਅੰਦਰ ਗਿੱਲੇ ਹੋ ਗਏ।

ਜਦੋਂ ਗੱਡੀ ਅਗਲੇ ਸਫ਼ਰ ਲਈ ਤੁਰੀ ਤਾਂ ਰਾਤ ਪੈ ਚੁੱਕੀ ਸੀ। ਪਰ ਹਾਲੀ ਸਿਰਫ਼ ਇਕੋ ਹੀ ਤਾਰਾ ਸੀ ਜਿਹੜਾ ਆਕਾਸ਼ ਵਿਚ ਚਮਕਣ ਲੱਗ ਪਿਆ ਸੀ।

ਗੱਡੀ ਚਲ ਰਹੀ ਸੀ ਤੇ ਸਰਦਾਰ ਦੀ ਨਿਗਾਹ ਕਦੀ ਦੂਰ ਖਲੋਤੇ ਸ਼ਫੀ ਉੱਤੇ ਤੇ ਕਦੀ ਅਕਾਸ਼ ਵਿਚ ਉਸ ਤਾਰੇ 'ਤੇ ਪੈ ਰਹੀ ਸੀ ਜੋ ਇਕੱਲਾ ਹੀ ਅਕਾਸ਼ ਵਿਚ ਟਿਮਟਿਮਾ ਰਿਹਾ ਸੀ।

## ਜਥੇਦਾਰ ਜੋਗਾ ਸਿੰਘ ਸਰਪੰਚ ਬਣੇ



ਜਥੇਦਾਰ ਜੋਗਾ ਸਿੰਘ, ਜਲੰਧਰ ਦੇ ਧੀਣਾ ਪਿੰਡ ਵਿਚ ਪੰਚ ਦੀ ਚੋਣ ਲਈ ਉਮੀਦਵਾਰ ਖੜ੍ਹੇ ਹੋ ਗਏ। ਇਲਾਕੇ ਵਿਚ ਇਕੱਲੇ ਨਾਮਧਾਰੀ ਅਤੇ ਨਾ ਚੋਣ ਲੜਨ ਲਈ ਪੈਸੇ। ਸ੍ਰੀ ਸਤਿਗੁਰੂ ਜੀ ਦੇ ਆਸਰੇ ਨਾਲ ਮੁਕਾਬਲੇ 'ਚ ਖੜ੍ਹੇ ਦੋ ਉਮੀਦਵਾਰਾਂ ਨੂੰ ਹਰਾ ਕੇ ਪੰਚ ਦੀ ਚੋਣ ਜਿੱਤੀ।

ਚੋਣ ਦੌਰਾਨ ਵੋਟਰਾਂ ਨੂੰ ਨਾ ਸ਼ਰਾਬ ਜਾਂ ਕੈਸ਼ ਦਿੱਤਾ ਅਤੇ ਨਹੀਂ ਕੋਈ ਛਲ, ਕਪਟ ਦੀ ਨੀਤੀ ਅਪਨਾਈ। ਪੰਚਾਇਤ ਵਿਚ ਇਕੱਲੇ ਹੀ ਸਿੱਖ ਹਨ।


NamdhariElibrary NamdhariElibrary@gmail.com



—ਅਮਰੀਕ ਸਿੰਘ ਸ਼ੇਰ ਖਾਂ

# ਆਲ੍ਹਣਿਓਂ ਡਿੱਗੇ ਬੋਟ

ਸੰਨ ਸੰਤਾਲੀ...ਭਾਦੋਂ ਦਾ ਮਹੀਨਾ...ਸਾਹ ਘੁੱਟਵੀਂ ਹੁੰਮਸ...

ਕਾਫਲਿਆਂ ਦੇ ਕਾਫਲੇ ਵਹੀਰਾਂ ਘੱਤੀ ਲਹਿੰਦੇ ਪੰਜਾਬ ਤੋਂ ਚੜ੍ਹਦੇ ਪੰਜਾਬ ਵੱਲ ਸਹਿਮੇ-ਸਹਿਮੇ ਅੱਗੇ ਵਧ ਰਹੇ ਨੇ।

ਬੱਚੇ, ਜਵਾਨ, ਬਜ਼ੁਰਗ ਸਿਰ ਸੁੱਟੀ ਮਾਯੂਸੀ ਦੇ ਆਲਮ 'ਚ ਅੱਗੇ ਵਧਦੇ ਹੋਏ। ਕਿਸੇ ਅਣਹੋਣੀ ਦੇ ਡਰੋਂ ਸਾਹ-ਸੂਤੇ ਹੋਏ ਇਹਨਾਂ ਵਖਤ ਮਾਰਿਆਂ ਦੇ ਨਾ ਕੋਈ ਕਸੂਰ, ਨਾ ਕੋਈ ਖਤਾ। ਪਰ ਫਿਰ ਵੀ ਅੰਜ਼ਾਮ ਭੁਗਤਣ ਲਈ ਬੇਵੱਸ ਵਿਚਾਰੇ ਇਹ ਲੋਕ।

ਵੱਸਦੇ-ਰਸਦੇ ਘਰਾਂ ਦਾ ਉਜਾੜਾ ਰੱਸੇ ਲਾਹ ਤੇ ਡੰਗਰਾਂ ਦੇ ਗਲੋਂ ਜਿੱਧਰ ਮਰਜ਼ੀ ਘੁੰਮਦੇ ਫਿਰਨ ਇਹ ਹੱਥੀਂ ਦੁੱਧ ਚੁੰਘਾ-ਚੁੰਘਾ ਪਾਲੇ ਬੇਜ਼ੁਬਾਨ ਪਸ਼ੂ ਉਮਰਾਂ ਦੇ ਸਾਥੀ।

ਬੂਰੀਆਂ ਤੇ ਬੱਲ੍ਹੀਆਂ ਮੱਝਾਂ ਦੇਸੀ ਗਾਵਾਂ ਬੱਗੇ ਧੌਲ ਸਿਰਫ ਚੇਤਿਆਂ 'ਚ ਵਸੇ ਇਹਨਾਂ ਲੋਕਾਂ ਦੇ ਵਧ ਰਹੇ ਨੇ ਇਹਨਾਂ ਦੇ ਉਦਰੇਵੇਂ 'ਚ ਚੜ੍ਹਦੇ ਪੰਜਾਬ ਵੱਲ।

ਕੱਚੇ ਰਾਹਾਂ ਦੀ ਧੂੜ ਓਹੀ ਰਾਹ ਜਿੱਥੋਂ ਬਲਦਾਂ ਦੀਆਂ ਜੋੜੀਆਂ ਲੈ ਇਹ ਜਾਂਦੇ ਸੀ, ਛਾਤੀ ਚੌੜੀ ਕਰ-ਕਰ ਆਪਣੇ ਖੇਤਾਂ ਵੱਲ ਪਹੁ ਫੁੱਟੀ ਤੋਂ ਖੇਤਾਂ ਵੱਲ ਜਾਣਾ ਤੇ ਫਿਰ ਤਾਰਿਆਂ ਦੀ ਛਾਵੇਂ ਘਰ ਮੁੜਨਾ ਨਾ ਕੋਈ ਡਰ ਨਾ ਫਿੱਕਰ।

ਪਰ ਅੱਜ ਸਮੇਂ ਦਾ ਬਾਸ਼ਕ ਨਾਗ ਭੂਤਿਆ ਫਿਰਦੈ ਇਹਨਾਂ ਈ ਰਾਹਾਂ ਤੇ ਵਿਹੁ-ਵਿਰੱਤਾ ਸਮਾਂ ਮਾਰਦੈ ਅੱਜ ਜ਼ਹਿਰੀ ਡੰਗ ਜੀਹਨਾਂ ਰਾਹਾਂ ਦਾ ਹਰ ਰੁੱਖ-ਬਿਰਖ ਸੰਗੀ ਸੀ ਇਹਨਾਂ ਰਾਹੀਆਂ ਦਾ ਅੱਜ ਉਹ ਵੀ ਲੱਗਦੈ ਬਣ ਗਏ ਨੇ ਪਨਾਹਗਾਰ ਦੁਸ਼ਮਣਾਂ ਦੀ।

ਹੱਥੀਂ ਬੀਜਿਆ ਕਮਾਦ ਦਾ ਖੇਤ ਕਦੇ ਦੁਸ਼ਮਣਾਂ ਦਾ ਸਾਥੀ ਤੇ ਕਦੇ ਮਜ਼ਲੂਮਾਂ ਦੀ ਢਾਲ ਕਦੇ ਦੁਸ਼ਮਣ ਵਰਤੀ ਜਾ ਰਹੇ ਨੇ ਇਹਨੂੰ ਘਾਤ ਲਗਾਉਣ ਲਈ ਤੇ ਕਦੇ ਮਜ਼ਲੂਮ ਵਰਤ ਰਹੇ ਨੇ ਏਸ ਖੇਤ ਨੂੰ,ਸਿਰ ਲੁਕਾਉਣ ਲਈ।

ਪਰ ਮਿੱਧਿਆ ਜਾ ਰਿਹੈ ਵਿਚਾਰਾ ਖੇਤ ਦੋਵਾਂ ਈ ਪਾਸਿਓਂ।

ਸੱਦ੍ਹਾ ਹਿਠਾੜ, ਸੱਦ੍ਹਾ ਉਤਾੜ, ਜਾਗੂ ਵਾਲਾ, ਵੀਰਮ, ਢੋਲਣ, ਪੱਤੋ, ਖੁਛੀਆਂ, ਚੂਹਣੀਆਂ, ਖਹਿਰਾ ਤੇ ਹੋਰ ਪਤਾ ਨ੍ਹੀਂ ਕਿਨੇ ਪਿੰਡਾਂ ਦਾ ਇੱਕ ਵੱਡਾ ਕਾਫਲਾ ਸਭ ਦੇ ਸਭ ਘਰੋਂ ਬੇਘਰ।

ਚਰ੍ਹੀਆਂ, ਗੁਆਰੇ ਲਹਿਲਾਉਂਦੇ ਛੱਡ ਅਣਡਿੱਠੇ ਰਾਹਾਂ ਦੇ ਰਾਹ ਪਏ ਇਹ ਰਾਹੀ ਗਿਣਤੀ ਦੇ ਸਿਪਾਹੀ ਨਾਲ ਰਖਵਾਲੇ ਬਣੇ ਹੋਏ।

ਪਰ ਥਾਂ-ਥਾਂ ਤੇ ਫਸਾਦੀਆਂ ਦੇ ਟੋਲੇ ਬਨਾਉਣਾ ਚਾਹੁੰਦੇ ਨੇ ਸ਼ਿਕਾਰ ਇਹਨਾਂ ਘਰੋਂ ਬੇਘਰ ਹੋਏ ਮਾਸੂਮਾਂ ਨੂੰ ਸਿਪਾਹੀਆਂ ਦੀ ਟੁਕੜੀ ਦਾ ਸਰਦਾਰ ਸੂਬੇਦਾਰ ਫੈਸਲਾ ਲੈਂਦੇ ਕਿ ਕਾਫਲਾ ਜਿੰਨੀ ਛੇਤੀ ਹੋ ਸਕੇ, ਛਾਂਗੇ-ਮਾਂਗੇ ਦੀ ਬਾਰ ਨੂੰ ਪਾਰ ਕਰ ਜਾਵੇ।

ਤੀਹ-ਪੈਂਤੀ ਮੁਰੱਬਾ ਮੀਲ 'ਚ ਫੈਲੀ ਇਹ ਬਾਰ ਲੱਖਾਂ ਦਾ ਕਾਫਲਾ ਕੀੜੀ ਦੀ ਨਿਆਈਂ ਚੱਲਦਾ ਕਦ ਕਰੇਗਾ ਏਸ ਬਾਰ ਨੂੰ ਪਾਰ।

ਸੰਘਣਾ ਜੰਗਲ ... ਮਲ੍ਹੇ-ਝਾੜੀਆਂ ਪੀਲੂ ਗਰਨੇ ਜੰਡ-ਜੰਡੋਰੇ ਸਭ ਏਸ ਬਾਰ ਦੀ ਅਮੀਰੀ ਪੀਲੂ-ਗਰਨੇ ਤੇ ਬੇਰੀਆਂ ਦੇ ਬੇਰ ਖਾਣ ਦੇ ਸ਼ੁਕੀਨ ਰਾਹੀ ਪਰ ਕਿਸੇ ਦਾ ਹੱਥ ਨ੍ਹੀਂ ਉੱਠਿਆ ਅੱਜ ਇਹਨਾਂ ਰਸੀਲੇ ਪਦਾਰਥਾਂ ਵੱਲ ਏਸ ਅਣਦੇਖੀ ਤੇ ਮਾਯੂਸ ਅੱਜ ਛਾਂਗੇ ਦੀ ਬਾਰ।

ਰਾਹੀਆਂ ਦੇ ਹੋਠਾਂ ਤੇ ਬੱਸ ਇੱਕ ਫਰਿਆਦ, ਇੱਕ ਪ੍ਰਾਰਥਨਾ, ਇੱਕ ਅਰਜ਼ੋਈ ,ਇੱਕ ਤਰਲਾ, ਵਾਹਗੇ ਦੇ ਓਸ ਪਾਰ ਸੁੱਖੀਂ-ਸਾਂਦੀਂ ਪੁੱਜਣ ਦਾ।

ਤਾਈ ਨਿਹਾਲੀ ਰੋ ਰਹੀ ਏ ਭੁੱਬਾਂ ਮਾਰ-ਮਾਰ ਪਰ ਵਿਚਾਰਾ ਤਾਇਆ ਨਿਹਾਲ ਸਿਹੁੰ ਵਰਾ ਰਿਹਾ ਏ ਉਹਨੂੰ ਬੁੱਕਲ 'ਚ ਲੈ ਕੇ।

ਅਖੇ 'ਕਮਲੀ ਨਾ ਹੋਵੇ ਤਾਂ, ਹੁਣ ਦਿਲ ਛੱਡਿਆਂ ਕੀ ਬਣਨੈਂ? ਉਦੋਂ ਕੀਹਨੇ ਕਿਹਾ ਸੀ ਓਸ ਬਾਲੜੀ ਨੂੰ ਓਥੇ ਛੱਡਣ ਨੂੰ ਜਿੱਥੇ ਆਪਾਂ ਮਰਦੇ, ਨਾਲ ਉਹ ਵੀ ਮਰ-ਖਪ ਜਾਂਦੀ।'

ਹੁਣ ਰੋਣ ਦਾ ਕੀ ਫਾਇਦਾ? ਹੁਣ ਤਾਂ ਅੱਠ-ਦਸ ਮੀਲ ਦਾ ਪੈਂਡਾ ਵੀ ਕਰ ਆਏ ਆਂ ਨਾਲੇ ਤੂੰ ਕਿਹੜਾ ਕੱਲੀ ਏਂ ਜੀਹਨੇ ਆਵਦਾ ਅੰਗ ਕਲੇਜਿਓਂ ਲਾਹ ਸੁੱਟਿਐ ਬਥੇਰੇ ਟੱਬਰ ਨੇ ਜਿਹੜੇ ਆਪੋ-ਆਵਦੇ ਪੂੰਗ ਰਾਹੇ ਛੱਡ ਆਏ ਨੇ, ਆਵਦੇ ਤੇ ਉਹਨਾਂ ਦੇ ਬਚਾਅ ਲਈ।

ਕਮਲੀ ਨਾ ਬਣ ਜੇਰਾ ਪੱਥਰ ਕਰ ਵਖਤ ਪਿਐ ਤਾਂ ਭਾਣਾ ਮੰਨ ਖਬਰੇ, ਅਸੀਂ ਰਾਹੇ ਮਰ-ਮੁੱਕ ਜਾਈਏ ਤੇ ਉਹ ਇਕਲਾਪੀ ਜਿੰਦ ਬਚੀ ਰਹਿ ਜੇ ਸਾਡੇ ਨਾਂ-ਨਿਸ਼ਾਨ ਲਈ 'ਨਿਹਾਲ ਸਿਹੁੰ ਆਵਦੀ ਜੀਵਨ ਸਾਥਣ ਨੂੰ ਅਸਫਲ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਿਹਾ ਸੀ। ਲਾਗੇ ਸੁਣਦਾ ਗੱਭਰੂ ਤੇਜਾ ਜੇਰਾ ਪੱਥਰ ਨਾ ਕਰ ਸਕਿਆ ਉਹਦੇ ਡੌਲੇ ਫਰਕੇ ਉਹ ਝੱਟ ਕਾਫਲੇ ਨੂੰ ਚੀਰਦਾ ਹੋਇਆ ਸੱਦ੍ਹੇ ਵੱਲ ਨੂੰ ਦੌੜ ਉੱਠਿਆ ਸੰਘਣੀਆਂ ਚਰ੍ਹੀਆਂ, ਕਮਾਦਾਂ ਨੂੰ ਚੀਰਦਾ; ਕੱਚੇ ਰਾਹਾਂ ਦੀ ਧੂੜ ਫੱਕਦਾ; ਰਾਹੀਆਂ-ਪਾਂਧੀਆਂ ਦੀ ਨਜ਼ਰ ਤੋਂ ਬਚਦਾ-ਬਚਾਉਂਦਾ ਉਹ ਸੱਦ੍ਹੇ ਦੀ ਮਸੀਤ 'ਚ ਜਾ


ari Elibrary NamdhariElibrary@gm

ਵੜਿਆ।

ਅੱਗੋਂ ਅੰਗੂਠਾ ਚੁੰਘਦੀ ਚਹੁੰ ਕੁ ਮਹੀਨਿਆਂ ਦੀ ਬਾਲੜੀ ਮੰਜੇ ਤੇ ਪਈ ਪਰਉਪਕਾਰੀ ਤੇਜੇ ਨੇ ਮੋਢੇ ਤੋਂ ਸਾਫਾ ਲਾਹਿਆ ਬਾਲੜੀ ਨੂੰ ਏਸ ਸਾਫੇ 'ਚ ਲਪੇਟਿਆ ਤੇ ਛਾਤੀ ਨਾਲ ਘੁੱਟੀ ਵਾਹੋ-ਦਾਹੀ ਉਹਨੀਂ ਪੈਰੀਂ ਕਾਫਲੇ ਵੱਲ ਵਾਪਸ ਦੌੜ ਪਿਆ ਮੌਤ ਨੂੰ ਭਕਾਨੀ ਦੇ ਕੇ ਲਿਆਂਦੀ ਇੱਕ ਸਾਬਤ ਜਿੰਦ ਉਹਦੇ ਪਰਿਵਾਰ ਦੇ ਹਵਾਲੇ ਕਰਨ ਦੀ ਉਤਸੁਕਤਾ ਉਹਦੀਆਂ ਲੱਤਾਂ 'ਚ ਹੋਰ-ਹੋਰ ਦਮ ਭਰਦੀ ਜਾਂਦੀ।

ਉਹ ਮੌਤ ਤੋਂ ਬੇਖਬਰ ਖੁਸ਼ੀ 'ਚ ਖੀਵਾ ਹੋਇਆ ਦੁੜੰਗੇ ਮਾਰਦਾ ਕਈ ਮੀਲਾਂ ਦਾ ਪੰਧ ਮਾਰ ਕੇ ਆਖਰ ਪਹਿਰ ਦੇ ਤੜਕੇ ਕਾਫਲੇ 'ਚ ਆ ਰਲਿਆ ਹੁਣ ਲੱਖਾਂ ਦੇ ਕਾਫਲੇ ਚੋਂ ਸੱਦ੍ਹੇ ਦਾ ਟੋਲਾ ਲੱਭਣਾ ਹੋਰ ਵੀ ਮੁਸ਼ਕਲ ਕੰਮ ਸੀ ਜਾਗੂ ਵਾਲੇ ਦੀ ਭੀੜ ਚੀਰਦਾ,ਅੱਗੇ ਪੱਤੋ ਵਾਲਿਆਂ ਨੂੰ ਜਾ ਮਿਲਿਆ ਫਿਰ ਖੁਡੀਆਂ,ਵੀਰਮ ਤੇ ਢੋਲਣ ਦੀਆਂ ਢਾਣੀਆਂ ਚੋਂ ਲੰਘਦਾ ਸੱਦ੍ਹੇ ਵਾਲਿਆਂ ਦੀ ਭੀੜ 'ਚ ਜਾ ਰਲਿਆ।

ਦਿਨ ਚੜ੍ਹਦੇ ਨੂੰ ਲੱਭਦੇ-ਲਭਾਉਂਦੇ ਨੇ ਸੱਦ੍ਹੇ ਵਾਲਿਆਂ ਦੀ ਵਹੀਰ ਦੀ ਥਾਹ ਪਾ ਲਈ ਤਾਈ ਨਿਹਾਲੀ ਬਾਲੜੀ ਨੂੰ ਤੱਕ ਨਿਹਾਲੋ-ਨਿਹਾਲ ਹੋ ਗਈ ਤਾਏ ਨਿਹਾਲ ਸਿਹੁੰ ਨੇ ਵਾਹਗੁਰੂ ਦਾ ਲੱਖ-ਲੱਖ ਸ਼ੁਕਰ ਮਨਾਇਆ ਉਹਨੇ ਗੱਭਰੂ ਤੇਜੇ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ।

ਤਾਈ ਨਿਹਾਲੀ ਖੁਸ਼ੀ ਦੇ ਅੱਥਰੂ ਪੂੰਝਦੀ ਰਮਤੇ-ਰਮਤੇ ਕਾਫਲੇ ਨਾਲ ਤੁਰੀ ਜਾ ਰਹੀ ਸੀ 'ਵੇ ਪੁੱਤ! ਮੈਂ ਕਿਹਾ, ਇਹ ਪੂੰਗ ਜਿਹੀ ਕਿੱਥੇ ਸਾਡੇ ਨਾਲ ਧੱਕੇ ਖਾਂਦੀ ਫਿਰੂ ਖਬਰੇ, ਕਿਹੜੀਆਂ-ਕਿਹੜੀਆਂ ਮੁਸੀਬਤਾਂ ਅਸਾਂ ਨੇ ਜਰਨੀਆਂ ਨੇ ਖਬਰੇ, ਟਿਕਾਣੇ ਪਹੁੰਚਣਾ ਵੀ ਏ ਕਿ ਰਾਹੇ ਈ ਮਰ-ਮੁੱਕ ਜਾਣੈਂ ਇਹਨੇ ਵਿਚਾਰੀ ਨੇ ਤਾਂ ਹਾਲੇ ਕੱਖ ਵੀ ਵੇਖਿਆ ਨ੍ਹੀਂ ਮੈਂ ਕਿਹਾ, ਚੱਲ ਇਹਨੂੰ ਮਸੀਤੇ ਈ ਰੱਖ ਦਿਨੇਂ ਆਂ।

ਖਬਰੇ ਕੋਈ ਅੱਲਾ ਦਾ ਤਰਸਵਾਨ ਇਹਨੂੰ ਮਸੀਤੇ ਪਈ ਵੇਖ ਕੇ ਤਰਸ ਖਾ ਲਵੇ ਤੇ ਆਪਣੇ ਪਰਿਵਾਰ ਦਾ ਹਿੱਸਾ ਬਣਾ ਲਵੇ ਏਸੇ ਸੋਚ 'ਚ ਈ ਮੈਂ ਏਸ ਨਿਤਾਣੀ ਨੂੰ ਉੱਥੇ ਛੱਡ ਆਈ।

ਪਰ ਪੁੱਤਰਾ! ਹੁਣ ਡੋਬੂ ਏਸ ਗੱਲੋਂ ਪਏ ਪੈਂਦੇ ਸੀ ਕਿ ਖਬਰੇ,ਕਿਸੇ ਦੀ ਇਹਦੇ ਵੱਲੀਂ ਨਿਗਾਹ ਈ ਨਾ ਪਵੇ ਗਲੀਆਂ 'ਚ ਫਿਰਦੀ ਕੁਤੀੜ੍ਹ ਕਿਤੇ ਬੱਚੀ ਨੂੰ ਪਾੜ ਨਾ ਸੁੱਟੇ ਜਾਂ ਕੋਈ ਹੋਰ ਇੱਲ-ਬਲਾ ਏਸ ਮਾਸੂਮ ਨੂੰ ਆਪਣਾ ਗ੍ਰਾਸ ਨਾ ਬਣਾ ਧਰੇ ਇਹ ਸੋਚ-ਸੋਚ ਮੇਰੀ ਜਿੰਦ ਨਿਕਲਦੀ ਜਾਂਦੀ ਸੀ।

ਵੇ ਪੁੱਤਾ! ਇਹ ਤਾਂ ਤੂੰ ਡਾਢਾ ਪੁੰਨ ਖੱਟਿਐ ਮੇਰੀ ਉਮਰ ਵੀ ਤੈਨੂੰ ਲੱਗ ਜੇ,ਮੇਰੇ ਧਰਮ ਦਿਆ ਪੁੱਤਰਾ! ਤੇਰਾ ਦੇਣਾ ਮੈਂ ਸਾਰੀ ਉਮਰ ਨ੍ਹੀਂ ਦੇ ਸਕਦੀ।

ਜੇ ਸੱਚੀਓਂ ਟਿਕਾਣੇਂ ਪੁੱਜਗੇ ਤਾਂ ਮੈਂ ਏਸ ਧੀ-ਧਿਆਣੀ ਦਾ ਨਾਂ ਪੱਕਾ ਈ 'ਜਿਊਣੀ' ਰੱਖੂੰ ਸੱਚਮੁੱਚ ਮਰ ਕੇ ਜੀ ਈ ਏ ਇਹ ਮੇਰੀ ਧੀ ਇਹ ਆ ਅੱਜ ਤੋਂ ਮੇਰੀ 'ਜਿਊਣ ਕੌਰ' ਉਹਨੇ ਬਾਲੜੀ ਨੂੰ ਹੋਰ ਘੁੱਟ ਕੇ ਛਾਤੀ ਨਾਲ ਲਾ ਲਿਆ।

ਗੱਲਾਂ-ਬਾਤਾਂ ਕਰਦਿਆਂ ਕਾਫਲਾ ਅੱਗੇ ਵਧਦਾ ਜਾ ਰਿਹਾ ਸੀ। ਦੁਪਹਿਰ ਦਾ ਸਮਾਂ ਹੋ ਗਿਆ ਗੱਡਿਆਂ ਦੇ ਪਹੀਆਂ ਦੀ ਘੂਕਰ ਅਚਾਨਕ ਬੰਦ ਹੋ ਗਈ ਸਭ ਚੱਲਦੇ ਸਿਰ ਥਾਏਂ ਖਲੋ ਗਏ।

ਘੰਟਿਆਂ-ਬੱਧੀ ਖੜ੍ਹੇ ਲੋਕ ਆਖਰ ਥੱਲੇ ਬਹਿਣ ਲੱਗੇ ਮੀਲਾਂ ਤਾਈਂ ਲੰਮੀਆਂ ਕਤਾਰਾਂ ਖਲਕਤ ਦਾ ਕੋਈ ਅੰਤ ਨਾ ਕੋਈ ਕਿਸੇ ਨੂੰ ਪੁੱਛੇ, ਕੋਈ ਕਿਸੇ ਨੂੰ; ਹੋਇਆ ਕੀ? ਜੇ ਪਤਾ ਹੋਵੇ ਤਾਂ ਕੋਈ ਦੱਸੇ।

ਕਾਫਲੇ ਨਾਲ ਚੱਲਦੇ ਅੱਠ-ਦਸ ਘੋੜ-ਚੜ੍ਹੇ ਗਾਰਡ ਕਦੇ ਕਾਫਲੇ ਦੇ ਅੱਗੇ ਜਾਣ, ਕਦੇ ਪਿੱਛੇ ਬੇਸ਼ੱਕ ਉਹ ਆਪਣੀ ਡਿਊਟੀ ਪੂਰੀ ਮੁਸਤੈਦੀ ਨਾਲ ਕਰ ਰਹੇ ਸਨ ਪਰ ਲੱਖਾਂ ਦੀ ਖਲਕਤ ਦੀ ਰਖਵਾਲੀ ਇਹ ਗਿਣਤੀ ਦੇ ਗਾਰਡ ਕਿਵੇਂ ਕਰ ਸਕਦੇ ਸੀ?

ਹੌਲੀ-ਹੌਲੀ ਘੁਸਰ-ਮੁਸਰ 'ਚ ਗੱਲ ਨਿਕਲਣੀ ਸ਼ੁਰੂ ਹੋ ਗਈ ਉਧਰ ਚੜ੍ਹਦੇ ਪੰਜਾਬ ਵੱਲ ਅੰਮ੍ਰਿਤਸਰ-ਪਠਾਨਕੋਟ ਵਾਲੀ ਰੇਲਵੇ ਲਾਈਨ ਤੇ ਪੂਰੀ ਰੇਲ-ਗੱਡੀ ਹਿੰਦੂ-ਸਿੱਖ ਫਸਾਦੀਆਂ ਨੇ ਵੱਢ ਮੁਕਾਈ ਏ ਹਜ਼ਾਰਾਂ ਮੁਸਲਿਮ ਬੀਬੀਆਂ, ਬੱਚੇ ਤੇ ਜਵਾਨ ਏਸ ਜਨੂੰਨ ਦੀ ਭੇਟ ਚੜ੍ਹ ਚੁੱਕੇ ਨੇ ਹੁਣ ਏਧਰ ਵੀ ਮੁਸਲਿਮ ਧਾੜਾਂ ਏਸ ਸਾਕੇ ਦਾ ਬਦਲਾ ਲੈਣ ਲਈ ਉਤਾਵਲੀਆਂ ਨੇ।

ਉਹਨਾਂ ਦੇ ਜਥਿਆਂ ਦੇ ਜਥੇ ਵਾਹਗਿਓਂ ਉਰਾਰ ਕੱਠੇ ਹੋ ਰਹੇ ਨੇ ਉਹ ਕਿਸੇ ਵੀ ਹਾਲਤ 'ਚ ਇਸ ਕਾਫਲੇ ਨੂੰ ਚੜ੍ਹਦੇ ਪੰਜਾਬ ਵੱਲ ਸੁੱਕਿਆਂ ਨ੍ਹੀਂ ਜਾਣ ਦੇਣਗੇ

ਖੈਰ, ਸਿਪਾਹੀਆਂ ਨੇ ਜੇਰਾ ਕਰਕੇ ਕਾਫਲਾ ਅੱਗੇ ਵਧਾਉਣ ਦਾ ਫੈਸਲਾ ਲਿਆ ਕੁਝ ਮੀਲ ਕਾਫਲਾ ਅੱਗੇ ਤੁਰਿਆ।

ਦਿਨ ਢਲਣਾ ਸ਼ੁਰੂ ਹੋ ਗਿਆ ਅੰਗਿਆਰੇ ਸਿੱਟਦਾ ਸੂਰਜ ਦੇਵਤਾ ਲਾਲੀ ਵਟਾਉਣ ਲੱਗ ਪਿਆ ਕਿਸੇ ਪਾਸਿਓਂ ਠੰਢੀ ਹਵਾ ਦਾ ਝੋਕਾ ਆਇਆ ਫਿਰ ਛਮਾ-ਛਮ ਬਾਰਿਸ਼ ਸ਼ੁਰੂ ਹੋ ਗਈ ਕਈ ਪਹਿਰਾਂ ਦੇ ਪਿਆਸੇ ਰਾਹੀਆਂ ਨੇ ਬੁੱਕ ਭਰ-ਭਰ ਪਿਆਸ ਬੁਝਾਈ ਵਖਤਾਂ ਮਾਰੇ ਰਾਹੀਆਂ ਨੇ ਸੁਖ ਦਾ ਸਾਹ ਲਿਆ।

ਪਰ ਧੁਰੋਂ ਦੁੱਖਾਂ ਦੀ ਲਿਖਤ ਲਿਖਵਾ ਕੇ ਲਿਆਏ ਦੁਖਿਆਰਿਆਂ ਦਾ ਸੁਖ ਕਦ ਤੱਕ ਸਾਥ ਦਿੰਦੇ?

ਅਚਾਨਕ ਕੜਾਕ ਕਰਦੀ ਅਵਾਜ਼ ਆਈ ਸਭ ਠਠੰਬਰ ਗਏ। ਮੂਹਰਲੇ ਗੱਡੇ ਦੇ ਬਲਦ ਦੀ ਧੌਣ ਚੋਂ ਲੰਘੀ ਗੋਲੀ ਆਰ-ਪਾਰ ਹੋ ਗਈ। ਕੋਈ ਹੋਰ ਜਾਨੀ ਨੁਕਸਾਨ ਤਾਂ ਨਾ ਹੋਇਆ। ਪਰ ਕਿਸੇ ਜੱਟ ਦਾ ਪੁੱਤਾਂ ਵਾਂਗ ਪਾਲਿਆ ਚਿੱਟਾ ਧੌਲ ਥਾਏਂ ਢੇਰੀ ਹੋ ਗਿਆ।

ਗੱਡਿਆਂ ਦੀ ਕਤਾਰ ਥਾਏਂ ਜੰਮ ਗਈ ਪਿੱਛੇ ਪੈਦਲ ਚੱਲਦੇ ਮਰਦਾਂ-ਔਰਤਾਂ ਦਾ ਕਾਫਲਾ ਵੀ ਥਾਏਂ ਜਾਮ ਹੋ ਗਿਆ ਗੋਲੀ ਕਿੱਧਰੋਂ ਆਈ, ਕੁਝ ਪਤਾ ਨ੍ਹੀਂ ਸੀ ਚੱਲ ਰਿਹਾ। ਕਾਫਲੇ ਦੀ ਸੁਰੱਖਿਆ ਲਈ ਤਾਇਨਾਤ ਸਿਪਾਹੀ ਹੱਕੇ-ਬੱਕੇ ਰਹਿ ਗਏ ਸਿੱਖ। ਸੂਬੇਦਾਰ ਕਾਫਲੇ ਦੇ ਵਿਚਾਲੇ ਆ ਧਸਿਆ ਉਹਨੇ ਵਿਚਾਲੇ ਚੱਲ ਰਹੇ ਬਾਬੇ ਕੌਰ ਸਿੰਘ ਅਕਾਲੀ ਨੂੰ ਆ ਲਲਕਾਰਿਆ

ਅਖੇ, 'ਬਾਬਾ ਇਹ ਸਰਦਾਰੀਆ ਕਾਹਦੇ ਲਈ ਤੂੰ ਗੁਰੂ ਦਾ ਸਿੰਘ ਏਂ ਅੱਜ ਤੇਰੀ ਇਹਨਾਂ ਮਜ਼ਲੂਮਾਂ ਨੂੰ ਲੋੜ ਏ ਤੇਰਾ ਵਿਚਾਲੇ ਚੱਲਣਾ ਸ਼ੋਭਾ ਨ੍ਹੀਂ ਦਿੰਦਾ ਆ ਅਗਵਾਈ ਕਰ, ਏਸ ਕਾਫਲੇ ਦੀ ਨੇਜਾ ਤੇ ਕਿਰਪਾਨ ਲੈ ਕੇ ਲਲਕਾਰ ਇਹਨਾਂ ਜ਼ਾਲਮਾਂ ਨੂੰ।'

ਬਾਬਾ! ਆਪਣੇ ਟੱਬਰ ਦੀ ਪਰਵਾਹ ਛੱਡ ਅੱਜ ਇਹ ਸਾਰਾ ਕਾਫਲਾ ਈ ਤੇਰਾ ਟੱਬਰ ਏ।

ਅਕਾਲੀ ਕੌਰ ਸਿੰਘ ਦਾ ਚਿਹਰਾ ਭਖ ਪਿਆ ਨਨਕਾਣਾ ਸਾਹਬ ਤੇ ਜੈਤੋ ਦੇ ਮੋਰਚਿਆਂ 'ਚ ਮੂਹਰਲੀਆਂ ਸਫਾਂ 'ਚ ਵਿਚਰਨ ਵਾਲਾ ਬਾਬਾ ਅਕਾਲੀ ਭੀੜ ਨੂੰ ਚੀਰਦਾ 'ਬੋਲੇ ਸੋ ਨਿਹਾਲ' ਦਾ ਜੈਕਾਰਾ ਛੱਡ ਗਿਆ ਵੇਖਦੇ ਈ ਵੇਖਦੇ ਕਾਫਲੇ 'ਚ ਚਾਰ-ਪੰਜ ਤਿਆਰ-ਬਰ-ਤਿਆਰ ਹੋਰ ਸਿੰਘ ਗਤਕੇ ਦੇ ਜੌਹਰ ਵਿਖਾਉਂਦੇ ਬਾਹਰ ਆ ਗਏ।

ਇੱਕ ਤੇ ਇੱਕ ਗਿਆਰਾਂ ਦੇ ਅਖਾਣ ਮੁਜਬ ਘੁਸਰ-ਮੁਸਰ ਜਦ ਹੋਰ ਅੱਗੇ ਵਧੀ ਤਾਂ ਇੱਕ ਪੈਨਸ਼ਨੀ ਫੌਜੀ ਜੋ ਆਪਣੀ ਦੁਨਾਲੀ ਰਫਲ ਵੀ ਨਾਲ ਲਈ ਕਾਫਲੇ 'ਚ ਚੱਲ ਰਿਹਾ ਸੀ। ਉਹ ਵੀ ਰਫਲ ਸਮੇਤ ਇਹਨਾਂ ਚੌਹ-ਪੰਜਾਂ ਸਿੰਘਾਂ ਦੀ ਟੁਕੜੀ ਨਾਲ ਆ ਰਲਿਆ। ਸਿੱਖ ਸੂਬੇਦਾਰ ਦੇ ਚਿਹਰੇ ਦਾ ਜਲਾਲ ਹੁਣ ਵੇਖਣ ਵਾਲਾ ਸੀ।

ਸਾਰੀ ਰਾਤ ਕਾਫਲੇ ਤੇ ਹਮਲਾ ਹੋਣ ਦੀਆਂ ਅਫਵਾਹਾਂ ਫੈਲਦੀਆਂ ਰਹੀਆਂ ਲੋਕ ਭੈ-ਭੀਤ ਹੋਏ ਥਾਏਂ ਬੈਠੇ ਰਹੇ ਪੰਜ-ਸੱਤ ਸਿਪਾਹੀਆਂ ਸਮੇਤ ਪੰਜ-ਸੱਤ ਸਿਵਲ ਸਿੰਘਾਂ ਦੀ ਤਿਆਰ ਹੋਈ ਇਹ ਨਵੀਂ ਟੁਕੜੀ ਕਾਫਲੇ ਦੇ ਚਾਰੋਂ ਪਾਸੇ ਚੱਕਰ ਲਗਾਉਂਦੀ ਸਾਰੀ ਰਾਤ ਕਾਫਲੇ ਦੀ ਹਿਫਾਜ਼ਤ ਕਰਦੀ ਰਹੀ।

ਜਦ ਪਹੁ-ਫੁਟਾਲਾ ਹੋਇਆ ਤਾਂ 'ਅੱਲਾ ਹੂ ਅਕਬਰ' ਦੇ ਨਾਅਰੇ ਲਾਉਂਦਾ ਇੱਕ ਵੱਡਾ ਟੋਲਾ ਛਵੀਆਂ, ਬਰਛੇ ਲਈ ਕਾਫਲੇ ਵੱਲ ਵਧਦਾ ਸਾਫ ਦਿਖਾਈ ਦੇਣ ਲੱਗਾ ਕੁਝ ਦੂਰੀ ਤੇ ਫਸਾਦੀਆਂ ਦਾ ਇਹ ਟੋਲਾ ਸੰਘਣੇ ਰੁੱਖਾਂ ਤੇ ਕਮਾਦ ਦੇ ਖੇਤ ਦੀ ਓਟ 'ਚ ਆਪਣੀ ਪੁਜੀਸ਼ਨ ਤੇ ਆ ਡਟਿਆ।

ਬਾਬੇ ਅਕਾਲੀ ਨੇ ਉੱਚੀ ਅਵਾਜ਼ 'ਚ ਵਾਹਗੇ ਦੇ ਉਸ ਪਾਰ ਹਿੰਦੂ-ਸਿੱਖ ਫਸਾਦੀਆਂ ਵੱਲੋਂ ਵਿਖਾਈ ਕਰੂਰਤਾ ਦਾ ਬਦਲਾ ਇਹਨਾਂ ਮਸੂਮਾਂ ਤੋਂ ਨਾ ਲੈਣ ਦੇ ਅਨੇਕਾਂ ਤਰਲੇ ਪਾਏ ਪਰ ਭੜਕੇ ਜਨੂੰਨੀ ਫਸਾਦੀ 'ਖੂਨ ਕਾ ਬਦਲਾ ਖੂਨ ਸੇ ਲੇਂਗੇ' ਦੇ ਨਾਅਰਿਆਂ ਤੋਂ ਬਾਜ ਨਾ ਆਏ ਉਹਨਾਂ ਨੇ ਬਾਬੇ ਦੀਆਂ ਸਾਰੀਆਂ ਕੂਕਾਂ-ਫਰਿਆਦਾਂ ਅਣਸੁਣੀਆਂ ਕਰ ਦਿੱਤੀਆਂ।

ਬਾਬੇ ਦੇ ਤਰਲੇ ਸ਼ਾਇਦ ਫਸਾਦੀਆਂ ਨੂੰ ਹੋਰ ਹੱਲਾਸ਼ੇਰੀ ਦੇ ਰਹੇ ਸਨ ਉਹਨਾਂ ਨੇ 'ਅੱਲਾ ਹੂ ਅਕਬਰ' ਦੇ ਨਾਅਰੇ ਹੋਰ ਉੱਚੀ ਅਵਾਜ਼ 'ਚ ਲਾਉਣੇ ਸ਼ੁਰੂ ਕਰ ਦਿੱਤੇ।

ਆਖਰ ਗੱਲ ਹੱਥੋਂ ਜਾਂਦੀ ਵੇਖ ਕੇ ਬਾਬੇ ਅਕਾਲੀ ਨੇ ਵੀ ਸਾਥੀਆਂ ਨੂੰ ਵੰਗਾਰਿਆ ਤੇ 'ਅੱਲਾ ਹੂ ਅਕਬਰ' ਦਾ ਜਵਾਬ 'ਬੋਲੇ ਸੋ ਨਿਹਾਲ' ਦੀ ਗਰਜਵੀਂ ਅਵਾਜ਼ 'ਚ ਦਿੱਤਾ।

ਆਪਣੇ ਕਾਫਲੇ ਦੇ ਮੂਹਰੇ ਪੰਜ-ਸੱਤ ਜਣਿਆਂ ਦੀ ਤਾਇਨਾਤ ਬਾਬੇ ਦੀ ਇਹ ਨਵੀਂ ਸਿਵਲ ਟੁਕੜੀ ਕਿਸੇ ਵੱਡੀ ਫੌਜ ਦਾ ਭੁਲੇਖਾ ਪਾਉਣ ਲਈ ਕਾਫੀ ਸੀ।

ਆਖਰ ਫਸਾਦੀਆਂ ਵਾਲੇ ਪਾਸਿਓਂ ਸ਼ੁਰੂਆਤ ਹੋਈ ਇੱਕ ਹੋਰ ਤਾੜ ਕਰਦੀ ਗੋਲੀ ਚੱਲੀ ਤੇ ਮੂਹਰਲੇ ਗੱਡੇ ਦੇ ਲੱਕੜ ਦੇ ਪਹੀਏ ਨੂੰ ਨਿਸ਼ਾਨਾ ਬਣਾਉਂਦੀ ਇੱਕ ਬਜ਼ੁਰਗ ਦੇ ਮੋਢੇ 'ਚ ਜਾ ਧਸੀ।

ਪੈਨਸ਼ਨੀ ਫੌਜੀਆ ਝੱਟ ਗੋਲੀ ਦੀ ਦਿਸ਼ਾ ਤਾੜ ਗਿਆ ਹੁਣ ਤੱਕ ਚੋਖਾ ਚਾਨਣ ਹੋ ਚੁੱਕਾ ਸੀ। ਦੂਰ-ਦੁਰਾਡੇ ਤਾਈਂ ਨਜ਼ਰ ਸੌਖਿਆਂ ਫੇਰੀ ਜਾ ਸਕਦੀ ਸੀ। ਕੁਝ ਫਰਲਾਂਗ ਦੀ ਦੂਰੀ ਤੇ ਟਾਹਲੀਆ ਦੇ ਝੁੰਡ ਦੀ ਇੱਕ ਚੋਟੀ ਤੇ ਇੱਕ ਫਸਾਦੀ ਮੂੰਹ-ਸਿਰ ਬੰਨ੍ਹੀ ਦੂਜਾ ਨਿਸ਼ਾਨਾ ਬੰਨ੍ਹ ਰਿਹਾ ਸੀ।

ਪੈਨਸ਼ਨੀ ਫੌਜੀ ਨੇ ਗੱਡੇ ਦੀ ਓਟ ਲੈ ਕੇ। ਐਸੀ ਸ਼ਿਸ਼ਤ ਬੰਨ੍ਹੀ ਕਿ ਉਹ ਫਸਾਦੀ ਲੋਟਣੀਆਂ ਖਾਂਦਾ ਟਾਹਲੀ ਤੋਂ ਥੱਲੇ ਆ ਡਿੱਗਿਆ।

ਏਸ ਫਸਾਦੀ ਦੇ ਡਿੱਗਦਿਆਂ ਈ ਸੰਘਣੇ ਕਮਾਦ ਦੀ ਓਟ ਲਈ ਬੈਠੇ ਉਹਦੇ ਸਾਥੀ 'ਯਾ ਅਲੀ' ਦੇ ਨਾਅਰੇ ਲਾਉਂਦੇ ਅੱਗੇ ਵਧੇ। ਅੱਗੋਂ ਬਾਬੇ ਅਕਾਲੀ ਦੇ ਸਾਥੀਆਂ ਨੇ ਵੀ ਕਿਰਪਾਨਾਂ ਸੂਤ ਲਈਆਂ ਸਿੱਖਿਅਤ ਸਿੰਘਾਂ ਨੇ ਜਦ ਕਿਰਪਾਨਾਂ ਘੁਮਾਈਆਂ ਤਾਂ ਫਸਾਦੀਆਂ ਦੇ ਹੌਸਲੇ ਪਸਤ ਹੋ ਗਏ ਏਧਰੋਂ ਪੈਨਸ਼ਨੀ ਫੌਜੀ ਦੇ ਇੱਕ ਦੋ ਹਵਾਈ ਫਾਇਰਾਂ ਦੀ ਗੜਗੱਜ ਨੇ ਫਸਾਦੀ ਧਾੜ ਦਾ ਲੱਕ ਭੰਨ ਕੇ ਰੱਖ ਦਿੱਤਾ।

ਉਹ ਦੇਂਦੂ-ਲੈਂਦੇ ਜਿੱਧਰੋਂ ਆਏ ਸੀ, ਝੱਟ ਰੂਪੋਸ਼ ਹੋ ਗਏ।

ਸਿੱਖ ਸੂਬੇਦਾਰ ਨੇ ਕਾਫਲਾ ਜਲਦੀ ਨਾਲ ਅੱਗੇ ਵਧਾਉਣ ਦਾ ਹੁਕਮ ਦਿੱਤਾ। ਅਗਲੀ ਰਾਤ ਤੋਂ ਪਹਿਲਾਂ ਕਾਫਲਾ ਵਾਹਗਿਓਂ ਪਾਰ ਸੀ।

ਬੱਸ ਉਹ ਦਿਨ ਤੇ ਆਹ ਦਿਨ ਆਲ੍ਹਣਿਓਂ ਡਿੱਗੇ ਬੋਟ ਫੇਰ ਨ੍ਹੀਂ ਪਰਤ ਸਕੇ ਇਹਨਾਂ ਆਲ੍ਹਣਿਆਂ 'ਚ ਬੇਸ਼ੱਕ ਅੱਜ ਵੀ ਅਹੁਲਦੇ ਰਹਿੰਦੇ ਨੇ ਆਪਣੇ ਆਲ੍ਹਣਿਆਂ ਤਾਈਂ।

*ਪਿੰਡ ਤੇ ਡਾ: ਸ਼ੇਰ ਖਾਂ (ਫਿਰੋਜ਼ਪੁਰ),*
*ਮੋਬਾ:੯੮੧੫੭-੫੮੪੬੬*

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

# ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

**10240/54 Library Road, Azad Market, Delhi-110005**

**Phone Office : 011-23516689, 911-23614784**

**Mobile Phone :** **S. Charanjit Singh 98105-56398**
**S. Satvinder Singh 98116-55210**




Namdhari Elibrary NamdhariElibrary@gmail.com

BBL FOODS PVT. LTD.



*India's Larget Second Hand Food Machines Dealer Cum Rebuilder*

**750kgs Potato Chips Line**

**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*



# BBL FOODS (P) LTD.

***SANTOSH NAGAR X ROADS, HYDERABAD- 5000059, INDIA***

***Tel : +91 40 24530680, Mobile : 91 98480-50607/ +91 98483 99702***

***e-mail:lakbir.mutchall@gmail.com***

***www.bblfoods.com www.mutchall.com***





Namdhari Elibrary NamdhariElibrary@gmail.com

# ਪਾਰਸ ਸੰਗੀਤ ਸਮਾਰੋਹ



—ਸੁਧਾ ਸ਼ਰਮਾ

ਪਾਰਸ ਸੰਗੀਤ ਸਮਾਰੋਹ ਸ਼ਨੀਵਾਰ ੨੯ ਜੂਨ, ੨੦੧੩ ਨੂੰ ਪੰਜਾਬ ਦੇ ਮਹਾਨ ਵਾਗੇਅਕਾਰ ਸਵ. ਪੰਡਿਤ ਬਲਵੰਤ ਰਾਏ ਜਸਵਾਲ 'ਪਾਰਸ' ਜੀ ਦੀ ਨਿੱਘੀ ਯਾਦ ਵਿਚ ਪਾਰਸ ਕਲਾ ਮੰਚ ਵਲੋਂ ਜਲੰਧਰ ਦੇ ਕੇ. ਐਲ. ਸਹਿਗਲ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਗਿਆ। ਸ਼ਾਮ ੬.੩੦ ਵਜੇ ਸ੍ਰੀ ਐਸ. ਐਸ. ਅਜੀਮਲ, ਸ੍ਰੀ ਅਰੁਣ ਕਪੂਰ, ਸੰਤ ਜਗਦੀਸ਼ ਸਿੰਘ ਵਰਿਆਮ, ਸ੍ਰ. ਬੇਅੰਤ ਸਿੰਘ ਸਰਹੱਦੀ, ਡਾ. ਐਚ. ਐਸ. ਸਾਗਰ, ਸ੍ਰੀਮਤੀ ਸਾਮਰਿਚਾ ਅਰੋੜਾ, ਸ੍ਰੀ ਐਚ. ਵਧਵਾ, ਸ੍ਰੀਮਤੀ ਸੁਮੇਧਾ ਵਧਵਾ, ਸ੍ਰੀਮਤੀ ਸੁਰਧਨੀ ਅਰੋੜਾ, ਸ੍ਰੀ ਦੀਪਕ ਬਾਲੀ, ਸ੍ਰੀ ਕ੍ਰਿਸ਼ਨ ਲਾਲ ਅਟਵਾਲ, ਡਾ. ਜਯੋਤੀ ਮਿੱਤੂ, ਸ੍ਰੀ ਮਦਨ ਰਾਣਾ, ਸ੍ਰੀ ਰਮੇਸ਼ ਮੋਦਗਿਲ ਅਤੇ ਡਾ. ਮਨਜੀਤ ਕੌਰ ਪੰਡਾ ਨੇ ਜਯੋਤੀ ਪ੍ਰਜਵਲਿਤ ਕਰ ਕੇ ਸਮਾਗਮ ਦਾ ਸ਼ੁਭ ਆਰੰਭ ਕੀਤਾ।

## ਪੰਡਿਤ ਬਲਵੰਤ ਰਾਏ ਜਸਵਾਲ ਜੀ

ਪੰਡਿਤ ਬਲਵੰਤ ਰਾਏ ਜਸਵਾਲ ਜੀ ਦਾ ਜਨਮ ੨੩ ਮਈ, ੧੯੨੩ ਨੂੰ ਜਿਲਾ ਊਨਾ ਦੇ ਛੋਟੇ ਜਿਹੇ ਪਿੰਡ ਸਲੋਹ ਵਿਚ ਠਾਕੁਰ ਹਜ਼ੂਰਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦੇ ਪਿਤਾ ਜੀ ਪ੍ਰਸਿੱਧ ਧਰੁਪਦ ਗਾਇਕ ਭਗਤ ਮੰਗਤ ਰਾਮ ਜੀ ਦੇ ਸ਼ਗਿਰਦ ਸਨ। ਜਸਵਾਲ ਜੀ ਨੇ ਸੰਗੀਤ ਦੀ ਪ੍ਰਾਰੰਭਿਕ ਸਿੱਖਿਆ ਆਪਣੇ ਪਿਤਾ ਜੀ ਪਾਸੋਂ ਅਤੇ ਉਸ ਤੋਂ ਬਾਅਦ ਭਗਤ ਮੰਗਤ ਰਾਮ ਜੀ ਪਾਸੋਂ ਹਾਸਿਲ ਕੀਤੀ। ਛੋਟੀ ਉਮਰ ਵਿਚ ਹੀ ਪਿਤਾ ਦਾ ਸਾਇਆ ਆਪ ਦੇ ਸਿਰ ਤੋਂ ਉਠ ਗਿਆ। ਸੋਲਨ ਦੇ ਰਾਜਾ ਠਾਕੁਰ ਦੁਰਗਾ ਸਿੰਘ ਜੀ ਨੇ ਸਕਾਲਰਸ਼ਿਪ ਦੇ ਕੇ ਜਸਵਾਲ ਜੀ ਨੂੰ ਪੰਡਿਤ ਵਿਨਾਇਕ ਰਾਉ ਪਟਵਰਧਨ ਜੀ ਪਾਸੋਂ ਸੰਗੀਤ ਦੀ ਉੱਚ ਤਾਲੀਮ ਹਾਸਿਲ ਕਰਨ ਲਈ ਭੇਜਿਆ। ਪੰਡਿਤ ਵਿਨਾਇਕ ਰਾਉ ਪਟਵਰਧਨ ਜੀ ਅਤੇ ਪੰਡਿਤ ਉਂਕਾਰ ਨਾਥ ਠਾਕੁਰ ਜੀ ਦੇ ਨਾਲ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਆਪਨੇ ਦੇਸ਼ ਦਾ ਭ੍ਰਮਣ ਕੀਤਾ। ਪੰਡਿਤ ਵਿਨਾਇਕ ਰਾਉ ਪਟਵਰਧਨ ਜੀ ਪਾਸੋਂ ਤਾਲੀਮ ਹਾਸਿਲ ਕਰਨ ਤੋਂ ਬਾਅਦ ਆਪ ਨੇ ਮੁਜ਼ੱਫ਼ਰ ਨਗਰ ਵਿਚ ਗੰਧਰਵ ਮਹਾਂ ਵਿਦਿਆਲਾ ਸ਼ੁਰੂ ਕੀਤਾ। ੧੪ ਫ਼ਰਵਰੀ ੧੯੫੨ ਨੂੰ ਜਸਵਾਲ ਜੀ ਦੀ ਸ਼ਾਦੀ ਫ਼ਿਰੋਜ਼ਪੁਰ ਦੇ ਪ੍ਰਸਿੱਧ ਗਾਇਕ ਪ੍ਰੋ. ਦੇਸ਼ਬੰਧੂ ਸੇਠੀ ਜੀ ਦੀ ਸਪੁੱਤਰੀ ਊਸ਼ਾ ਨਾਲ ਹੋਈ। ਇਸੇ ਸਾਲ ਕਲਕੱਤਾ ਵਿਚ ਆਯੋਜਿਤ ਆਲ ਇੰਡੀਆ ਤਾਨਸੇਨ ਗਾਇਨ ਪ੍ਰਤੀਯੋਗਿਤਾ ਵਿਚ ਜਸਵਾਲ ਜੀ ਨੇ ਪਹਿਲਾ ਸਥਾਨ ਹਾਸਿਲ ਕੀਤਾ ਸੰਨ ੧੯੫੩ ਵਿਚ ਆਪ ਜਲੰਧਰ ਆ ਗਏ ਅਤੇ ੧੯੫੬ ਤੱਕ ਗੌਰਮਿੰਟ ਟਰੇਨਿੰਗ ਕਾਲਜ ਵਿਚ ਅਸਥਾਈ ਤੌਰ ਤੇ ਸੰਗੀਤ ਦੇ ਪ੍ਰਾਧਿਆਪਕ ਰਹੇ ਸੰਨ ੧੯੫੬ ਵਿਚ ਹੰਸਰਾਜ ਮਹਿਲਾ ਮਹਾਂਵਿਦਿਆਲਾ, ਜਲੰਧਰ ਵਿੱਚ ਬਤੌਰ ਮੁਖੀ ਸੰਗੀਤ ਵਿਭਾਗ ਕਾਰਜ ਭਾਰ ਸੰਭਾਲਿਆ ਜਿੱਥੇ ੨੭ ਸਾਲ ਤੱਕ ਸੰਗੀਤ ਦੀ ਸੇਵਾ ਕਰਕੇ ੧੯੮੩ ਵਿਚ ਆਪ ਸੇਵਾ ਮੁਕਤ ਹੋਏ ਜਲੰਧਰ ਸ਼ਹਿਰ ਵਿਚ ਆਪਣੇ ਇਸ ਲੰਬੇ ਕਾਰਜਕਾਲ ਦੌਰਾਨ ਜਸਵਾਲ ਜੀ ਨੇ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਜੋ ਕੰਮ ਕੀਤਾ ਉਹ ਸੰਗੀਤ ਜਗਤ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਪੰਡਿਤ ਬਲਵੰਤ ਰਾਏ ਜਸਵਾਲ ਜੀ ਨੇ 'ਪਾਰਸ' ਉਪਨਾਮ ਹੇਠ ਲਗਭਗ ੧੦੦ ਰਾਗਾਂ ਵਿਚ ੫੦੦ ਤੋਂ ਵੱਧ ਨਵੀਆਂ ਰਚਨਾਵਾਂ ਲਿਖੀਆਂ ਅਤੇ ਉਨਾਂ ਨੂੰ ਲਿਪੀਬੱਧ ਕੀਤਾ ਸੰਗੀਤਕ ਦ੍ਰਿਸ਼ਟੀ ਤੋਂ ਇਹ ਰਚਨਾਵਾਂ ਬਹੁਤ



ਸ੍ਰੀ ਦੀਪਕ ਬਾਲੀ, ਸ. ਜਗਦੀਸ਼ ਸਿੰਘ ਵਰਿਆਮ ਅਤੇ ਸ੍ਰੀ ਐਸ. ਐਸ. ਅਜੀਮਲ ਜੋਤੀ ਪ੍ਰਜਵਲਿਤ ਕਰਦੇ ਹੋਏ।


Namdhari Elibrary NamdhariElibrary@gmail.com




ਸੰਤ ਸਤਨਾਮ ਸਿੰਘ ਗਾਇਨ ਪ੍ਰਸਤੁਤ ਕਰਦੇ ਹੋਏ। ਤਬਲੇ ਤੇ ਉਸਤਾਦ ਅਕਰਮ ਖਾਨ ਅਤੇ ਹਾਰਮੋਨੀਅਮਤੇ ਸ੍ਰੀ ਵਿਨੇ ਮਿਸ਼ਰਾ ਸੰਗਤ ਕਰਦੇ ਹੋਏ।

ਮਹੱਤਵਪੂਰਣ ਹਨ। ਆਪ ਆਲ ਇੰਡੀਆ ਰੇਡੀਓ ਦੇ ਏ-ਗਰੇਡ ਕਲਾਕਾਰ ਸਨ ਆਪ ਜੀ ਦੀ ਧਰਮ ਪਤਨੀ ਸ੍ਰੀਮਤੀ ਊਸ਼ਾ ਜਸਵਾਲ ਉੱਚ ਕੋਟੀ ਦੀ ਗਾਇਕਾ ਸੀ। ਆਪ ਜੀ ਦੇ ਸਪੁੱਤਰ ਪੰਡਿਤ ਯਮੀਸ਼ ਜਸਵਾਲ, ਸਪੁੱਤਰੀਆਂ ਸ੍ਰੀਮਤੀ ਸਾਮਰਿਚਾ ਅਰੋੜਾ, ਸ੍ਰੀਮਤੀ ਸ਼ਰੁਤੀਮਾਲਾ ਪੁਰੀ, ਸ੍ਰੀਮਤੀ ਸੁਮੇਧਾ ਵਧਵਾ ਅਤੇ ਸ੍ਰੀਮਤੀ ਸੁਰਧਨੀ ਅਰੋੜਾ ਆਪ ਜੀ ਦੇ ਨਕਸ਼ੇ ਕਦਮ ਤੇ ਚੱਲਦੇ ਹੋਏ ਸੰਗੀਤ ਦੀ ਸੇਵਾ ਕਰ ਰਹੇ ਹਨ ਆਪ ਜੀ ਦੇ ਸ਼ਾਗਿਰਦਾਂ ਵਿਚ ਪੰਜਾਬ ਦੇ ਪ੍ਰਸਿੱਧ ਸੰਗੀਤ ਵਿਦਵਾਨ ਅਤੇ ਪਾਰਸ ਕਲਾ ਮੰਚ ਦੇ ਸੰਸਥਾਪਕ ਪੰਡਿਤ ਉਮ ਪ੍ਰਕਾਸ਼ ਥਾਪਰ, ਗੁਰਮਤਿ ਸੰਗੀਤ ਵਿਦਵਾਨ ਪ੍ਰੋ. ਕਰਤਾਰ ਸਿੰਘ, ਸ੍ਰੀਮਤੀ ਪੁਸ਼ਪਾ ਪਾਗਧਰੇ, ਸ੍ਰੀਮਤੀ ਕਮਲ ਹੰਸਪਾਲ, ਪ੍ਰੋ. ਰੂਬੀ ਬੈਨਰਜੀ, ਸ੍ਰੀ ਕ੍ਰਿਸ਼ਨ ਲਾਲ ਅਟਵਾਲ, ਪ੍ਰੋ. ਪਰਮਜੀਤ ਕਲੇਰ, ਡਾ. ਜਯੋਤੀ ਮਿੱਤੂ, ਸ੍ਰੀਮਤੀ ਸੰਯੋਗਿਤਾ, ਡਾ. ਨਮਿਤਾ ਸ਼ਰਮਾ, ਪ੍ਰੋ. ਆਮਲਾ ਸ਼ਰਮਾ, ਸ੍ਰੀਮਤੀ ਰੇਖਾ, ਸ੍ਰੀ ਸੰਜੇ ਸ਼ਾਰਦਾ ਅਤੇ ਸ੍ਰੀ ਸੁਖਵਿੰਦਰ ਸਿੰਘ ਦੇ ਨਾਮ ਪ੍ਰਮੁੱਖ ਹਨ ਮਾਂ ਸ਼ਾਰਦਾ ਦੇ ਮਹਾਨ ਸਪੂਤ ਪੰਡਿਤ ਬਲਵੰਤ ਰਾਏ ਜਸਵਾਲ ਜੀ ੨੬ ਫ਼ਰਵਰੀ ੧੯੯੯ ਨੂੰ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਸੰਗੀਤ ਦੀ ਨਿਸ਼ਕਾਮ ਸੇਵਾ ਅਤੇ ਵਡਮੁੱਲੇ ਯੋਗਦਾਨ ਕਰਕੇ ਸੰਗੀਤ ਜਗਤ ਹਮੇਸ਼ਾ ਆਪ ਜੀ ਦਾ ਰਿਣੀ ਰਹੇਗਾ। ਸੰਗੀਤ ਜਗਤ ਦੀ ਇਸ ਮਹਾਨ ਹਸਤੀ ਨੂੰ ਪਾਰਸ ਕਲਾ ਮੰਚ ਦੇ ਸਮੂਹ ਮੈਂਬਰਾਂ ਅਤੇ ਸੰਗੀਤ ਪ੍ਰੇਮੀਆਂ ਵਲੋਂ ਕੋਟਿ ਕੋਟਿ ਪ੍ਰਣਾਮ।

ਪਾਰਸ ਕਲਾ ਮੰਚ ਦੇ ਪ੍ਰਧਾਨ ਸ੍ਰੀ ਦੀਪਕ ਬਾਲੀ ਨੇ ਆਏ ਹੋਏ ਸਾਰੇ ਕਲਾਕਾਰਾਂ, ਮਹਿਮਾਨਾਂ ਅਤੇ ਸੰਗੀਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ ਸ੍ਰੀ ਬਾਬਾ ਹਰਿਵੱਲਭ ਸੰਗੀਤ ਅਤੇ ਰਿਸਰਚ ਅਕੈਡਮੀ ਦੀਆਂ ਵਿਦਿਆਰਥਣਾਂ ਰਾਜਵਿੰਦਰ, ਰਿਤਿਕਾ, ਪ੍ਰਿਯਾ, ਪ੍ਰਿਅੰਕਾ, ਰਿਤੂ ਅਤੇ ਭਾਰਤੀ ਨੇ ਸਰਸਵਤੀ ਵੰਦਨਾ "ਹੰਸ ਵਾਹਿਨੀ ਜਗਤ ਵਯਾਪਨੀ ਵਾਣੀ ਮਾਂ, ਕਰੁਣਾਮੈ ਕਲਿਆਨ ਕਰ ਕਲਿਆਣੀ ਮਾਂ" ਦਾ ਗਾਇਨ ਕੀਤਾ। ਇਨ੍ਹਾਂ ਦੇ ਨਾਲ ਸ੍ਰੀ ਅਜੇ ਕਾਂਤ ਗੁਪਤਾ ਨੇ ਹਾਰਮੋਨੀਅਮ, ਪੰਡਿਤ ਰਮਾ ਕਾਂਤ ਅਤੇ ਸ੍ਰੀ ਵਰੁਣ ਕੁਮਾਰ ਨੇ ਤਬਲੇ ਅਤੇ ਮਿਸ. ਮਿਨੀ ਰਾਜਪੂਤ ਨੇ ਸੁਰਮੰਡਲ ਤੇ ਸਾਥ ਦਿੱਤਾ ਅਮ੍ਰਿਤਸਰ ਤੋਂ ਆਏ ਹੋਏ ਕਾਰਤਿਕ ਅਬਰੋਲ ਨੇ ਰਾਗ ਬਿੰਦਰਾਬਨੀ ਸਾਰੰਗ ਵਿਚ ਰੂਪਕ ਤਾਲ ਵਿਚ ਨਿਬੱਧ ਵਿਲੰਬਿਤ ਖ਼ਿਆਲ "ਸਖੀ ਆਇਉ ਰੇ ਬ੍ਰਜ ਮੇਂ ਨੰਦ ਕੁਮਾਰ" ਦਾ ਗਾਇਨ ਕਰ ਕੇ ਹਾਜ਼ਿਰੀ ਲਗਵਾਈ ਇਨ੍ਹਾਂ ਦੇ ਨਾਲ ਸ੍ਰੀ ਮਨੀਸ਼ ਮੱਟੂ ਨੇ ਤਬਲੇ ਤੇ, ਸ੍ਰੀ ਮੋਨੂ ਮਿੱਤਲ ਨੇ ਹਾਰਮੋਨੀਅਮ ਅਤੇ ਸ੍ਰੀਮਤੀ ਸੁਧਾ ਸ਼ਰਮਾ ਨੇ ਸੁਰਮੰਡਲ ਤੇ ਸੰਗਤ ਕੀਤੀ। ਇਸ ਤੋਂ ਬਾਅਦ ਭਾਨੂ ਪ੍ਰਤਾਪ ਅਗਨੀਹੋਤਰੀ ਅਤੇ ਅੰਕੁਸ਼ ਗਿੱਲ ਨੇ ਰਾਗ ਮਧੁਵੰਤੀ ਦੀ ਤੀਨ ਤਾਲ ਵਿਚ ਨਿਬੱਧ ਪੰਡਿਤ ਬਲਵੰਤ ਰਾਏ ਜਸਵਾਲ 'ਪਾਰਸ' ਜੀ ਦੀ ਬੰਦਿਸ਼ "ਚਲ ਰੇ ਮਨਾ ਦੇਸ ਪੀਆ ਕੇ, ਜਾਏ ਕਹੋਂ ਦੁਖਵਾ ਜੀਆ ਕੇ" ਅਤੇ ਤਰਾਨਾ ਦਾ ਗਾਇਨ ਕਰ ਕੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਇਨ੍ਹਾਂ ਦੇ ਨਾਲ ਪੰਡਿਤ ਉਮ ਪ੍ਰਕਾਸ਼ ਥਾਪਰ ਜੀ ਨੇ ਤਬਲੇ ਅਤੇ ਸ੍ਰੀ ਮੋਨੂ ਮਿੱਤਲ ਨੇ ਹਾਰਮੋਨੀਅਮ ਤੇ ਸੰਗਤ ਕੀਤੀ।

ਅਜੇ ਸਵਾ ਸੱਤ ਹੀ ਵੱਜੇ ਸਨ ਜਦੋਂ ਪੂਰਾ ਹਾਲ ਸਰੋਤਿਆਂ ਨਾਲ ਭਰ ਚੁੱਕਾ ਸੀ। ਗਾਇਨ ਪ੍ਰਸਤੁਤ ਕਰਨ ਲਈ ਡਾ. ਨੀਰਜ ਗਾਂਧੀ (ਗੌਰਮਿੰਗ ਕਾਲਜ, ਦੌਲਤਪੁਰ, ਹਿ.ਪ੍ਰ.) ਮੰਚ ਤੇ ਸੁਸ਼ੋਭਿਤ ਹੋਏ। ਉਨ੍ਹਾਂ ਨੇ ਆਪਣੇ ਗਾਇਨ ਦੀ ਸ਼ੁਰੂਆਤ ਰਾਗ ਬਿਹਾਗ ਵਿਚ ਦਾਦਰਾ "ਕਾਹੇ ਸਤਾਉ ਮੋਰੇ ਸਾਂਵਰੀਆ, ਮੈਂ ਤੋ ਤੋਰੇ ਦਰਸ ਕੀ ਪਿਆਸੀ" ਨਾਲ ਕੀਤੀ ਅਤੇ ਉਸ ਤੋਂ ਬਾਅਦ ਉਸਤਾਦ ਬੜੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਬਹੁਤ ਪ੍ਰਸਿੱਧ ਅਤੇ ਲੋਕਪ੍ਰਿਯ ਰਚਨਾ "ਯਾਦ ਪੀਆ ਕੀ ਆਏ, ਯੇ ਦੁਖ ਸਹਾ ਨਹੀਂ ਜਾਏ" ਦਾ ਮਧੁਰ ਗਾਇਨ ਕਰ ਕੇ ਸਰੋਤਿਆਂ ਨੂੰ ਰਸਵਿਭੋਰ ਕਰ ਦਿੱਤਾ। ਇਨ੍ਹਾਂ ਦੇ ਨਾਲ ਪਟਿਆਲਾ ਤੋਂ ਆਏ ਹੋਏ ਸ੍ਰੀ ਰਾਜਵਿੰਦਰ ਸਿੰਘ ਨੇ ਤਬਲੇ ਤੇ ਸ਼ਲਾਘਾਯੋਗ ਸੰਗਤ


NamdhariElibrary@gmail.com

ਕੀਤੀ।

ਇਸ ਤੋਂ ਬਾਅਦ ਛੋਟੀ ਉਮਰ ਵਿਚ ਹੀ ਆਲ ਇੰਡੀਆ ਰੇਡੀਉ ਵਲੋਂ ਏ-ਗਰੇਡ ਹਾਸਿਲ ਕਰਨ ਵਾਲੇ, ਆਈ. ਸੀ. ਸੀ. ਆਰ. ਦੇ ਮਾਨਤਾ ਪ੍ਰਾਪਤ ਕਲਾਕਾਰ ਸ੍ਰੀ ਜੈ ਦੇਵ (ਪੰਜਾਬੀ ਯੂਨੀਵਰਸਿਟੀ, ਪਟਿਆਲਾ) ਆਪਣੇ ਸ਼ਾਗਿਰਦ ਸ੍ਰੀ ਰਾਜਵਿੰਦਰ ਸਿੰਘ ਨਾਲ ਤਬਲਾ ਜੁਗਲਬੰਦੀ ਪੇਸ਼ ਕਰਨ ਲਈ ਮੰਚ ਤੇ ਤਸ਼ਰੀਫ਼ ਲਿਆਏ। ਸ੍ਰੀ ਜੈਦੇਵ ਅਤੇ ਸ੍ਰੀ ਰਾਜਵਿੰਦਰ ਸਿੰਘ ਨੇ ਤੀਨ ਤਾਲ ਦੇ ਅੰਤਰਗਤ ਪੇਸ਼ਕਾਰ ਤੋਂ ਬਾਅਦ ਪੰਜਾਬ ਘਰਾਣੇ ਦੀ ਖ਼ਾਸ ਪੇਸ਼ਕਸ਼ ਖੰਡ ਜਾਤੀ ਦੀ ਬੜ੍ਹਤ, ਕਾਇਦੇ, ਕੁਛ ਬੰਦਿਸ਼ਾਂ ਅਤੇ ਰੇਲਾ ਪੇਸ਼ ਕਰਦੇ ਸਮੇਂ ਐਸੇ ਸੰਗੀਤਕ ਵਾਤਾਵਰਣ ਦੀ ਸਿਰਜਣਾ ਕੀਤੀ ਕਿ ਸਰੋਤੇ ਵਾਹ ਵਾਹ ਕਰਦੇ ਰਹੇ, ਗੱਲ ਕੀ ਮਹਿਫ਼ਲ ਲੁੱਟਣ ਵਿਚ ਕੋਈ ਕਸਰ ਨਾ ਛੱਡੀ। ਇਨ੍ਹਾਂ ਦੇ ਨਾਲ ਸ੍ਰੀ ਭੀਸ਼ਮ ਸ਼ਰਮਾ ਨੇ ਹਾਰਮੋਨੀਅਮ ਤੇ ਨਗ਼ਮਾ ਦਿੱਤਾ।

ਰਾਤ ਦੇ ਲਗਭਗ ੯.੦੦ ਵੱਜ ਚੁੱਕੇ ਸਨ ਜਿਸ ਸਮੇਂ ਸੰਤ ਸਤਨਾਮ ਸਿੰਘ ਜੀ (ਡੇਰਾ ਕਿਸ਼ਨਗੜ੍ਹ ਵਾਲੇ) ਗਾਇਨ ਪ੍ਰਸਤੁਤ ਕਰਨ ਵਾਸਤੇ ਮੰਚ ਤੇ ਸੁਸ਼ੋਭਿਤ ਹੋਏ ਜੋ ਕਿ ਕਿਰਾਨਾ ਘਰਾਣੇ ਦੇ ਪ੍ਰਤਿਨਿਧੀ ਕਲਾਕਾਰ ਪੰਡਿਤ ਮਨੀ ਪ੍ਰਸ਼ਾਦ ਜੀ ਦੇ ਸ਼ਾਗਿਰਦ ਹਨ। ਉਨ੍ਹਾਂ ਦੇ ਨਾਲ ਤਬਲੇ ਤੇ ਸੰਗਤ ਕਰਨ ਲਈ ਅਜਰਾੜਾ ਘਰਾਣੇ ਦੇ ਪ੍ਰਸਿੱਧ ਤਬਲਾ ਨਵਾਜ਼ ਉਸਤਾਦ ਅਕਰਮ ਖਾਨ ਅਤੇ ਹਾਰਮੋਨੀਅਮ ਤੇ ਸੰਗਤ ਕਰਨ ਲਈ ਬਨਾਰਸ ਘਰਾਣੇ ਦੇ ਕਲਾਕਾਰ ਸ੍ਰੀ ਵਿਨੇ ਮਿਸ਼ਰਾ ਮੰਚ ਤੇ ਤਸ਼ਰੀਫ਼ ਲਿਆਏ ਸੰਤ ਸਤਨਾਮ ਸਿੰਘ ਜੀ ਨੇ ਰਾਗ ਪੂਰੀਆ ਕਲਿਆਣ ਨਾਲ ਆਪਣੇ ਗਾਇਨ ਦੀ ਸ਼ੁਰੂਆਤ ਕੀਤੀ। ਵਿਲੰਬਿਤ ਏਕ ਤਾਲ ਵਿਚ "ਆਜ ਸੋ ਬੇਨਾ ਬਨ ਆਇਉਂ, ਲਾਡ ਲਡਾਵਣ ਹੇ ਰੀ ਮਾਈ" ਅਤੇ ਦਰੁਤ ਖ਼ਿਆਲ ਤੀਨ ਤਾਲ ਵਿਚ "ਉਨ ਬਿਨ ਕਲ ਨ ਪਰੇ, ਤਰਪਤ ਬੀਤੀ ਮੋਰੀ ਰਤੀਆਂ" ਪੇਸ਼ ਕੀਤਾ ਉਸ ਤੋਂ ਬਾਅਦ ਰਾਗ ਦੇਸ ਵਿਚ ਇਕ ਠੁਮਰੀ ਮੱਧ ਲੈਯ ਤੀਨ ਤਾਲ ਵਿਚ "ਸਾਵਨ ਝਰਿ ਲਾਗੀ, ਮੋਰੇ ਪੀਆ ਨਾਹੀ ਮੋਰੇ ਪਾਸ" ਦਾ ਗਾਇਨ ਕਰ ਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ ਸਰੋਤਿਆਂ ਵਲੋਂ ਉਨਾਂ ਦੇ ਗਾਇਨ ਦੀ ਖ਼ੂਬ ਪ੍ਰਸ਼ੰਸਾ ਕੀਤੀ ਗਈ ਉਸਤਾਦ ਅਕਰਮ ਖਾਨ ਅਤੇ ਸ੍ਰੀ ਵਿਨੇ ਮਿਸ਼ਰਾ ਨੇ ਵੀ ਸੰਗਤ ਕਰਦੇ ਸਮੇਂ ਖ਼ੂਬ ਵਾਹ ਵਾਹ ਹਾਸਿਲ ਕੀਤੀ।

ਪ੍ਰੋਗਰਾਮ ਦੀ ਅੰਤਿਮ ਪੇਸ਼ਕਸ਼ ਸਿਤਾਰ ਜੁਗਲਬੰਦੀ ਪ੍ਰਸਤੁਤ ਕਰਨ ਲਈ ਪੰਡਿਤ ਮਨੂ ਸੀਨ ਅਤੇ ਉਨਾਂ ਦਾ ਸਪੁੱਤਰ ਰਿਸ਼ਭ ਸੀਨ ਮੰਚ ਤੇ ਸੁਸ਼ੋਭਿਤ ਹੋਏ ਪੰਡਿਤ ਮਨੂ ਸੀਨ ਆਕਾਸ਼ਵਾਣੀ, ਜਲੰਧਰ ਦੇ ਸਟਾਫ਼ ਕਲਾਕਾਰ ਹਨ ਉਨ੍ਹਾਂ ਨੂੰ ਇਸੇ ਸਾਲ ਆਕਾਸ਼ਵਾਣੀ ਦੇ ਮਯੂਜ਼ਿਕ ਆਡੀਸ਼ਨ ਬੋਰਡ, ਦਿੱਲੀ ਵਲੋਂ ਟਾਪ-ਗਰੇਡ ਕਲਾਕਾਰ ਹੋਣ ਦਾ ਸਨਮਾਨ ਪ੍ਰਦਾਨ ਕੀਤਾ ਗਿਆ ਹੈ। ਇਹ ਸਨਮਾਨ ਜਿੱਥੇ ਪੰਜਾਬ ਵਿਚ ਪਹਿਲੀ ਵਾਰ ਕਿਸੇ ਵਾਦਕ ਕਲਾਕਾਰ ਨੂੰ ਪ੍ਰਦਾਨ ਕੀਤਾ ਗਿਆ ਉੱਥੇ ਆਕਾਸ਼ਵਾਣੀ, ਜਲੰਧਰ ਦੇ ਵੀ ਉਹ ਪਹਿਲੇ ਸਟਾਫ਼ ਕਲਾਕਾਰ ਹਨ ਜਿਨਾਂ ਨੂੰ ਇਹ ਸਨਮਾਨ ਹਾਸਿਲ ਹੋਇਆ ਹੈ ਜੋ ਕਿ ਪੰਜਾਬ ਅਤੇ ਪੰਜਾਬੀਆਂ ਲਈ ਬੜੇ ਫ਼ਖ਼ਰ ਵਾਲੀ ਗੱਲ ਹੈ ਇਨ੍ਹਾਂ ਦੇ ਨਾਲ ਤਬਲੇ ਤੇ ਸੰਗਤ ਕਰਨ ਲਈ ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ ਨਵਾਜ਼ ਪੰਡਿਤ ਕਾਲੇ ਰਾਮ ਤੇ ਉਨ੍ਹਾਂ ਦੇ ਸ਼ਾਗਿਰਦ ਸ੍ਰੀ ਸੁਭਾਸ਼ ਚੰਦਰ ਮੰਚ ਤੇ ਸੁਸ਼ੋਭਿਤ ਹੋਏ ਪੰਡਿਤ ਮਨੂ ਸੀਨ ਅਤੇ ਰਿਸ਼ਭ ਸੀਨ ਨੇ ਸਿਤਾਰ ਤੇ ਰਾਗ ਦੇਸ ਵਿਚ ਆਲਾਪ, ਜੋੜ ਆਲਾਪ ਅਤੇ ਜੋੜ ਝਾਲਾ ਤੋਂ ਬਾਅਦ ਮੱਧ ਲੈਅ ਦੀ ਗਤ ਝੱਪ ਤਾਲ ਵਿਚ ਅਤੇ ਦਰੁਤ ਲੈਅ ਦੀ ਗਤ ਤੀਨ ਤਾਲ ਵਿਚ ਪੇਸ਼ ਕੀਤੀ ਛੋਟੀ ਉਮਰ ਵਿਚ ਹੀ ਰਿਸ਼ਭ ਸੀਨ ਦੇ ਵਾਦਨ ਵਿਚ ਇਕ ਨਿਪੁੰਨ ਕਲਾਕਾਰ ਦੇ ਸਾਰੇ ਗੁਣ ਦ੍ਰਿਸ਼ਟੀਗੋਚਰ ਹੋ ਰਹੇ ਸਨ ਇਸ ਤੋਂ ਬਾਅਦ ਰਾਗ ਮਿਸ਼ਰ ਭੈਰਵੀ ਵਿਚ ਬਾਬਾ ਬੁੱਲੇ ਸ਼ਾਹ ਦੀ ਕਾਫ਼ੀ "ਆਵੋ ਨੀ ਸਈ ਰਲ ਦੇਉ ਨੀ ਵਧਾਈ, ਮੈਂ ਵਰ ਪਾਇਆ ਰਾਂਝਣ ਮਾਹੀ" ਪੇਸ਼ ਕਰ ਕੇ ਸਰੋਤਿਆਂ ਤੇ ਆਪਣੀ ਕਲਾ ਦੀ ਛਾਪ ਛੱਡੀ। ਪੰਡਿਤ ਮਨੂ ਸੀਨ ਤੇ ਰਿਸ਼ਭ ਸੀਨ ਦੀ




ਸ੍ਰੀ ਮਨੂ ਸੀਨ, ਰਿਸ਼ਭ ਸੀਨ, ਪੰਡਿਤ ਓਮ ਪ੍ਰਕਾਸ਼ ਥਾਪਰ ਅਤੇ ਸ੍ਰੀ ਕਾਲੇ ਰਾਮ ਜੀ ਨੂੰ ਸਨਮਾਨਿਤ ਕਰਦੇ ਹੋਏ। ਸ. ਬੇਅੰਤ ਸਿੰਘ ਸਰਹੱਦੀ, ਸ. ਸ਼ਿਵਦੇਵ ਸਿੰਘ ਅਤੇ ਸ੍ਰੀ ਸਤਨਾਮ ਸਿੰਘ ਮਾਣਕ



NamdhariElibrary NamdhariElibrary@gmail.com




ਉਸਤਾਦ ਲਛਮਣ ਸਿੰਘ ਸੀਨ ਜੀ ਨੂੰ ਪੰਡਿਤ ਬਲਵੰਤ ਰਾਏ ਜਸਵਾਲ ਪੁਰਸਕਾਰ ਭੇਟ ਕਰਦੇ ਹੋਏ ਸ੍ਰੀਮਤੀ ਪੂਰਨਿਮਾ ਬੇਰੀ, ਸ. ਸਤਨਾਮ ਸਿੰਘ ਮਾਣਕ ਅਤੇ ਜਸਵਾਲ ਪਰਿਵਾਰ

ਸਿਤਾਰ ਅਤੇ ਪੰਡਿਤ ਕਾਲੇ ਰਾਮ ਤੇ ਸੁਭਾਸ਼ ਚੰਦਰ ਦੀ ਤਬਲਾ ਸੰਗਤ ਨੇ ਅਜਿਹਾ ਅਲੌਕਿਕ ਵਾਤਾਵਰਣ ਸਿਰਜਿਆ ਜਿਸਨੇ ਸਮਾਗਮ ਦੀ ਸਫ਼ਲਤਾ ਨੂੰ ਸਿਖ਼ਰ ਤੇ ਪੁਚਾ ਦਿੱਤਾ।

'ਪੰਡਿਤ ਬਲਵੰਤ ਰਾਏ ਜਸਵਾਲ ਸੰਗੀਤ ਪੁਰਸਕਾਰ' ਪੰਜਾਬ ਘਰਾਣੇ ਦੇ ਪ੍ਰਸਿੱਧ ਸੰਗੀਤਕਾਰ ਉਸਤਾਦ ਲਛਮਣ ਸਿੰਘ ਸੀਨ ਜੀ ਨੂੰ ਪ੍ਰਦਾਨ ਕੀਤਾ ਗਿਆ ਜਿਸ ਵਿਚ ਇੱਕ ਸ਼ਾਲ, ਯਾਦਗਾਰੀ ਚਿੰਨ੍ਹ ਅਤੇ ਨਕਦ ਰਾਸ਼ੀ ਸ਼ਾਮਿਲ ਸਨ। ਪ੍ਰੋਗਰਾਮ ਦੇ ਮੁੱਖ ਮਹਿਮਾਨ ਸ੍ਰੀਮਤੀ ਪੂਰਨਿਮਾ ਬੇਰੀ ਨੇ ਸਮਾਗਮ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅੱਜ ਜਿੱਥੇ ਅਸੀਂ ਪੰਡਿਤ ਬਲਵੰਤ ਰਾਏ ਜਸਵਾਲ ਜੀ ਨੂੰ ਸ਼ਰਧਾਂਜਲੀ ਦੇ ਰਹੇ ਹਾਂ ਉਥੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ਾਸਤਰੀ ਸੰਗੀਤ ਨਾਲ ਜੋੜਨ ਦਾ ਕੰਮ ਵੀ ਕਰ ਰਹੇ ਹਾਂ। ਪ੍ਰਸਿੱਧ ਪੱਤਰਕਾਰ ਅਤੇ ਅਜੀਤ ਦੇ ਕਾਰਜਕਾਰੀ ਸੰਪਾਦਕ ਸ੍ਰ. ਸਤਨਾਮ ਸਿੰਘ ਮਾਣਕ ਨੇ ਆਪਣੇ ਸੰਬੋਧਨ ਵਿਚ ਪਾਰਸ ਕਲਾ ਮੰਚ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਸ੍ਰ. ਬੇਅੰਤ ਸਿੰਘ ਸਰਹੱਦੀ, ਮੁਖ ਸੰਪਾਦਕ ਵੀਕਲੀ ਸਿਮਰਨ ਨੇ ਕਿਹਾ ਕਿ ਸੰਗੀਤ ਪ੍ਰਮਾਤਮਾ ਦੀ ਦੇਣ ਹੈ ਅਤੇ ਸਾਡੀ ਰੂਹ ਦੀ ਖ਼ੁਰਾਕ ਹੈ। ਸ੍ਰੀਮਤੀ ਪੂਰਨਿਮਾ ਬੇਰੀ, ਸ੍ਰ. ਸਤਨਾਮ ਸਿੰਘ ਮਾਣਕ, ਸ੍ਰੀਮਤੀ ਸਾਮਰਿਚਾ ਅਰੋੜਾ, ਸ੍ਰ. ਬੇਅੰਤ ਸਿੰਘ ਸਰਹੱਦੀ ਅਤੇ ਸ੍ਰ. ਆਤਮ ਪ੍ਰਕਾਸ਼ ਸਿੰਘ ਦਾ ਸਭਾ ਵਲੋਂ ਸਨਮਾਨ ਕੀਤਾ ਗਿਆ। ਪੰਡਿਤ ਬਲਵੰਤ ਰਾਏ ਜਸਵਾਲ ਜੀ ਦੇ ਪਰਿਵਾਰ ਵਲੋਂ ਪਾਰਸ ਕਲਾ ਮੰਚ ਦੇ ਸੰਸਥਾਪਕ ਪੰਡਿਤ ਉਮ ਪ੍ਰਕਾਸ਼ ਥਾਪਰ ਅਤੇ ਪ੍ਰਧਾਨ ਸ੍ਰੀ ਦੀਪਕ ਬਾਲੀ ਨੂੰ ਸਨਮਾਨਿਤ ਕੀਤਾ ਗਿਆ।

ਪੰਡਿਤ ਬਲਵੰਤ ਰਾਏ ਜਸਵਾਲ ਜੀ ਦੀ ਸਪੁੱਤਰੀ ਸ੍ਰੀਮਤੀ ਸੁਰਧਨੀ ਅਰੋੜਾ, ਮੁਖੀ ਸੰਗੀਤ ਵਿਭਾਗ, ਗੋਪੀ ਚੰਦ ਆਰੀਆ ਮਹਿਲਾ ਕਾਲਜ, ਅਬੋਹਰ ਨੇ ਸਮਾਗਮ ਵਿਚ ਆਏ ਹੋਏ ਸਾਰੇ ਫ਼ਨਕਾਰਾਂ, ਮਹਿਮਾਨਾਂ ਅਤੇ ਸੰਗੀਤ ਪ੍ਰੇਮੀਆਂ ਦਾ ਧੰਨਵਾਦ ਕੀਤਾ ਅਤੇ ਸਭਾ ਦੇ ਸਮੂਹ ਮੈਂਬਰਾਂ ਨੂੰ ਸਮਾਗਮ ਦੀ ਵਧਾਈ ਦਿੱਤੀ। ਮੰਚ ਸੰਚਾਲਨ ਦੀ ਸੇਵਾ ਪਾਰਸ ਕਲਾ ਮੰਚ ਦੇ ਜਨਰਲ ਸੈਕਟਰੀ ਸ੍ਰੀ ਸੰਗਤ ਰਾਮ, ਪ੍ਰੋ. ਪੂਨਮ ਸ਼ਰਮਾ ਅਤੇ ਸ੍ਰੀਮਤੀ ਬਬੀਤਾ ਸੱਗੂ ਵਲੋਂ ਸਾਂਝੇ ਤੌਰ ਤੇ ਬਾਖ਼ੂਬੀ ਨਿਭਾਈ ਗਈ ਸ੍ਰੀ ਸੰਜੇ ਅਗਨੀਹੋਤਰੀ, ਸ੍ਰ. ਸ਼ਿਵਦੇਵ ਸਿੰਘ, ਸ੍ਰੀ ਐਚ. ਵਧਵਾ, ਡਾ. ਜਗਦੀਸ਼ ਚੰਦਰ ਜੋਸ਼ੀ, ਸ੍ਰੀਮਤੀ ਸੋਨੀਆ ਬਾਲੀ, ਪ੍ਰਿੰਸੀਪਲ ਮੀਨਾ ਧਵਨ, ਸ੍ਰ. ਮੋਹਣ ਸਿੰਘ ਸਹਿਗਲ, ਸ੍ਰੀਮਤੀ ਸੁਰਿੰਦਰਜੀਤ ਕੌਰ, ਡਾ. ਨੀਲਮ ਮਹਿੰਦਰੂ, ਸ੍ਰ. ਸੁਰਜੀਤ ਸਿੰਘ ਮਾਹੀ, ਸ੍ਰੀ ਦੇਸ ਰਾਜ ਕਾਲੀ, ਸ੍ਰੀ ਦੀਪਕ ਜਲੰਧਰੀ, ਸ੍ਰ. ਗੁਰਮੀਤ ਸਿੰਘ, ਡਾ. ਜਗਮੋਹਨ ਉੱਪਲ, ਸ੍ਰ. ਗੁਰਦੀਪ ਸਿੰਘ ਐਲਖ, ਡਾ. ਅਲੰਕਾਰ ਸਿੰਘ, ਸ੍ਰ. ਸਤਬੀਰ ਸਿੰਘ, ਇਜ. ਆਰ ਪੀ ਕਾਲੀਆ, ਸ੍ਰੀ ਸਵਰਨ ਸਿੰਘ ਟਹਿਣਾ, ਸ੍ਰੀ ਮਹੇਸ਼ ਦੀਕਸ਼ਤ ਅਤੇ ਸ੍ਰ. ਮਨਜੀਤ ਸਿੰਘ ਦੁਆਰਾ ਸਾਰੇ ਕਲਾਕਾਰਾਂ ਨੂੰ ਸਭਾ ਵਲੋਂ ਸਨਮਾਨਿਤ ਕੀਤਾ ਗਿਆ। ਪ੍ਰੋ. ਕਿਰਪਾਲ ਸਿੰਘ, ਉਸਤਾਦ ਮੋਹਨ ਮਲਸਿਆਨੀ, ਡਾ. ਵਰਿੰਦਰ ਕੁਮਾਰ, ਸ੍ਰ. ਗੁਰਦਿਆਲ ਸਿੰਘ, ਸ੍ਰ. ਕੁਲਵਿੰਦਰ ਸਿੰਘ, ਸ੍ਰ. ਭੁਪਿੰਦਰ ਸਿੰਘ, ਸ੍ਰੀ ਉਮ ਪ੍ਰਕਾਸ਼ ਸਰੰਗਲ, ਸ੍ਰੀ ਜਗਦੀਪ ਬਾਵਰਾ, ਸ੍ਰੀ ਪਦਮ ਰੌਸ਼ਨ, ਸ੍ਰ. ਜਤਿੰਦਰ ਪਾਲ ਸਿੰਘ ਚਿੰਕਾ, ਸ੍ਰ. ਸੁਖਦੇਵ ਸਿੰਘ ਨਾਮਧਾਰੀ, ਸ੍ਰ. ਹਰਬੰਸ ਸਿੰਘ ਅਕਸ, ਸ੍ਰ. ਮੁਖਵਿੰਦਰ ਸਿੰਘ ਸੰਧੂ, ਸ੍ਰੀ ਚਰਨ ਸੀਚੇਵਾਲਵੀ ਅਤੇ ਸ੍ਰੀ ਤੀਰਥ ਸੱਪਰਾ ਤੋਂ ਇਲਾਵਾ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੇ ਸਮਾਗਮ ਵਿਚ ਸ਼ਿਰਕਤ ਕੀਤੀ। ਪ੍ਰਮਾਤਮਾ ਅੱਗੇ ਅਰਦਾਸ ਹੈ ਕਿ ਪਾਰਸ ਕਲਾ ਮੰਚ ਦੇ ਸਮੂਹ ਮੈਂਬਰਾਂ ਨੂੰ ਹਮੇਸ਼ਾ ਚੜ੍ਹਦੀ ਕਲਾ ਬਖ਼ਸ਼ੇ ਤਾਂ ਜੋ ਇਹ ਇਸੇ ਤਰ੍ਹਾਂ ਸੰਗੀਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਉਪਰਾਲੇ ਕਰਦੇ ਰਹਿਣ।

*ਡਾਇਰੈਕਟਰ, ਪਾਰਸ ਕਲਾ ਮੰਚ, ਜਲੰਧਰ*
*ਲੈਕਚਰਾਰ ਸੰਗੀਤ (ਵਾਦਨ ਵਿਭਾਗ),*
*ਗੌਰਮਿੰਟ ਕਾਲਜ, ਅਮ੍ਰਿਤਸਰ*

## ਅਨੰਦ ਕਾਰਜ ਰਸਮ ਦੇ ੧੫੦ ਸਾਲਾ ਪੁਰਬ ਦਾ ਪ੍ਰਾਰੰਭ

### ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿਚ ਸੂਬਾ ਪੱਧਰੀ ਸਮਾਗਮ ਆਯੋਜਿਤ

*—ਡਾ. ਲਖਵੀਰ ਸਿੰਘ*

ਪਿੰਡ ਖੋਟਿਆਂ ਦਾ ਨਾਂਅ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿਚ ਅੰਕਿਤ ਹੈ। ਜਦੋਂ ਜੰਮਦੀਆਂ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ, ਤੌੜੇ ਵਿਚ ਪਾ ਕੇ ਧਰਤੀ ਵਿਚ ਨੱਪ ਦਿੱਤਾ ਜਾਂਦਾ ਸੀ, ਕੁੜੀਆਂ ਦਾ ਵੱਟਾ ਸੱਟਾ ਕੀਤਾ ਜਾਂਦਾ ਸੀ ਅਤੇ ਪੈਸੇ ਲੈ ਕੇ ਮਾਪਿਆਂ ਵਲੋਂ ਕੁੜੀਆਂ ਨੂੰ ਧਨਾਢਾਂ ਅਤੇ ਬੁਢਿਆਂ ਕੋਲ ਵੇਚ ਦਿੱਤਾ ਜਾਂਦਾ ਸੀ ਉਸ ਸਮੇਂ ਔਰਤ ਜਾਤੀ ਦੀ ਮਾੜੀ ਸਥਿਤੀ ਨੂੰ ਉੱਚਾ ਚੁੱਕਣ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਇਤਿਹਾਸ ਵਿਚ ਪਹਿਲੀ ਵੇਰ ੧ ਜੂਨ ੧੮੬੩ ਈਸਵੀ ਨੂੰ ਜਿਥੇ ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦੀ ਕ੍ਰਿਪਾ ਕੀਤੀ ਉਥੇ ੩ ਜੂਨ ੧੮੬੩ ਈ. ਨੂੰ ਦਾਜ ਦਹੇਜ ਨਾਲ ਲਬਰੇਜ਼, ਫੋਕੀਆਂ ਅਤੇ ਪੰਡਿਤ ਪ੍ਰੋਹਤਾਂ ਵੱਲੋਂ ਮਹਿੰਗੀਆਂ ਕੀਤੀਆਂ ਵਿਆਹ ਰਸਮਾਂ ਵਿਰੁੱਧ ਇਕ ਪ੍ਰਭਾਵਸ਼ਾਲੀ ਆਵਾਜ਼ ਬੁਲੰਦ ਕੀਤੀ। ਇਸ ਦਿਨ ਤੇ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੇ ਵਿਖੇ ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹ ਕੇ, ਬੇਦੀ ਗੱਡ ਕੇ ਸਾਦੇ ਵਿਆਹਾਂ ਦਾ ਪ੍ਰਚਲਣ ਕੀਤਾ ਜਿਸਨੂੰ ਅਨੰਦ ਕਾਰਜ ਦਾ ਨਾਂਅ ਦਿੱਤਾ ਗਿਆ। ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਪਿੰਡ ਖੋਟੇ ਵਿਖੇ ਅਨੰਦ ਕਾਰਜ ਦੇ ੧੦੦ ਸਾਲਾ ਦਿਵਸ ਤੇ ਭਾਰੀ ਸਮਾਗਮ ਹੋਇਆ। ਇਸ ਸਮਾਗਮ ਵਿਚ ਸਤਿਗਰੂ ਜੀ ਵਲੋਂ ਇਕੱਠੇ ੧੫੦ ਅਨੰਦ ਕਾਰਜ ਕੀਤੇ ਗਏ। ੪ ਜੁਲਾਈ ੧੯੯੯ ਦਾ ਦਿਨ ਹੋਰ ਵੀ ਮਹੱਤਤਾ ਵਾਲਾ ਸੀ ਜਦੋਂ ਸਤਿਗੁਰੂ ਜਗਜੀਤ ਸਿੰਘ ਨੇ ਪਿੰਡ ਖੋਟੇ ਵਿਖੇ ਇਮਾਰਤ ਦੀ ਉਸਾਰੀ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ।

੧੩ ਜੂਨ ੨੦੧੩ ਨੂੰ ਅਨੰਦ ਕਾਰਜ ਦਿਵਸ ਦਾ ੧੫੦ ਸਾਲਾ ਆਰੰਭ ਹੋਣ ਨਾਲ ਇਹ ਇਤਿਹਾਸਕ ਪਿੰਡ ਹੋਰ ਵੀ ਵਡਭਾਗਾ ਹੋ ਗਿਆ ਜਦੋਂ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਪਿੰਡ ਖੋਟੇ ਵਿਖੇ ਇਕ ਭਾਰੀ ਰਾਜ ਪੱਧਰੀ ਸਮਾਗਮ ਆਯੋਜਿਤ ਕੀਤਾ ਗਿਆ। ੧੩ ਜੂਨ ਨੂੰ ਅੰਮ੍ਰਿਤ ਵੇਲੇ ਤੋਂ ਆਸਾ ਜੀ ਦੀ ਵਾਰ ਦਾ ਕੀਰਤਨ ਸੰਤ ਪ੍ਰੀਤਮ ਸਿੰਘ ਸਹਿਣੇ ਵਾਲੇ ਅਤੇ ਉਹਨਾਂ ਦੇ ਜੱਥੇ ਵੱਲੋਂ ਕੀਤਾ ਗਿਆ।

ਸਤਿਗੁਰੂ ਉਦੇ ਸਿੰਘ ਜੀ ਦੇ ਖੋਟੇ ਵਿਖੇ ਪਧਾਰਨ ਸਮੇਂ ਪ੍ਰਭੂ ਵੀ ਦਿਆਲ ਹੋ ਗਿਆ। ਮਾਲਵੇ ਦੀ ਧਰਤੀ ਗਰਮੀ ਅਤੇ ਔੜ ਨਾਲ ਤਰ੍ਹਾਂ ਤਰ੍ਹਾਂ ਕਰ ਰਹੀ ਸੀ। ਉਹਨਾਂ ਦੇ ਆਉਂਦਿਆਂ ਹੀ ਤੱਪਦਾ ਚੁਫੇਰਾ ਠੰਡ ਵਿਚ ਬਦਲ ਗਿਆ ਅਤੇ ਪਿਆਸੀ ਧਰਤੀ ਮੀਂਹ ਨਾਲ ਤ੍ਰਿਪਤ ਹੋ ਗਈ।

ਸਤਿਗੁਰੂ ਜੀ ਦਾ ਇਲਾਕੇ ਦੀ ਸੰਗਤ ਵਲੋਂ ਫੁੱਲਾਂ ਨਾਲ ਸਵਾਗਤ ਕੀਤਾ ਗਿਆ। ਸਤਿਗੁਰੂ ਜੀ ਨੇ ਪ੍ਰਵੇਸ਼ ਕਰਦਿਆਂ ਹੀ ਪ੍ਰਦਰਸ਼ਨੀ ਵਿਚ ਚਰਨ ਪਾਏ ਅਤੇ ਸੰਤ ਹਰਪਾਲ ਸਿੰਘ ਸੇਵਕ ਨਾਲ ਪ੍ਰਦਰਸ਼ਨੀ ਸਬੰਧੀ ਬਚਨ ਕੀਤੇ। ਦਿਵਾਨ ਹਾਲ ਵਿਚ ਸਤਿਗੁਰੂ ਜੀ ਦੇ ਪ੍ਰਵੇਸ਼ ਕਰਨ ਸਮੇਂ ਮਾਹੌਲ ਜੈਕਾਰਿਆਂ ਨਾਲ ਗੂੰਜ ਉਠਿਆ।

ਸਤਿਗੁਰੂ ਜੀ ਦੇ ਆਸਣ ਤੇ ਸੁਸ਼ੋਭਿਤ ਹੁੰਦਿਆਂ ਹੀ ਭੈਣੀ ਸਾਹਿਬ ਦੇ ਬੱਚਿਆਂ ਵੱਲੋਂ ਸ਼ਬਦ ਕੀਰਤਨ ਅਰੰਭ ਹੋਇਆ। ਬੱਚਿਆਂ ਵਲੋਂ ਇਤਿਹਾਸ ਨਾਲ ਸਬੰਧਿਤ ਕਵਿਤਾਵਾਂ ਪੜ੍ਹੀਆਂ ਗਈਆਂ। ਸੰਤ ਹਰਪਾਲ ਸਿੰਘ ਜੀ ਵਲੋਂ ਪਤਵੰਤਿਆਂ ਲਈ ਸਵਾਗਤੀ ਸ਼ਬਦ ਆਖੇ ਗਏ। ਇਸ ਸਮੇਂ ਸ੍ਰੀ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਜਨਰਲ ਸਕੱਤਰ ਨਿਰਮਲ ਮਹਾਂ ਮੰਡਲ ਭਾਰਤ ਵਲੋਂ ਸਤਿਗੁਰੂ ਜੀ ਨੂੰ ਆਪਣੇ ਗ੍ਰੰਥ ਭੇਟ ਕੀਤੇ ਗਏ। ਡਾ. ਲਖਵੀਰ ਸਿੰਘ ਰਾਮਪੁਰਾ ਫੂਲ ਵਲੋਂ "ਪੰਜਾਬੀ ਸੱਥ" ਵੱਲੋਂ ਵਿਆਹ ਰਸਮਾਂ ਸਬੰਧੀ ਛਾਪੀ ਇਕ ਕਿਤਾਬ "ਜੋੜੀਆਂ ਜੱਗ ਥੋੜ੍ਹੀਆਂ" ਸਤਿਗੁਰੂ ਜੀ ਨੂੰ ਭੇਟ ਕੀਤੀ ਗਈ।

ਇਸ ਸਮੇਂ ਭਾਰੀ ਇਕੱਠ ਨੂੰ ਸੰਬੋਧਿਤ ਹੁੰਦਿਆਂ ਚਰਚਿਤ ਉੱਘੇ ਇਤਿਹਾਸਕਾਰ ਡਾ. ਗੁਰਦੇਵ ਸਿੰਘ (ਵਾਈਸ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ) ਨੇ ਆਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਇਕ ਵੱਡੇ ਦਾਰਸ਼ਨਿਕ ਸਨ ਜਿਨ੍ਹਾਂ ਜੰਮਦੀਆਂ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਵਿਰੁੱਧ ਉਸ ਸਮੇਂ ਆਵਾਜ਼ ਬੁਲੰਦ ਕੀਤੀ ਜਦੋਂ ਸਮਾਜ ਦਾ ਇਕ ਵੀ ਆਦਮੀ ਇਸ ਕੁਰੀਤੀ ਵਿਰੁੱਧ ਉਂਗਲ ਵੀ ਨਹੀਂ ਉਠਾ ਸਕਦਾ ਸੀ। ਉਸ ਸਮੇਂ ਸਮਾਜ ਦਾ ਮਾਨਸਿਕ ਪੱਧਰ ਉਸ ਸਮੇਂ ਦੀਆਂ ਅਪਰਾਧਿਕ ਰਸਮਾਂ ਨੂੰ ਕਾਨੂੰਨੀ ਅਧਿਕਾਰ ਅਤੇ ਪਾਪ ਪੁੰਨ ਨਾਲ ਤੋਲਦਾ ਸੀ। ਉਹਨਾਂ ਆਖਿਆ ਕਿ ਅਸੀਂ ਅੱਜ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਮਰਯਾਦਾਵਾਂ ਨੂੰ ਅਪਣਾ ਲਈਏ ਤਾਂ ਵੱਡੇ-ਵੱਡੇ ਦੇਸ਼ ਭਾਰਤ ਨਾਲੋਂ ਪਿੱਛੇ ਰਹਿ ਜਾਣਗੇ।

ਇਸ ਸਮੇਂ ਉੱਘੇ ਇਤਿਹਾਸਕਾਰ ਨਿਰਮਲ ਮਹਾਂਮੰਡਲ ਭਾਰਤ ਦੇ ਜਨਰਲ ਸਕੱਤਰ ਸ੍ਰੀ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਨੇ ਆਖਿਆ ਕਿ ਪਦਮ ਵਿਭੂਸ਼ਿਤ ਸਤਿਗੁਰੂ ਰਾਮ ਸਿੰਘ ਮਹਾਰਾਜ ਨੇ ਇਸ ਖੋਟੇ ਪਿੰਡ ਤੋਂ ਉਸ ਪਵਿੱਤਰ ਅਨੰਦ ਕਾਰਜ ਦੀ ਰਸਮ ਦਾ ਆਗਾਜ਼ ਕੀਤਾ ਜਿਸ ਨਾਲ ਇਹ ਨਗਰੀ ਅਤੇ ਮਹਾਂ ਪੰਜਾਬ ਹੀ ਇਕ ਅਖੌਤੀ ਵਿਆਹਾਂ ਦੀ ਪਾਖੰਡੀ ਜਿਲ੍ਹਤ ਵਿਚੋਂ ਨਹੀਂ ਨਿਕਲਿਆ ਸਗੋਂ ਪੂਰੀ ਸਿੱਖ ਕੌਮ ਨੂੰ ਆਪਣੇ ਵਿਆਹ ਆਪ ਕਰਨ ਦੀ ਇਕ ਅਨੋਖੀ ਆਜ਼ਾਦੀ ਪ੍ਰਾਪਤ ਹੋਈ। ਉਹਨਾਂ ਇਹ ਵੀ ਆਖਿਆ ਕਿ ਪਦਮ ਵਿਭੂਸ਼ਿਤ ਸਤਿਗੁਰੂ ਪ੍ਰਤਾਪ ਸਿੰਘ ਮਹਾਰਾਜ ਨੇ ਇਸ ਪਿੰਡ ਦਾ ਨਾਂਅ ਖੋਟੇ ਤੋਂ ਬਦਲ ਕੇ ਹਰੀਪੁਰਾ ਰੱਖ ਦਿੱਤਾ ਸੀ ਕਿਉਂਕਿ ਇਥੋਂ ਅਨੰਦ ਕਾਰਜ ਦੀ ਰਸਮ ਦੀ ਪੈਦਾਵਰ ਹੋਈ ਸੀ।

ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ ਖੋਟੇ ਨੇ ਆਖਿਆ ਕਿ ਪਿੰਡ ਖੋਟੇ ਦੁਨੀਆਂ ਦਾ ਉਹ ਮਹਾਨ ਨਗਰ ਹੈ ਜਿਥੋਂ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਅਨੰਦ ਕਾਰਜ ਰਸਮ ਅੱਜ ਦੁਨੀਆਂ ਦੇ ਕੋਨੇ ਕੋਨੇ ਵਿਚ ਫੈਲ ਗਈ ਹੈ ਪਰ ਚੰਗਾ ਹੋਵੇ ਜੇਕਰ ਸਾਡਾ ਸਮਾਜ ਦਾਜ ਦਹੇਜ ਛੱਡ ਕੇ ਅਨੰਦ ਕਾਰਜ ਦੀ ਰਸਮ ਨੂੰ ਉਸ ਭਾਵਨਾ ਨਾਲ ਚਲਾਏ


Namdhari Elibrary NamdhariElibrary@gmail.com

ਜਿਵੇਂ ਨਾਮਧਾਰੀ ਚਲਾ ਰਹੇ ਹਨ ਜਾਂ ਜਿਸ ਸੋਚ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਇਸਦੀ ਨੀਂਹ ਰੱਖੀ ਸੀ। ਉਹਨਾਂ ੧੦੦ ਸਾਲਾ ਅਨੰਦ ਕਾਰਜ ਰਸਮ ਦਾ ਵੀ ਵਿਖਿਆਨ ਕੀਤਾ।

ਸਮਾਗਮ ਵਿਚ ਮੀਂਹ ਕਾਰਨ ਪਛੜ ਕੇ ਪਹੁੰਚੀ ਬੀਬੀ ਪਰਮਜੀਤ ਕੌਰ ਗੁਲਸ਼ਨ ਮੈਂਬਰ ਪਾਰਲੀਮੈਂਟ ਨੇ ਆਖਿਆ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਇਸਤਰੀ ਜਾਤੀ ਨੂੰ ਮਰਦ ਦੇ ਬਰਾਬਰ ਖੜ੍ਹਾ ਕਰਨ ਲਈ ਬਹੁਤ ਉੱਚੀਆਂ ਅਤੇ ਸੁੱਚੀਆਂ ਪਿਰਤਾਂ ਪਾਈਆਂ ਹਨ ਪਰ ਜਿਨੇ ਵੱਡੇ ਕਾਰਜ ਉਹਨਾਂ ਕੀਤੇ ਅਸੀਂ ਉਹਨਾਂ ਦੇ ਕਾਰਜਾਂ ਅਤੇ ਸਬਾਨਾਂ ਨੂੰ ਉਨੇ ਉੱਚ ਪੱਧਰ ਤੇ ਸੰਭਾਲ ਨਹੀਂ ਸਕੇ। ਉਹਨਾਂ ਜ਼ੋਰ ਦੇ ਕੇ ਬੇਨਤੀ ਕੀਤੀ ਕਿ ਇਸ ਵਿਸ਼ੇਸ਼ ਦਿਨ ਤੇ ਹਰ ਸਾਲ ਪਿੰਡ ਖੋਟਿਆਂ ਵਿਚ ਅਨੰਦ ਕਾਰਜ ਹੋਣੇ ਚਾਹੀਦੇ ਹਨ। ਇਸ ਸਮੇਂ ਮਹੇਸ਼ ਇੰਦਰ ਸਿੰਘ ਨਿਹਾਲ ਸਿੰਘ ਵਾਲਾ ਐਮ.ਐਲ.ਏ. ਵੀ ਉਹਨਾਂ ਦੇ ਨਾਲ ਸਨ।

ਇਸ ਸਮੇਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਤ ਬ੍ਰਹਮ ਮੁਨੀ ਜੀ ਜਲਾਲ ਵਾਲਿਆਂ ਆਖਿਆ ਕਿ ਸਤਿਗੁਰੂ ਰਾਮ ਸਿੰਘ ਮਹਾਰਾਜ ਖੁਦ ਬ੍ਰਹਮ ਰੂਪ ਸਨ। ਪ੍ਰਮਾਤਮਾ ਦੁਨੀਆਂ ਦਾ ਕਲਿਆਣ ਮਨੁੱਖੀ ਜਾਮੇ ਵਿਚ ਆ ਕੇ ਕਰਦਾ ਹੈ। ਸਤਿਗੁਰੂ ਰਾਮ ਸਿੰਘ ਮਹਾਰਾਜ ਨੇ ਇਸਤਰੀ ਜਾਤੀ ਨੂੰ ਉੱਚਾ ਚੁੱਕਣ ਲਈ ਜਿਹੜੀਆਂ ਮਰਿਯਾਦਾਵਾਂ ਉਲੀਕੀਆਂ, ਅਨੰਦ ਕਾਰਜ ਦੀ ਰਸਮ ਦਾ ਆਗਾਜ਼ ਕੀਤਾ ਅਤੇ ਜਿਹੜਾ ਸੱਚ ਦਾ ਪ੍ਰਚਾਰ ਕੀਤਾ ਅਤੇ ਨਾ ਮਿਲਵਰਤਨ ਲਹਿਰ ਚਲਾ ਕੇ ਦੇਸ਼ ਆਜ਼ਾਦ ਕਰਾਇਆ ਉਹ ਪਾਰਬ੍ਰਹਮੀ ਅਤੇ ਅਕੱਥ ਕਥਾਵਾਂ ਹਨ। ਇਸ ਸਮੇਂ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ।

ਇਸ ਸਮੇਂ ਸਤਿਗੁਰੂ ਜੀ ਵੱਲੋਂ ਸਾਰੇ ਹੀ ਵਕਤਾਵਾਂ ਦਾ ਮਾਲਾ ਲੋਈ ਅਤੇ ਸਨਮਾਨ ਚਿੰਨ੍ਹ ਨਾਲ ਸਨਮਾਨ ਕੀਤਾ ਗਿਆ। ਇਸ ਸਮੇਂ ਬਹੁਤ ਹੀ ਸੁੰਦਰ ਅਤੇ ਇਤਿਹਾਸਕ ਪੁਸਤਕ "ਉਪਕਾਰਾਂ ਦੀ ਗਾਥਾ" ਜਿਸ ਵਿਚ ਮਾਈਆਂ ਨਾਲ ਸਬੰਧਤ ਸਤਿਗੁਰੂ ਜੀ ਦੇ ਪ੍ਰਵਚਨ ਅਤੇ ਮਨਮੋਹਕ ਯਾਦਗਾਰੀ ਤਸਵੀਰਾਂ ਹਨ ਜੋ ਸੰਤ ਹਰਪਾਲ ਸਿੰਘ ਸੇਵਕ ਅਤੇ ਅਜੀਤ ਸਿੰਘ ਲਾਇਲ ਵੱਲੋਂ ਤਿਆਰ ਕੀਤੀ ਹੋਈ ਹੈ ਸਾਰੀ ਸੰਗਤ ਵਿਚ ਵੰਡੀ ਗਈ। ਸਤਿਗੁਰੂ ਜੀ ਵੱਲੋਂ ਇਲਾਕੇ ਦੇ ਉੱਘੇ ਪੱਤਰਕਾਰ ਰਣਜੀਤ ਬਾਵਾ, ਮੁਨੀਸ਼ ਜਿੰਦਲ, ਜਸ਼ਨ ਦੂਰਦਰਸ਼ਨ ਜਲੰਧਰ, ਪੱਪੂ ਗਰਗ, ਸੁਖਜਿੰਦਰ ਸਿੰਘ, ਚਮਕੌਰ ਸਿੰਘ ਧਾਲੀਵਾਲ ਦਾ ਵੀ ਸਨਮਾਨ ਕੀਤਾ ਗਿਆ। ਅਖੀਰ ਵਿਚ ਸਾਧ ਸੰਗਤ ਦੇ ਭਲੇ ਲਈ ਸ੍ਰੀ ਸਤਿਗੁਰੂ ਜੀ ਨੇ ਪ੍ਰਵਚਨ ਕੀਤੇ।

ਸੰਤ ਜ਼ੋਰਾ ਸਿੰਘ ਹਿੰਮਤਪੁਰਾ ਅਤੇ ਸੰਤ ਗੁਰਚਰਨ ਸਿੰਘ (ਪਿੰਡ ਖੋਟੇ ਦੇ ਗੁਰਦੁਆਰਾ ਸਾਹਿਬ ਦੇ ਸੇਵਾਦਾਰ) ਜੀ ਦਾ ਵੀ ਸਤਿਗੁਰੂ ਜੀ ਵਲੋਂ ਸਨਮਾਨ ਕੀਤਾ ਗਿਆ। ਮੇਲੇ ਨੂੰ ਸਫਲ ਬਣਾਉਣ ਵਿਚ ਭਾਈ ਰੂਪਾ, ਸੈਦੋਕੇ, ਧੂਰਕੋਟ, ਰਾਮਪੁਰਾ ਫੂਲ ਅਤੇ ਹਿੰਮਤਪੁਰੇ ਦੀ ਸੰਗਤ ਨੇ ਵਿਸ਼ੇਸ਼ ਯੋਗਦਾਨ ਪਾਇਆ। ਸਮਾਗਮ ਵਿਚ ਸੰਤ ਬਲਦੇਵ ਸਿੰਘ ਕਾਕੂ, ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਸੁਰਿੰਦਰ ਸਿੰਘ ਲੁਧਿਆਣਾ, ਸੂਬਾ ਹਰਭਜਨ ਸਿੰਘ, ਸੰਤ ਗੁਰਮੁਖ ਸਿੰਘ ਰਹਿਬਰ ਸਕੱਤਰ ਨਾਮਧਾਰੀ ਦਰਬਾਰ, ਸ. ਨਿਰਮਲ ਸਿੰਘ ਭੱਟੀ, ਸੰਤ ਦਲਜੀਤ ਸਿੰਘ ਧੂਰਕੋਟ ਅਤੇ ਖੋਟੇ ਪਿੰਡ ਦੀ ਸਮੁੱਚੀ ਕਮੇਟੀ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੀ ਕਾਰਵਾਈ ਸੰਤ ਹਰਪਾਲ ਸਿੰਘ ਸੇਵਕ ਨੇ ਬਾਖੂਬੀ ਨਿਭਾਈ।

## ਬੀਬੀ ਲਖਬੀਰ ਕੌਰ ਨਮਿੱਤ ਪਾਠ ਦਾ ਭੋਗ

ਸੰਤ ਨਗਰ (ਸਿਰਸਾ)- ੨੯ ਮਈ ੨੦੧੩: ਇਥੋਂ ਦੇ ਪ੍ਰਤਾਪ ਮੰਦਰ ਵਿਖੇ ਅੱਜ ਦੁਪਹਿਰ ਬੀਬੀ ਲਖਬੀਰ ਕੌਰ ਨਮਿੱਤ ਇਕ ਸਾਧਾਰਨ ਪਾਠ ਦਾ ਭੋਗ ਪਾਇਆ ਗਿਆ ਜਿਹਨਾਂ ਦਾ ਨਿਧਨ ੨੧ ਮਈ ਨੂੰ ਸੁਬਹਾ ਤਿੰਨ ਵਜੇ ਦਿਲ ਦਾ ਦੌਰਾ ਪੈਣ ਕਾਰਨ ਹੋ ਗਿਆ ਸੀ। ਬੀਬੀ ਲਖਬੀਰ ਕੌਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦੇ ਤਦੋਕੇ ਮੁੱਖ ਪ੍ਰਬੰਧਕ ਜਥੇਦਾਰ ਗੁਰਮੁਖ ਸਿੰਘ ਝੱਬਰ ਅਤੇ ਮਾਤਾ ਪ੍ਰੀਤਮ ਕੌਰ ਦੇ ਘਰ ਮੱਘਰ ਮਹੀਨਾ ਸਾਲ ੧੯੫੨ ਈ. ਵਿਚ ਸ੍ਰੀ ਭੈਣੀ ਸਾਹਿਬ ਪੈਦਾ ਹੋਈ ਸੀ। ਉਹ ਜਥੇਦਾਰ ਜੀ ਦੇ ਪਰਿਵਾਰ ਦਾ ਸਭ ਤੋਂ ਛੋਟਾ ਜੀਅ ਸੀ। ੧੯੫੫ ਮਾਰਚ ਵਿਚ ਪਰਿਵਾਰ ਦੇ ਕਰੀਵਾਲਾ (ਸਿਰਸਾ) ਆਉਣ ਤੇ ਉਸਨੇ ਇਥੋਂ ਦੇ ਸਕੂਲ ਵਿਚ ਕੁਝ ਅੱਖਰ ਗਿਆਨ ਹਾਸਲ ਕੀਤਾ। ਸੰਨ ੧੯੬੯ ਵਿਚ ਉਸਦਾ ਅਨੰਦ ਕਾਰਜ ਗੁਰਮੀਤ ਸਿੰਘ ਪੁੱਤਰ ਸ੍ਰੀ ਗੁਰਮੁਖ ਸਿੰਘ 'ਨਾਥ' ਸੰਤ ਨਗਰ ਨਿਵਾਸੀ ਨਾਲ ਹੋਇਆ। ਬੀਬੀ ਦੇ ਤਿੰਨ ਪੁੱਤਰ ਦਿਲਬਾਗ ਸਿੰਘ, ਕੁਲਦੀਪ ਸਿੰਘ, ਹਰਪਾਲ ਸਿੰਘ ਅਤੇ ਇਕ ਪੁੱਤਰੀ ਸਰਬਜੀਤ ਕੌਰ ਹੈ। ਚਾਰੇ ਬੱਚੇ ਸ਼ਾਦੀ ਸ਼ੁਦਾ ਅਤੇ ਬਾਲ ਬੱਚੇਦਾਰ ਹਨ। ਨਾਥ ਪਰਿਵਾਰ ਦਾ ਪਿਛੋਕੜ ਸੂਫੀ ਕਵੀ ਬਾਬਾ ਹਾਸ਼ਮ ਸ਼ਾਹ ਦਾ ਜੱਦੀ ਪਿੰਡ ਜਗਦੇਅ ਕਲਾਂ (ਅੰਮ੍ਰਿਤਸਰ) ਹੈ ਅਤੇ ਉਹ ਸਤਿਗੁਰੂ ਪ੍ਰਤਾਪ ਸਿੰਘ ਦੇ ਹੁਕਮ ਅਨੁਸਾਰ ਸੰਤ ਨਗਰ ਆ ਟਿਕੇ ਸਨ ਜਿੱਥੇ ਖੇਤੀਬਾੜੀ ਨਾਲ ਉਪਜੀਵਿਕਾ ਚਲਾਉਂਦੇ ਹਨ। ਨਾਵੇਂ ਮਹੱਲੇ ਦੇ ਸਲੋਕਾਂ ਦੇ ਪਾਠ ਅਤੇ ਸੂਬਾ ਬਲਕਾਰ ਸਿੰਘ ਹੋਰਾਂ ਦੁਆਰਾ ਅੰਤਿਮ ਅਰਦਾਸ ਤੋਂ ਪਹਿਲਾਂ ਸੰਤ ਨਗਰ ਦੇ ਬੀਬੀਆਂ ਦੇ ਜਥੇ ਨੇ ਰਸ ਭਿੰਨਾ ਵੈਰਾਗਮਈ ਕੀਰਤਨ ਕੀਤਾ। ਉਪਰੰਤ ਭਾਈ ਪੰਜਾਬ ਸਿੰਘ, ਹੀਰਾ ਸਿੰਘ, ਬਲਵਿੰਦਰ ਸਿੰਘ ਹੋਰਾਂ ਦੇ ਪ੍ਰਸਿੱਧ ਕਵੀਸ਼ਰੀ ਜਥੇ ਨੇ ਮਾਝੇ ਦੀ ਵੀਰਾਂਗਣਾ ਮਾਈ ਭਾਗੋ ਅਤੇ ਟੁੱਟੀ ਗੰਢਣ ਵਾਲਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਜੀ ਨੂੰ ਭਾਈ ਗਿਆਨ ਸਿੰਘ ਕੱਕੜ ਹੋਰਾਂ ਨੇ ਸ਼ਰਧਾ ਪੁਸ਼ਪ ਭੇਟ ਕੀਤੇ ਅਤੇ ਬੀਬੀ ਦੇ ਪਤੀ ਕਾ. ਗੁਰਮੀਤ ਸਿੰਘ ਨਾਥ ਦੀ ਕਾਵਿ ਸ਼ਰਧਾਂਜਲੀ ਵੀ ਪੜ੍ਹੀ। ਬੀਬੀ ਦੇ ਵੱਡੇ ਭਰਾਤਾ ਕਾਮਰੇਡ ਸੁਵਰਨ ਸਿੰਘ ਵਿਰਕ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਇਲਾਕੇ ਦੀ ਨਾਮਧਾਰੀ ਸਾਧ ਸੰਗਤ, ਸਾਕ ਨਾਤਾ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਲੋਕ ਪੰਚਾਇਤ, ਭਾਰਤੀ ਕਮਿਊਨਿਸਟ ਪਾਰਟੀ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਨਾਲ ਸਬੰਧਿਤ ਸੱਜਣ ਵੀ ਭਰਵੀਂ ਗਿਣਤੀ ਵਿਚ ਮੌਜੂਦ ਸਨ।

## ਪੰਜਾਬੀ ਭਵਨ ਵਿਖੇ ੧੪ ਸਾਹਿਤਕ ਸ਼ਖ਼ਸੀਅਤਾਂ ਦਾ ਸਨਮਾਨ

ਲੁਧਿਆਣਾ—੧੨ ਜੂਨ—ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਹਿਯੋਗ ਨਾਲ ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਵਲੋਂ ਪੰਜਾਬੀ ਭਵਨ, ਲੁਧਿਆਣਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਅਤੇ ਲੇਖਕ ਸਨਮਾਨ ਕਰਵਾਇਆ


Namdhari Elibrary NamdhariElibrary@gmail.com

ਗਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਦਮ ਸ੍ਰੀ ਸੁਰਜੀਤ ਪਾਤਰ ਸ਼ਾਮਲ ਹੋਏ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਦੇ ਭਾਵਪੂਰਤ ਸਵਾਗਤੀ ਸ਼ਬਦਾਂ ਵਿਚ ਕਿਹਾ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸ਼ਬਦ ਪ੍ਰਕਾਸ਼ ਵੇਲੇ ਹੀ ਹਕੂਮਤ ਦੇ ਖ਼ਿਲਾਫ਼ ਵਿਧਾਨ ਦੀ ਉਸਾਰੀ ਕਰਨ ਕਾਰਨ ਹੋਈ। ਗੁਰਬਾਣੀ ਇਸ ਧਰਤੀ ਦੇ ਲੋਕਾਂ ਲਈ ਜੀਵਨ ਸਿਧਾਂਤ ਵਜੋਂ ਸਥਾਪਤ ਹੋ ਰਿਹਾ ਸੀ ਜਿਸ ਨੂੰ ਜਾਬਰ ਹਕੂਮਤ ਨੇ ਪ੍ਰਵਾਨ ਨਾ ਕੀਤਾ ਅਤੇ ਪੰਚਮ ਪਾਤਸ਼ਾਹ ਨੂੰ ਸ਼ਬਦ ਦੀ ਰਖਵਾਲੀ ਲਈ ਸ਼ਹੀਦੀ ਜਾਮ ਪੀਣਾ ਪਿਆ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਪ੍ਰੋਗਰਾਮ ਦੇ ਮੁੱਖ ਆਯੋਜਕ ਡਾ. ਅਨੂਪ ਸਿੰਘ ਨੇ ਪ੍ਰੋਗਰਾਮ ਦੀ ਰੂਪ-ਰੇਖਾ ਦਾ ਖੁਲਾਸਾ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਸੱਦੇ 'ਤੇ ਬੁਲਾਏ ਡਾ. ਸੁਰਜੀਤ ਸਿੰਘ ਭੱਟੀ ਨੇ "ਸਾਕਾਰਾਤਮਕ ਸਮਾਜਿਕ ਪਰਿਵਰਤਨ ਵਿਚ ਸਾਹਿਤ ਦੀ ਭੂਮਿਕਾ" ਦੇ ਵਿਸ਼ੇ 'ਤੇ ਬੋਲਦਿਆਂ ਸਮਾਜਿਕ ਤਬਦੀਲੀ 'ਚ ਸਾਹਿਤਕਾਰਾਂ ਨੂੰ ਮੌਜੂਦਾ ਜਟਿਲ ਤੇ ਤਰਲ ਸਥਿਤੀ ਨੂੰ ਸਮਝਦਿਆਂ ਸੰਭਵ ਕਲਾਤਮਕ ਤੇ ਸਾਹਿਤਕ ਜੁਗਤਾਂ ਅਪਣਾਉਂਦਿਆਂ ਸ਼ਬਦ ਸਾਧਨਾ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸਾਹਿਤਕ ਕਿਰਤਾਂ ਹੁੰਦੀਆਂ ਹੀ ਲੋਕਾਂ ਦੇ ਦੁੱਖ ਨੂੰ ਪੇਸ਼ ਕਰਨ, ਘੱਟ ਕਰਨ ਤੇ ਖਤਮ ਕਰਨ ਵਾਲੀਆਂ। ਪੰਜਾਬੀ ਸਾਹਿਤ ਹਮੇਸ਼ਾਂ ਲੋਕਾਂ ਦੀ ਹੋਣੀ ਸਵਾਰਨ ਵਾਲਾ ਰਿਹਾ ਹੈ। ਕਲਮ ਦੀ ਸ਼ਕਤੀ ਤਲਵਾਰ ਦੀ ਸ਼ਕਤੀ ਤੋਂ ਵੱਧ ਹੁੰਦੀ ਹੈ। ਵਿਚਾਰ-ਚਰਚਾ 'ਚ ਭਾਗ ਲੈਂਦਿਆਂ ਡਾ. ਤੇਜਵੰਤ ਮਾਨ, ਡਾ. ਲਾਭ ਸਿੰਘ ਖੀਵਾ ਅਤੇ ਜਸਵੰਤ ਜ਼ਫ਼ਰ ਨੇ ਕਈ ਮੁੱਲਵਾਨ ਨੁਕਤੇ ਉਠਾਏ। ਡਾ. ਮਾਨ ਨੇ ਕਿਹਾ ਕਿ ਸ਼ਬਦ ਕਿਰਤ ਦੀ ਸਿਰਜਨਾ ਹੈ ਅਤੇ ਭਾਸ਼ਾ ਦੀ ਥਾਂ ਬੋਲੀ ਵਿਚ ਲਿਖਿਆ ਜਾਣਾ ਚਾਹੀਦਾ ਹੈ। ਡਾ. ਲਾਭ ਸਿੰਘ ਖੀਵਾ ਨੇ ਕਿਹਾ ਕਿ ਸਾਹਿਤ ਦੀ ਭੂਮਿਕਾ ਵਾਦ-ਵਿਵਾਦੀ ਹੁੰਦੀ ਹੀ ਨਹੀਂ। ਸਾਹਿਤ ਦੀ ਭੂਮਿਕਾ ਹਮੇਸ਼ਾਂ ਹੀ ਸਾਕਾਰਤਮਿਕ ਹੀ ਹੁੰਦੀ ਹੈ। ਇਸ ਸਮੁੱਚੇ ਪ੍ਰੋਗਰਾਮ ਦੀ ਪ੍ਰਧਾਨਗੀ ਸਰਵ ਸ੍ਰੀ ਸੁਰਜੀਤ ਪਾਤਰ, ਬਲਦੇਵ ਸਿੰਘ 'ਮੋਗਾ', ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਤੇਜਵੰਤ ਸਿੰਘ ਮਾਨ ਅਤੇ ਸ. ਜਗਦੀਸ਼ਪਾਲ ਸਿੰਘ ਗਰੇਵਾਲ ਨੇ ਕੀਤੀ। ਡਾ. ਸੁਰਜੀਤ ਪਾਤਰ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਅੱਜ ਸ਼ਬਦ ਲਈ ਸ਼ਹਾਦਤ ਦੇਣ ਵਾਲੇ ਮਹਾਂ ਮਾਨਵ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਦੇਣ ਨੂੰ ਯਾਦ ਕਰਨ ਦਾ ਦਿਨ ਹੈ। ਅਸੀਂ ਕੇਵਲ ਰੋਟੀ ਪਾਣੀ ਦੇ ਹੀ ਬਣੇ ਹੋਏ ਨਹੀਂ ਹਾਂ ਸਗੋਂ ਗੁਰਬਾਣੀ ਦੇ ਵੀ ਬਣੇ ਹੋਏ ਹਾਂ। ਜੇਕਰ ਸਾਹਿਤ ਸ਼ਖ਼ਸੀਅਤ 'ਚੋਂ ਕਸ਼ੀਦ ਕੇ ਆਪ ਮੁਹਾਰੇ ਨਿਕਲਦਾ ਹੈ ਉਹੀ ਉੱਤਮ ਸਾਹਿਤ ਹੈ।

ਸਮਾਗਮ ਦੇ ਦੂਜੇ ਪੜਾਅ 'ਚ ੧੪ ਸਾਹਿਤਕਾਰਾਂ ਨੂੰ ਪੰਜ-ਪੰਜ ਹਜ਼ਾਰ ਰੁਪਏ ਨਕਦ ਰਾਸ਼ੀ, ਪੱਗਾਂ/ਦੋਸ਼ਾਲੇ, ਪੁਸਤਕਾਂ ਦੇ ਸੈੱਟ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਸਾਹਿਤਕਾਰਾਂ 'ਚ ਸਰਵਸ੍ਰੀ ਹਮਦਰਦਵੀਰ ਨੌਸ਼ਹਿਰਵੀ, ਡਾ. ਗੁਰਚਰਨ ਸਿੰਘ ਔਲਖ, ਸ੍ਰੀਮਤੀ ਕਾਨਾ ਸਿੰਘ, ਸੀ. ਮਾਰਕੰਡਾ, ਪ੍ਰੇਮ ਗੋਰਖੀ, ਹਰਮਿੰਦਰ ਸਿੰਘ ਕੋਹਾਰਵਾਲਾ, ਸ਼ਿਵ ਨਾਥ, ਕਰਮਜੀਤ ਸਿੰਘ ਔਜਲਾ, ਸੁਰਿੰਦਰ ਰਾਮਪੁਰੀ, ਅਮਰੀਕ ਡੋਗਰਾ, ਡਾ. ਧਰਮ ਚੰਦ ਵਾਤਿਸ਼, ਸ੍ਰੀਮਤੀ ਗੁਰਚਰਨ ਕੌਰ ਕੋਚਰ, ਡਾ. ਸੁਰਜੀਤ ਬਰਾੜ ਅਤੇ ਮਹਿੰਦਰ ਸਾਥੀ ਪ੍ਰਮੁੱਖ ਰੂਪ 'ਚ ਸ਼ਾਮਿਲ ਸਨ। ਇਸ ਮੌਕੇ ਡਾ. ਅਨੂਪ ਸਿੰਘ ਰਚਿਤ ਪੁਸਤਕ 'ਕ੍ਰਾਂਤੀਕਾਰੀ ਸਿੱਖ ਦਰਸ਼ਨ' ਅਤੇ ਪ੍ਰੋ. ਚਰਨ ਅਸ਼ੋਕ ਆਲਮਗੀਰ ਰਚਿਤ ਨਾਵਲ "ਕਲਿ ਆਏ ਕੁੱਤੇ ਮੁਹੀ" ਤੇ ਲੋਕ ਅਰਪਣ ਕੀਤੇ ਗਏ। ਇਸ ਵਿਸ਼ਾਲ ਸਾਹਿਤਕ ਸਮਾਗਮ ਵਿਚ ਬਟਾਲਾ ਤੇ ਫਤਿਹਗੜ੍ਹ ਚੂੜੀਆਂ ਤੋਂ ੩੦ ਤੋਂ ਵੱਧ ਸਾਹਿਤਕਾਰ ਤੇ ਸਾਹਿਤ ਪ੍ਰੇਮੀ ਸ਼ਾਮਲ ਹੋਏ। ਇਸ ਮੌਕੇ ਜਗਦੀਸ਼ ਸਿੰਘ ਗਰੇਵਾਲ ਵਲੋਂ ਠੰਡੇ ਪਾਣੀ ਦੀ ਛਬੀਲ ਲਗਾਈ ਗਈ। ਇਨ੍ਹਾਂ ਵਿਚ ਪ੍ਰਮੁੱਖ ਰੂਪ ਵਿਚ ਸਰਵਸ੍ਰੀ ਸੰਧੂ ਬਟਾਲਵੀ, ਮਹਿੰਦਰ ਕੌਰ, ਤਲਵਿੰਦਰ ਕੌਰ, ਸੁਰਿੰਦਰ ਸਿੰਘ ਨਿਮਾਣਾ, ਸੁੱਚਾ ਸਿੰਘ ਰੰਧਾਵਾ, ਹਰਪਾਲ ਸਿੰਘ ਨਾਗਰਾ, ਗੁਰਮੇਜ ਸਿੰਘ, ਰੋਜ਼ੀ ਸਿੰਘ, ਦੇਵਿੰਦਰ ਦੀਦਾਰ, ਸੁਲਤਾਨ ਭਾਰਤੀ, ਜਸਵੰਤ ਹਾਂਸ, ਫੋਟੋ ਕਲਾਕਾਰ ਹਰਭਜਨ ਬਾਜਵਾ, ਸੁਖਦੇਵ ਸਿੰਘ ਪ੍ਰੇਮੀ, ਬਲਵਿੰਦਰ ਗੰਭੀਰ, ਓਮ ਪ੍ਰਕਾਸ਼ ਭਗਤ, ਚੰਨ ਬੋਲੇਵਾਲੀਆ, ਵਿਨੋਦ ਸ਼ਾਇਰ, ਗੁਰਪ੍ਰੀਤ ਰੰਗੀਲਪੁਰ, ਸਿਮਰਤ ਸੁਮੈਰਾ, ਤ੍ਰਿਲੋਕ ਸਿੰਘ ਕਾਹਲੋਂ, ਦਲਬੀਰ ਸਿੰਘ ਅਠਵਾਲ, ਸੁਖਦੇਵ ਸਿੰਘ ਬੱਲਪੁਰੀਆ, ਹਰਜਿੰਦਰ ਸਿੰਘ, ਰੈਡੀ ਸ਼ਾਹ, ਰਾਜੀਵ ਕੁਮਾਰ, ਪਰਮਜੀਤ ਕੌਰ, ਪ੍ਰਿੰ. ਪ੍ਰੇਮ ਸਿੰਘ ਬਜਾਜ, ਸੁਰਿੰਦਰ ਕੈਲੇ, ਡਾ. ਗੁਲਜ਼ਾਰ ਸਿੰਘ ਪੰਧੇਰ, ਪ੍ਰੋ. ਰਵਿੰਦਰ ਭੱਠਲ, ਮਨਜਿੰਦਰ ਧਨੋਆ, ਦਲਬੀਰ ਲੁਧਿਆਣਵੀ, ਪਵਨ ਹਰਚੰਦਪੁਰੀ, ਗੁਲਜ਼ਾਰ ਸਿੰਘ ਸ਼ੌਕੀ, ਡਾ. ਗੁਰਇਕਬਾਲ ਸਿੰਘ, ਤ੍ਰੈਲੋਚਨ ਲੋਚੀ, ਨਿੰਦਰ ਘੁਗਿਆਣਵੀ, ਸਤੀਸ਼ ਗੁਲਾਟੀ, ਇੰਦਰਜੀਤਪਾਲ ਕੌਰ, ਕੁਲਵਿੰਦਰ ਕਿਰਨ, ਪਰਮਜੀਤ ਮਹਿਕ, ਭਗਵਾਨ ਢਿੱਲੋਂ, ਹਰਪਾਲ ਸਿੰਘ ਨਾਗਰਾ, ਗੁਰਪ੍ਰਤਾਪ ਸਿੰਘ ਕਾਹਲੋਂ, ਰਾਜਪਾਲ ਸਿੰਘ ਬਾਠ, ਚਰਨਜੀਤ ਸਿੰਘ ਸਮੇਤ ਕਾਫ਼ੀ ਗਿਣਤੀ ਵਿਚ ਵਿਦਵਾਨ ਹਾਜ਼ਰ ਸਨ। ਲੋਕ ਲਿਖਾਰੀ ਮੰਚ ਵਲੋਂ ਤਲਵਿੰਦਰ ਕੌਰ ਨੇ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

*—ਡਾ. ਗੁਲਜ਼ਾਰ ਸਿੰਘ ਪੰਧੇਰ,*
*ਪ੍ਰੈਸ ਸਕੱਤਰ*

## "ਸ਼ਬਦਾਂ ਦੀ ਸਰਗਮ" ਬਹੁਤ ਮੁਲਵਾਨ: ਡਾ. ਸੁਰਜੀਤ ਪਾਤਰ

ਜਦੋਂ ਚਾਰ ਚੁਫ਼ੇਰੇ ਕੰਨ ਪਾੜਵਾਂ ਸ਼ੋਰ ਮਨ ਨੂੰ ਚਿੜਚਿੜਾ ਬਣਾ ਰਿਹਾ ਹੋਵੇ ਉਸ ਵੇਲੇ ਬਿਜਲੀ ਗੁਲ ਹੋਣ ਤੋਂ ਬਾਅਦ ਗਵਾਂਢ 'ਚ ਚਲਦਾ ਡੀ.ਜੇ ਦੇ ਬੰਦ ਹੋ ਜਾਵੇ। ਇਸ ਸ਼ਾਂਤੀ ਵਿਚ ਕਿਸੇ ਜੋਗੀ ਦੀ ਬੰਸਰੀ ਦੀ ਸੁਰੀਲੀ ਤਾਨ ਹਵਾ ਵਿਚ ਰਸ ਘੋਲ਼ਦੀ ਸੁਣ ਜਾਵੇ ਤਾਂ ਮਨ ਨੂੰ ਹੋਰ ਕੀ ਚਾਹੀਦਾ ਹੈ? "ਸ਼ਬਦਾਂ ਦੀ ਸਰਗਮ" ਨੂੰ ਸੁਣ ਕੇ ਵੀ ਅਜਿਹਾ ਹੀ ਅਹਿਸਾਸ ਹੀ ਹੋਇਆ। ਜੀਪੀਐਮ ਕੰਪਨੀ, ਝਾਂਡੇ ਭਰਾਵਾਂ ਦੇ ਖ਼ੂਬਸੂਰਤ ਸੰਗੀਤ ਅਤੇ ਕਰਮਜੀਤ ਸਿੰਘ ਗਰੇਵਾਲ ਵਲੋਂ ਸੰਕਲਨ ਕੀਤੀ ਇਸ ਸੀਡੀ ਵਿਚ ਪੰਜਾਬੀ ਮਾਂ ਬੋਲੀ ਦੇ ੨੧ ਪ੍ਰਤੀਬਧ ਕਵੀਆਂ ਦੀ ਸ਼ਾਇਰੀ ਤੇ ਆਵਾਜ਼ਾਂ ਤੁਹਾਨੂੰ ਵਖਰੀ ਹੀ ਦੁਨੀਆਂ ਵਿਚ ਲੈ ਜਾਂਦੀਆਂ ਹਨ। ਸੀਡੀ ਦੇ ਸ਼ੁਰੂਆਤ ਵਿਚ ਪਦਮਸ੍ਰੀ ਡਾ. ਸੁਰਜੀਤ ਪਾਤਰ ਦੇ ਮਿਠੇ ਬੋਲ ਸਰੋਤੇ ਨੂੰ ਮੰਤਰਮੁਗਧ ਕਰਦੇ ਹੋਏ ਆਪਣੇ ਰੰਗ ਵਿਚ ਰੰਗ ਲੈਂਦੇ ਹਨ। ਦੇਵ ਥਰੀਕੇ ਵਲੋਂ ਕੁਲੀਆਂ, ਰਵਿੰਦਰ ਭਠਲ-ਆਤਮ ਚਿੰਤਨ, ਡਾ. ਲਖਵਿੰਦਰ ਜੌਹਲ-ਰੋਟੀ ਤੇ ਭਾਸ਼ਾ, ਜਨਮੇਜਾ ਜੌਹਲ-ਸਵਾਲ, ਜਸਵੰਤ ਜ਼ਫ਼ਰ-ਖ਼ੂਨ ਪਸੀਨਾ, ਸਤੀਸ਼ ਗੁਲਾਟੀ-

ਉਡਾਰੀ, ਡਾ. ਪਰਮਜੀਤ ਸਿੰਘ ਸੋਹਲ-ਜ਼ਿੰਦਗੀ, ਪ੍ਰੋ. ਅਜੀਤ ਸਿੰਘ-ਚਿੜੀਆਂ, ਮਨਜਿੰਦਰ ਧਨੋਆ-ਸੀਨੇ ਅੰਦਰ, ਤ੍ਰਲੋਚਨ ਝਾਂਡੇ-ਸਮੁੰਦਰ, ਤ੍ਰਲੋਚਨ ਲੋਚੀ -ਕਿਤਾਬਾਂ ਤੇ ਕੁੜੀਆਂ, ਕਰਮਜੀਤ ਸਿੰਘ ਗਰੇਵਾਲ-ਰੁਕ ਜਾਂਦੇ ਨੇ, ਕਿਥੇ ਜਾਵਾਂ, ਹਰਪ੍ਰੀਤ ਸਿੰਘ ਮੋਗਾ-ਖਾਬ, ਅਮਰੀਕ ਸਿੰਘ ਤਲਵੰਡੀ-ਵਿਰਸਾ, ਜੁਗਰਾਜ ਸਿੰਘ ਗਰੇਵਾਲ-ਪੰਛੀ, ਰਵਿੰਦਰ ਰਵੀ-ਦੁਖ, ਅਮਰਜੀਤ ਕੌਰ ਨਾਜ਼-ਪਹਿਚਾਣ, ਸੁਖਵਿੰਦਰ ਅੰਮ੍ਰਿਤ-ਹਵਾ ,ਦਵਿੰਦਰ ਦਿਲਰੂਪ-ਕਰਮਾਂ ਦੀ ਖੇਡ, ਜਸਪ੍ਰੀਤ ਕੌਰ ਫ਼ਲਕ-ਮਹਿਕ ਦੀ ਸ਼ਾਇਰੀ ਤੇ ਅਵਾਜ਼ਾਂ ਤੋਂ ਬਿਨਾ ਅਮਰਜੀਤ ਸਾਥੀ, ਕੁਲਵਿੰਦਰ ਕੁਲਾ, ਰਾਜ ਗਰੇਵਾਲ ਦੀਆਂ ਰਚਨਾਵਾਂ ਵੀ ਸ਼ਾਮਿਲ ਹਨ।

ਡਾ. ਸੁਰਜੀਤ ਪਾਤਰ ਨੇ ਇਸ ਸੀਡੀ ਬਾਰੇ ਬੋਲਦਿਆਂ ਕਿਹਾ ਕਿ ਕਵਿਤਾ ਇਨਸਾਨੀਅਤ ਦੀ ਸਭ ਤੋਂ ਗਹਿਰੀ ਆਵਾਜ਼ ਹੈ। ਕਈ ਵਾਰ ਕਵਿਤਾ ਕਿਤਾਬਾਂ ਵਿਚ ਛੁਪੀ ਹੋਈ, ਖ਼ਾਮੋਸ਼, ਗੁੰਮਸੁੰਮ ਰਹਿ ਜਾਂਦੀ ਹੈ। ਇਸ ਲਈ ਝਾਂਡੇ ਭਰਾਵਾਂ ਤੇ ਕਰਮਜੀਤ ਗਰੇਵਾਲ ਦੀ ਇਹ ਸੀਡੀ "ਸ਼ਬਦਾਂ ਦੀ ਸਰਗਮ" ਬਹੁਤ ਮੁਲਵਾਨ ਹੈ। ਇਸ ਵਿਚ ਕਵੀਆਂ ਦੇ ਆਪਣੇ ਮੁਖਾਰਬਿੰਦ ਤੋਂ ਅਤੇ ਗਾਇਕਾਂ ਦੀ ਅਵਾਜ਼ ਵਿਚ ਕਵਿਤਾਵਾਂ, ਗਜ਼ਲਾਂ ਅਤੇ ਗੀਤ ਪ੍ਰੋਏ ਗਏ ਹਨ। ਇਹ ਸ਼ਬਦ ਅਤੇ ਸੁਰਾਂ ਹਨ੍ਹੇਰਿਆਂ ਵਿਚ ਤਰਦੇ ਦੀਵਿਆਂ ਵਾਂਗ ਹਨ। ਇਹ ਦਿਲਾਂ ਦੇ ਦਰਵਾਜਿਆਂ ਤੇ ਦਸਤਕ ਦਿੰਦੇ ਕੋਮਲ ਪੋਟੇ ਹਨ। ਇਹ ਮਨਾਂ ਦੀਆਂ ਧਰਤੀਆਂ ਤੇ ਕਿਰਦੇ ਉਹ ਚਾਨਣ ਦੇ ਬੀਜ ਹਨ ਜਿਨ੍ਹਾਂ ਦੀ ਸਾਨੂੰ ਬਹੁਤ ਲੋੜ ਹੈ। ਧਰਤੀ ਜ਼ਰੂਰ ਇਨ੍ਹਾਂ ਨੂੰ ਅਸੀਸ ਦੇਵੇਗੀ ਤੇ ਧਰਤੀ ਦੇ ਲੋਕ ਇਨ੍ਹਾਂ ਨੂੰ ਆਪਣੇ ਨਿਘੇ ਸੀਨਿਆਂ ਵਿਚ ਥਾਂ ਦੇਣਗੇ।

ਇਸ ਸੀਡੀ ਨੇ ਜ਼ਿੰਦਗੀ ਦੇ ਸਾਂਭਣਯੋਗ ਤੋਹਫ਼ੇ ਵਾਂਗ ਸਕੂਨ ਦਿਤਾ ਹੈ। ਔੜਾਂ ਮਾਰੀ ਧਰਤ ਤੇ ਸ਼ਬਦਾਂ ਦੀ ਕਿਣਮਿਣ ਨੇ ਹਰਿਆਲੀ ਦੀ ਆਮਦ ਬਾਰੇ ਸੰਕੇਤ ਦਿਤੇ ਹਨ । ਪਰਬਤ ਤੋਂ ਆਈ ਇਹ ਸਜਰੀ ਪੌਣ ਜ਼ਹਿਰੀਲੀਆਂ ਹਵਾਵਾਂ ਨੂੰ ਸ਼ੁਧ ਕਰਨ ਦਾ ਇਕਰਾਰਨਾਮਾ ਹੈ। ਅਜੋਕੇ ਸਮੇਂ ਲਚਰ ਸਾਹਿਤ ਤੇ ਲਚਰ ਗਾਇਕੀ ਦਾ ਮੁਕਾਬਲਾ ਕਰਨ ਲਈ ਅਜਿਹੇ ਉਸਾਰੂ ਬਦਲ ਬਹੁਤ ਜ਼ਰੂਰੀ ਹਨ। ਅਜ ਦਾ ਪਾਠਕ ਸ਼ੋਰ ਤੋਂ ਹਟਵਾਂ ਕੁਝ ਤਾਜ਼ਗੀ ਭਰਿਆ ਲੋਚਦਾ ਹੈ। ਇਹ ਸੀਡੀ ਸਾਡੇ ਸਰੋਤਿਆਂ ਦੀ ਚੰਗਾ ਸੁਣਨ ਤੇ ਸਮਝਣ ਦੀ ਭੁਖ ਪੂਰੀ ਕਰੇਗੀ ਅਤੇ ਨਵੀਆਂ ਸੰਭਾਵਨਾਵਾਂ ਜਗਾਏਗੀ।

## ਜਸਵੰਤ ਸਿੰਘ ਵਿਰਦੀ ਨੂੰ ਯਾਦ ਕਰਦਿਆਂ

...ਦੋ ਸਾਲ ਪਹਿਲਾਂ ਜਸਵੰਤ ਸਿੰਘ ਵਿਰਦੀ ਆਪਣੇ ਅਣਗਿਣਤ ਸਨੇਹੀਆਂ ਅਤੇ ਆਲੋਚਕਾਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ ਰਚਨਾਕਾਰੀ ਆਪਣੇ ਆਪ ਵਿਚ ਇਕ ਮਿਸਾਲ ਹੈ। ਪੰਜਾਬੀ ਅਤੇ ਹਿੰਦੀ ਦੇ ਸਿਰਕੱਢ ਲੇਖਕ ਸਨ ਜਿਨ੍ਹਾਂ ਨੇ ਨਿਰਭੈ ਅਤੇ ਨਿਰਵੈਰ ਹੋ ਕੇ ਲਿਖਿਆ ਅਤੇ ਜਿੱਥੇ ਬਹੁਤ ਕੀਰਤੀ ਪ੍ਰਾਪਤ ਕੀਤੀ ਉਥੇ ਆਲੋਚਨਾਂ ਵੀ ਉਹਨਾਂ ਦੇ ਹਿੱਸੇ ਆਈ ਪਰ ਨਾਂ ਉਹ ਸਿਫ਼ਤ ਨਾਲ ਬਹੁਤ ਫੁੱਲਦੇ ਸਨ ਤੇ ਨਾਂ ਹੀ ਨੁਕਤਾ ਚੀਨੀ ਨਾਲ ਸੁੰਗੜਦੇ ਸਨ। । ਦੋਹਾਂ ਭਾਸ਼ਾਵਾਂ ਵਿਚ ਉਹਨਾਂ ਨੇ ਐਨਾ ਕੁਝ ਲਿਖਿਆ - ਕਹਾਣੀ, ਨਾਵਲ, ਲੇਖ, ਰੇਖਾ ਚਿਤਰ, ਜੀਵਨੀਆਂ ਅਤੇ ਮਗਰੋਂ ਆਕੇ ਹਾਇਕੂ, ਆਦਿ - ਕਿ ਸ਼ਾਇਦ ਹੀ ਕਿਸੇ ਰਚਨਾਕਾਰ ਨੇ ਐਨੀ ਰਚਨਾਕਾਰੀ ਕੀਤੀ ਹੋਵੇ। ਜਿੱਥੇ ਉਹ ਆਪ ਸਾਹਿਤ ਦੀ ਦੁਨੀਆਂ ਵਿਚ ਖ਼ੂਬ ਚਮਕੇ ਉਥੇ ਉਨ੍ਹਾਂ ਨੇ ਨਵੇਂ ਸਾਹਿਤਕਾਰਾਂ ਨੂੰ ਵੀ ਉਂਗਲੀ ਲਾ ਕੇ ਤੁਰਨਾ ਸਿਖਆਇਆ ਜੋ ਕਲਮਕਾਰੀ ਦੀਆਂ ਸਿਖਰਾਂ ਤੀਕ ਪੁੱਜੇ ਅਤੇ ਵੱਡੇ ਮਾਨ ਸਨਮਾਨ ਵੀ ਪ੍ਰਾਪਤ ਕਰ ਸਕੇ। ਪਰ ਮਾਨ ਸਨਮਾਨ, ਵਿਸ਼ੇਸ਼ਕਰ ਸਰਕਾਰੀ ਪੱਧਰ ਦੇ, ਉਨ੍ਹਾਂ ਤੋਂ ਪਰ੍ਹੇ ਹੀ ਰਹੇ। ਉਹ ਕਿਹਾ ਕਰਦੇ ਸਨ 'ਪਰ੍ਹਾਂ ਹੀ ਰੱਖ ਲਏ ਜਾਂਦੇ ਹਨ'। ਜਿੱਥੇ ਉਹ ਮਿੱਠ ਬੋਲੜੇ ਮਿੱਤਰ ਸਨ ਉਥੇ ਉਹ ਗਿੱਟੇ ਲੱਗਦੀ ਗੱਲ ਕਹਿਣ ਤੋਂ ਵੀ ਗੁਰੇਜ਼ ਨਹੀਂ ਕਰਦੇ ਸਨ। ਉਹ ਮਹਾਨ ਕਹਾਣੀਕਾਰ ਸੁਜਾਨ ਸਿੰਘ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਇਨਾਮਾਂ ਸਨਮਾਨਾਂ ਬਾਰੇ ਅਕਸਰ ਉਹਨਾਂ ਦਾ ਹਵਾਲਾ ਦਿਆ ਕਰਦੇ ਸਨ। ਸੁਜਾਨ ਸਿੰਘ ਹੋਰਾਂ ਨੇ ਉਹਨਾਂ ਨੂੰ ਇਕ ਬਾਰੀ ਕਿਹਾ ਸੀ, 'ਵਿਰਦੀ ਰਚਨਾ ਕਾਰੀ ਦੇ ਦੋ ਰਾਹ ਹਨ - ਇਕ ਇਨਾਮਾਂ ਵੱਲ ਜਾਂਦਾ ਹੈ ਤੇ ਦੂਸਰਾ ਨਿਰਭੈ ਹੋਕੇ ਕਲਮਕਾਰੀ ਵੱਲ। ਮੇਰੀ ਜਾਚੇ ਦੂਸਰਾ ਰਾਹ ਹੀ ਬਿਹਤਰ ਹੈ।"

ਜਿੱਥੇ ਉਹ ਆਧੁਨਿਕ ਸਾਹਿਤ, ਪੰਜਾਬੀ, ਹਿੰਦੀ ਦਾ ਬਹੁਤ ਅਧਿਐਨ ਕਰਦੇ ਸਨ, ਉਥੇ ਉਹ ਸੰਸਾਰ ਪ੍ਰਸਿੱਧ ਕਲਾਸਕੀ ਸਾਹਿਤ ਤੋਂ ਵੀ ਅਣਜਾਣ ਨਹੀਂ ਰਹਿੰਦੇ ਸਨ। ਵਿਸ਼ਾਲ ਅਧਿਐਨ ਵਿੱਚੋਂ ਨਿਸਰਿਆ ਸਾਹਿਤ ਵੀ ਬਹੁ-ਗੁਣ ਭਰਪੂਰ ਹੁੰਦਾ ਹੈ।

ਮੇਰਾ ਉਨ੍ਹਾਂ ਨਾਲ ਇਕ ਪ੍ਰਕਾਰ ਦਾ ਪਰਿਵਾਰਕ ਪੱਧਰ ਦਾ ਸੰਬੰਧ ਬਣ ਗਿਆ ਸੀ। ਮੈਨੂੰ ਉਹ ਕਲਮਕਾਰੀ ਹਿਤ ਨੇਕ ਸਲਾਹ ਦਿੰਦੇ ਸਨ ਅਤੇ ਚੰਗੇ ਅਤੇ ਸਖ਼ਤ ਅਧਿਆਪਕ ਵਾਂਗ ਕੰਮ ਦੀ ਗੱਲ ਵੀ ਸਖਤੀ ਨਾਲ ਸਮਝਾ ਦਿੰਦੇ ਸਨ। ਹਮਉਮਰ ਹੋ ਕੇ ਵੀ ਉਹ ਸਾਹਿਤਕ ਤੌਰ 'ਤੇ ਬਜ਼ੁਰਗ ਸਨ। ਉਹ ਦੋ ਸਦੀਆਂ ਪਹਿਲੇ ਮਹਾਨ ਲੇਖਕ ਅਤੇ ਅਨੁਵਾਦਕ ਮਹਾਂਕਵੀ ਭਾਈ ਸੰਤੋਖ ਸਿੰਘ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਸੂਰਜ ਪ੍ਰਕਾਸ਼ ਦਾ ਗਹਿਨ ਅਧਿਐਨ ਕਰ ਚੁੱਕੇ ਸਨ। ਜਦ ਮੇਰੀ ਵਡਾ ਆਕਾਰੀ ਰਚਨਾ 'ਸ੍ਰੀ ਨਾਨਕ ਪ੍ਰਕਾਸ਼' ਸਰਲ ਵਿਆਖਿਆ' ਦੀ ਘੁੰਡ ਚੁਕਾਈ ਕੁਝ ਵਰ੍ਹੇ ਪਹਿਲਾਂ ਹੋਈ ਤਾਂ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਜੇ 'ਨਾਨਕ ਪ੍ਰਕਾਸ਼' ਇੰਗਲਿਸ਼ ਵਿਚ ਅਨੁਵਾਦ ਹੋ ਜਾਏ ਤਾਂ ਭਾਈ ਸੰਤੋਖ ਸਿੰਘ ਵਰਗਾ ਮਹਾਨ ਲੇਖਕ ਇੰਗਲਿਸ਼ ਸੰਸਾਰ ਵਿਚ ਵੀ ਜਾਣਿਆ ਜਾ ਸਕੇਗਾ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਜਦ ਤੀਕ ਰਾਬਿੰਦ੍ਰ ਨਾਥ ਟੈਗੋਰ ਬੰਗਾਲੀ ਵਿਚ ਲਿਖਦੇ ਸਨ ਤਾਂ ਬੰਗਾਲ ਵਿਚ ਹੀ ਜਾਣੇ ਜਾਂਦੇ ਸਨ ਪਰ ਜਦ ਗੀਤਾਂਜਲੀ ਇੰਗਲਿਸ਼ ਵਿਚ ਆ ਗਈ ਤਾਂ ਉਹ ਜਗਤ ਪ੍ਰਸਿੱਧ ਹੋ ਗਏ ਸਨ। ਨੋਬੇਲ ਪੁਰਸਕਾਰ ਵੀ ਪ੍ਰਾਪਤ ਕਰ ਸਕੇ। ਉਨ੍ਹਾਂ ਦੇ ਨੇਕ ਸੁਝਾਅ ਤੇ ਅਮਲ ਹੋਇਆ ਤੇ ਹੁਣ ਇਸੇ ਰਚਨਾ ਦਾ ਇੰਗਲਿਸ਼ ਸਰੂਪ ਸਿੰਘ ਬਦਰਜ਼ ਦੁਆਰਾ ਚਾਰ ਪੋਥੀਆਂ ਵਿਚ ਪ੍ਰਕਾਸ਼ਿਤ ਹੋਣ ਵਾਲਾ ਹੈ।

ਉਨਾਂ ਦੀ ਪੁਨਯ ਤਿੱਥੀ ਤੇ ਇਹੋ ਕਾਮਨਾ ਹੈ ਕਿ ਕਲਮਕਾਰ ਉਨ੍ਹਾਂ ਦੀ ਨਿਰਭੈਤਾ ਅਤੇ ਨਿਰਵੈਰਤਾ ਤੋਂ ਸਬਕ ਲੈਣ ਅਤੇ ਕਲਮਕਾਰੀ ਨੂੰ ਇਨਸਾਨੀ ਕਿਰਤ ਤਾ ਸਰੇਸ਼ਠ- ਤਮ ਜਤਨ ਬਣਾ ਦੇਣ।

ਡਾ. ਰਜਿੰਦਰ ਸਿੰਘ


NamdhariElibrary NamdhariElibrary@gmail

ਮੋ. ੯੩੫੭੨੧੫੫੬੦

## ਡਾ: ਭਗਵੰਤ ਸਿੰਘ ਪੰਜਾਬੀ ਸਾਹਿਤ ਸਭਾ ਸੰਗਰੂਰ ਦੇ ਪ੍ਰਧਾਨ ਬਣੇ।

"ਪੰਜਾਬੀ ਸਾਹਿਤ ਸਭਾ ਸੰਗਰੂਰ ਦੀ ਇੱਕ ਵਿਸ਼ੇਸ਼ ਇਕੱਤਰਤਾ ਅਤੇ ਕਵੀ ਦਰਬਾਰ ਭਾਸ਼ਾ ਵਿਭਾਗ ਪੰਜਾਬ ਦੇ ਦਫ਼ਤਰ ਵਿਖੇ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਡਾ: ਤੇਜਵੰਤ ਮਾਨ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਸ੍ਰੀ ਕ੍ਰਿਸ਼ਨ ਬੇਤਾਬ ਮੀਤ ਪ੍ਰਧਾਨ ਸਾਹਿਤ ਸਭਾ ਸੰਗਰੂਰ, ਡਾ: ਭਗਵੰਤ ਸਿੰਘ ਜ਼ਿਲ੍ਹਾ ਭਾਸ਼ਾ ਅਫ਼ਸਰ, ਡਾ: ਇਕਬਾਲ ਸਿੰਘ ਅਤੇ ਕਰਮ ਸਿੰਘ ਜ਼ਖ਼ਮੀ ਸ਼ਾਮਲ ਸਨ। ਕਵੀ ਦਰਬਾਰ ਵਿਚ ਸਰਬਜੀਤ ਸੰਗਰੂਰਵੀ, ਭੁਪਿੰਦਰ ਸਿੰਘ ਬੇਪਾਰਾਏ, ਰਜਿੰਦਰ ਰਾਜਨ, ਦਰਬਾਰਾ ਸਿੰਘ ਬੀਰ ਕਲਾਂ, ਮੇਘ ਰਾਜ ਗੋਇਲ, ਕੁਲਵੰਤ ਕਸਕ, ਪ੍ਰੀਤੀ ਸ਼ੈਲੀ ਬਾਲੀਆਂ, ਦਲਬਾਰ ਸਿੰਘ ਧਨੌਲਾ, ਅਮਰੀਕ ਗਾਗਾ, ਪਰਮਿੰਦਰ ਲੌਂਗੋਵਾਲ, ਸੁਰਜੀਤ ਸਿੰਘ ਮੌਜੀ, ਕ੍ਰਿਸ਼ਨ ਬੇਤਾਬ, ਕਾਮਰੇਡ ਬਲਦੇਵ ਸਿੰਘ ਧਾਂਦਰਾ, ਡਾ: ਇਕਬਾਲ ਸਿੰਘ, ਕਮਲ ਲਖਮੀਰ ਵਾਲੀਆ, ਦੇਸ਼ ਭੂਸ਼ਨ, ਪ੍ਰੀਤ ਨਿਰਦੋਸ਼, ਲਾਭ ਸਿੰਘ ਝੰਮਟ, ਸ਼ਿਵ ਕੁਮਾਰ ਅੰਬਾਲਵੀ, ਤੁਸ਼ਾਰ ਸ਼ਰਮਾ, ਲਵਲੀ ਬਡਰੁੱਖਾਂ, ਗੁਰਜੰਟ ਸਿੰਘ ਚੌਹਾਨਕੇ, ਜੰਟੀ ਬੇਤਾਬ, ਇੰਦਰ ਸਿੰਘ, ਭੁਪਿੰਦਰ ਨਾਗਪਾਲ, ਅਨਦੀਪ, ਡਾ: ਗੁਰਬਚਨ ਸਿੰਘ ਝਨੇੜੀ ਅਤੇ ਕਰਮ ਸਿੰਘ ਜ਼ਖ਼ਮੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪੜ੍ਹੀਆਂ ਗਈਆਂ ਰਚਨਾਵਾਂ ਉਤੇ ਵਿਚਾਰ ਪ੍ਰਗਟ ਕਰਦਿਆਂ ਸਮਾਗਮ ਦੇ ਪ੍ਰਧਾਨ ਡਾ: ਤੇਜਵੰਤ ਮਾਨ ਨੇ ਕਿਹਾ ਕਿ ਰੂਪ ਅਤੇ ਸਮਾਜਿਕ ਸਰੋਕਾਰਾਂ ਭਰਪੂਰ ਵਿਸ਼ੇ ਦੀ ਕੋਈ ਵਿਰੋਧਤਾ ਨਹੀਂ। ਹਰ ਨਰੋਆ ਅਤੇ ਸਵੱਛ ਵਿਚਾਰ ਆਪਣੀ ਕਲਾ ਖੁਦ ਨਿਰਧਾਰਤ ਕਰਦਾ ਹੈ, ਨਾ ਕਿ ਕਲਾ ਵਿਸ਼ੇ ਨੂੰ। ਕਲਾਤਮਿਕ ਉਚਤਾ ਦਾ ਅਰਥ ਰੂਪਕੀ ਸੂਰਤ ਨਹੀਂ ਹੁੰਦਾ ਗੁਣਵਾਨ ਸੀਰਤ ਹੁੰਦਾ ਹੈ।

ਉਪਰੰਤ ਸਰਬ ਸੰਮਤੀ ਨਾਲ ਡਾ: ਮੀਤ ਖੱਟੜਾ ਜੀ ਦੇ ਘਰੇਲੂ ਜ਼ਿੰਮੇਵਾਰੀਆਂ ਕਾਰਨ ਦਿੱਤੇ ਅਸਤੀਫ਼ੇ ਨੂੰ ਮਨਜ਼ੂਰ ਕਰਦਿਆਂ ਡਾ: ਭਗਵੰਤ ਸਿੰਘ ਨੂੰ ਪੰਜਾਬੀ ਸਾਹਿਤ ਸਭਾ ਸੰਗਰੂਰ ਦਾ ਪ੍ਰਧਾਨ ਚੁਣ ਲਿਆ ਗਿਆ। ਡਾ: ਭਗਵੰਤ ਸਿੰਘ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਇਸ ਜ਼ਿੰਮੇਵਾਰੀ ਨੂੰ ਗੰਭੀਰਤਾ ਨਾਲ ਨਿਭਾਉਣ ਲਈ ਸਾਰੇ ਮੈਂਬਰ ਸਾਹਿਤਕਾਰਾਂ ਦੇ ਸਹਿਯੋਗ ਦੀ ਮੰਗ ਕੀਤੀ।

—ਕਰਮ ਸਿੰਘ ਜ਼ਖ਼ਮੀ
ਜਨਰਲ ਸਕੱਤਰ

## ਲੇਖਕ ਸਭਾਵਾਂ ਨੂੰ ਪਿੰਡਾਂ ਵਿਚ ਸਮਾਗਮ ਕਰਨੇ ਚਾਹੀਦੇ ਹਨ—ਡਾ. ਤੇਜਵੰਤ ਮਾਨ

ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ. ਦੇ ਸਹਿਯੋਗ ਨਾਲ ਡਾਕਟਰ ਨਰਿੰਦਰ ਸਿੰਘ ਬਿਰਧ ਆਸ਼ਰਮ ਬਡਰੁੱਖਾਂ ਵਿਖੇ ਇਕ ਸ਼ਾਨਦਾਰ ਕਵੀ ਦਰਬਾਰ ਕੀਤਾ ਗਿਆ। ਇਸ ਸਾਹਿਤਕ ਸਮਾਗਮ ਦੀ ਪ੍ਰਧਾਨਗੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਪ੍ਰਧਾਨ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਡਾ. ਤੇਜਵੰਤ ਮਾਨ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿਚ ਡਾ. ਭੁਪਿੰਦਰ ਸਿੰਘ ਪੂਨੀਆਂ, ਡਾ. ਮੀਤ ਖਟੜਾ, ਡਾ. ਏ. ਐਸ. ਮਾਨ, ਸ. ਬਲਦੇਵ ਸਿੰਘ ਗੋਸਲ ਅਤੇ ਕਰਮ ਸਿੰਘ ਜ਼ਖ਼ਮੀ ਸ਼ਾਮਲ ਹੋਏ। ਡਾ. ਮੀਤ ਖਟੜਾ ਨੇ ਆਪਣੇ ਉਦਘਾਟਨੀ ਸ਼ਬਦਾਂ ਵਿਚ ਜਿੱਥੇ ਪਿੰਡ ਵਾਸੀਆਂ ਨੂੰ ਜੀ ਆਇਆ ਕਿਹਾ ਉਥੇ ਪਿੰਡਾਂ ਵਿਚ ਸਾਹਿਤ ਚੇਤਨਾ ਪੈਦਾ ਕਰਨ ਦੇ ਯਤਨਾਂ ਦੀ ਲੋੜ ਉਤੇ ਵੀ ਜ਼ੋਰ ਦਿੱਤਾ। ਉਪਰੰਤ ਕਵੀ ਦਰਬਾਰ ਦੀ ਸਟੇਜ ਸੰਭਾਲਦਿਆਂ ਗ਼ਜ਼ਲਗੋ ਕਰਮ ਸਿੰਘ ਜ਼ਖ਼ਮੀ ਨੇ ਸਮਾਗਮ ਵਿਚ ਸ਼ਾਮਲ ਕਵੀਆਂ ਸਰਬਜੀਤ ਸੰਗਰੂਰਵੀ, ਸੁਖਦੇਵ ਧੂਰੀ ਪੇਂਟਰ, ਜੱਗੀ ਮਾਨ, ਸੁਖਵਿੰਦਰ ਸਿੰਘ ਲੋਟੇ, ਦੇਸ਼ ਭੂਸ਼ਨ, ਰਜਿੰਦਰ ਸਿੰਘ ਰਾਜਨ, ਪ੍ਰੀਤ ਨਿਰਦੋਸ਼, ਲਵਲੀ ਬਡਰੁੱਖਾਂ, ਵੈਦ ਬੰਤ ਸਿੰਘ ਸਾਰੋਂ, ਗੁਰਮੀਤ ਸਿੰਘ ਚਿੱਤਰਕਾਰ, ਗੁਲਜ਼ਾਰ ਸਿੰਘ ਸ਼ੌਂਕੀ, ਹਰਸ਼ਪ੍ਰੀਤ ਸਿੰਘ, ਅਮਰੀਕ ਗਾਗਾ, ਜੰਗੀਰ ਸਿੰਘ ਰਤਨ, ਹਰੀਬਲਭ ਸ਼ਰਮਾ, ਸੁਖਵਿੰਦਰ ਉਭਾਵਾਲ, ਸ. ਸ. ਭੁੱਲ, ਕੁਲਵੰਤ ਕਸਕ, ਕਰਨ ਸਿੰਘ (ਬਿਰਧ ਆਸ਼ਰਮ) ਅਤੇ ਡਾ. ਮੀਤ ਖਟੜਾ ਨੂੰ ਆਪਣੀਆਂ ਰਚਨਾਵਾਂ ਪੇਸ਼ ਕਰਨ ਦਾ ਸੱਦਾ ਦਿੱਤਾ। ਸਾਰੇ ਹੀ ਕਵੀਆਂ ਦੀਆਂ ਰਚਨਾਵਾਂ ਲੋਕ ਹਿੱਤ ਵਿਚ ਸੁਨੇਹਾ ਦਿੰਦੀਆਂ ਸਮਾਜਕ, ਰਾਜਨੀਤਕ, ਆਰਥਿਕ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਸਨ। ਇਸ ਮੌਕੇ ਤੇ ਬਿਰਧ ਆਸ਼ਰਮ ਸੰਸਥਾ ਵਲੋਂ ਡਾ. ਤੇਜਵੰਤ ਮਾਨ, ਡਾ. ਏ. ਐਸ. ਮਾਨ, ਡਾ. ਮੀਤ ਖਟੜਾ, ਡਾ. ਭੁਪਿੰਦਰ ਸਿੰਘ ਪੂਨੀਆ, ਸ. ਸ. ਭੁੱਲ, ਸ. ਸ. ਬਾਵਾ, ਨਿਰਮਲ ਸਿੰਘ ਪੰਚ ਅਤੇ ਕਰਮ ਸਿੰਘ ਜ਼ਖ਼ਮੀ ਦਾ ਸਨਮਾਨ ਕੀਤਾ ਗਿਆ। ਡਾ. ਤੇਜਵੰਤ ਮਾਨ ਨੇ ਆਪਣੇ ਪ੍ਰਧਾਨਗੀ ਸ਼ਬਦ ਬੋਲਦਿਆਂ ਕਿਹਾ ਕਿ ਅੱਜ ਪੂੰਜੀ ਵਿਕਾਸ ਦੇ ਉਤਪਾਦਨੀ ਖਾਸੇ ਨੇ ਮਨੁੱਖੀ ਕਦਰਾਂ ਕੀਮਤਾਂ ਨੂੰ ਖੇਰੂੰ ਖੇਰੂੰ ਕਰ ਦਿੱਤਾ ਹੈ। ਸਮਾਜਕ ਰਿਸ਼ਤਿਆਂ ਵਿਚ ਆਏ ਨਿਘਾਰ ਕਾਰਨ ਬੰਦੇ ਨੂੰ ਵਸਤ ਵਾਂਗ ਵਰਤ ਕੇ ਸਿੱਟ ਦੇਣ ਵਾਲੀ ਮਾਨਸਿਕਤਾ ਭਾਰੂ ਹੋ ਗਈ ਹੈ। ਬੁੱਢੇ ਮਾਂ-ਬਾਪ ਨਾਲ ਮੋਹ-ਭੰਗ ਵੀ ਇਸੇ ਮਾਨਸਿਕਤਾ ਦੀ ਦੇਣ ਹੈ। ਸਮਾਜਕ ਕੀਮਤਾਂ ਦੀ ਸੰਭਾਲ ਲਈ ਲੇਖਕ ਸਭਾਵਾਂ ਨੂੰ ਲੋਕਾਂ ਨੂੰ ਚੇਤਨ ਕਰਨ ਲਈ ਆਪਣੇ ਸਮਾਗਮ ਪਿੰਡਾਂ ਵਿਚ ਕਰਨੇ ਚਾਹੀਦੇ ਹਨ। ਡਾ. ਤੇਜਵੰਤ ਮਾਨ ਨੇ ਪਿੰਡ ਵਿਚ ਸਾਹਿਤ ਪੜ੍ਹਨ ਦੀ ਰੁਚੀ ਪੈਦਾ ਕਰਨ ਲਈ ਬਿਰਧ ਆਸ਼ਰਮ ਦੀ ਲਾਇਬ੍ਰੇਰੀ ਲਈ ਪੰਜ ਹਜ਼ਾਰ ਰੁਪਏ ਦੀਆਂ ਪੁਸਤਕਾਂ ਦੇਣ ਦਾ ਐਲਾਨ ਕੀਤਾ। ਇਸ ਮੌਕੇ ਤੇ ਹਾਜ਼ਰ ਲੇਖਕਾਂ ਅਤੇ ਪਾਠਕਾਂ ਨੇ ਰਣਬੀਰ ਕਲੱਬ ਸੰਗਰੂਰ ਵੱਲੋਂ ੨੩ ਜੂਨ ਸ਼ਾਮ ਨੂੰ ਦਿਖਾਏ ਜਾਣ ਵਾਲੇ ਕ੍ਰਿਕਟ ਮੈਚ ਸਮੇਂ ਸ਼ਰਾਬ ਦੇਣ ਦੀ ਕਾਰਵਾਈ ਦੀ ਭਰਪੂਰ ਨਿਖੇਧੀ ਕਰਦਿਆਂ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਇਹਨਾਂ ਨਸ਼ਾ ਫੈਲਾਉਣ ਵਾਲੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ। ਅੰਤ ਵਿਚ ਬਿਰਧ ਆਸ਼ਰਮ ਸੰਸਥਾ ਦੇ ਮੁੱਖ ਪ੍ਰਬੰਧਕ ਸ. ਬਲਦੇਵ ਸਿੰਘ ਗੋਸਲ ਨੇ ਸਾਰੇ ਲੇਖਕਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

*—ਕਰਮ ਸਿੰਘ ਜ਼ਖ਼ਮੀ*
*ਜਨਰਲ ਸਕੱਤਰ*


NamdhariElibrary NamdhariElibrary@gmail.com

# ਪ੍ਰਤੀਕਿਰਿਆ

ਜੁਲਾਈ ੨੦੧੩ ਦਾ 'ਵਰਿਆਮ' ਮਿਲ ਗਿਆ ਹੈ, ਧੰਨਵਾਦ। ਸੰਪਾਦਕੀ ਵਿਚ ਉਤਰਾਖੰਡ ਵਿਚ ਵਾਪਰੀ ਤਬਾਹੀ ਦਾ ਵਰਨਣ ਤੁਸੀਂ ਗੁਰੂ ਬਾਣੀ ਦੇ ਪ੍ਰਮਾਣ ਨਾਲ 'ਸਭੁ ਕਿਛੁ ਆਪੇ ਆਪਿ' ਵਜੋਂ ਵਾਜਬ ਤੌਰ ਤੇ ਕੀਤਾ ਹੈ ਪਰ ਇਸ ਪ੍ਰਮਾਣ ਨੂੰ ਬੰਦਾ ਦਿਨ-ਬ-ਦਿਨ ਆਪਣੀ ਹਉਮੈ ਅਧੀਨ ਵਿਕਾਸ ਦੇ ਨਾਂ ਉੱਤੇ ਚੈਲੰਜ ਕਰਦਾ ਆ ਰਿਹਾ ਹੈ। ਕੁਦਰਤ ਵਿਚ ਬੰਦੇ ਦਾ ਬੇਵਜਾ ਦਖ਼ਲ ਇਸਦੇ ਆਪੇ ਆਪਿ ਵਾਪਰਣ ਦੇ ਖਾਸੇ ਵਿਚ ਛੇੜ-ਛਾੜ ਕਰ ਰਿਹਾ ਹੈ ਜਿਸ ਕਾਰਨ ਕੁਦਰਤੀ ਸੰਤੁਲਨ ਵਿਚ ਵਿਗਾੜ ਪੈ ਰਿਹਾ ਹੈ। ਕੁਦਰਤੀ ਸੋਮਿਆਂ ਦੀ ਦੁਰਵਰਤੋਂ ਅਤੇ ਉਨ੍ਹਾਂ ਦੀ ਆਪਣੀ ਗਤੀ ਵਿਚ ਐਟਮੀ ਅਤੇ ਮਸ਼ੀਨੀ ਦਖ਼ਲਅੰਦਾਜ਼ੀ ਕੁਦਰਤੀ ਵਿਪਤਾਵਾਂ ਲਈ ਜ਼ਿੰਮੇਵਾਰ ਹੈ। 'ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ' ਦੀ ਸਥਿਤੀ ਵਿਚ ਲੋਕਾਈ ਬੇਬਸ ਹੋ ਤਬਾਹੀ ਦਾ ਸਾਹਮਣਾ ਕਰਦੀ ਹੈ।

ਸੁਵਰਨ ਸਿੰਘ ਵਿਰਕ ਹੁਰਾਂ ਦਾ ਭਾਈ ਦਾਨ ਸਿੰਘ ਜੀ ਬਾਰੇ ਲਿਖਿਆ ਨਿਬੰਧ ਖੋਜ ਭਰਪੂਰ ਹੈ। ਤੁਸੀਂ ਮੇਰੀ ਨਜ਼ਮ 'ਪੁਸਤਕ' ਪ੍ਰਕਾਸ਼ਤ ਕੀਤੀ ਧੰਨਵਾਦ! ਗੁਰਨਾਮ ਗਿੱਲ ਅਤੇ ਜਸਵੰਤ ਕੈਲਵੀ ਦੀਆਂ ਗ਼ਜ਼ਲਾਂ ਦੀ ਸ਼ਿਅਰੀਅਤ ਮਾਨਣਯੋਗ ਹੈ।

*—ਤੇਜਵੰਤ ਮਾਨ (ਡਾ.), ਸੰਗਰੂਰ*

ਮਾਸਕ "ਵਰਿਆਮ" ਲਗਾਤਾਰ ਮਿਲ ਰਿਹਾ ਹੈ। ਪੜ੍ਹ ਰਿਹਾ ਹਾਂ। ਖਾਸ ਤੌਰ ਤੇ ਵਰਿਆਮ ਸੰਧੂ ਅਤੇ ਡਾ. ਹਰਸ਼ਿੰਦਰ ਕੌਰ ਦੀਆਂ ਲਿਖਤਾਂ ਬਾਰੇ ਜੋ ਵੀ ਲਿਖਾਂ, ਉਹ ਠੀਕ ਤਾਰੀਫ ਤੋਂ ਘੱਟ ਹੋਵੇਗਾ। ਜੂਨ ਅੰਕ ਵਿਚ ਲਖਵਿੰਦਰ ਸਿੰਘ ਬਾਜਵਾ ਦੀ ਕਹਾਣੀ "ਬਿਜੜੇ ਦਾ ਆਹਲਣਾ", ਡਾ. ਕੇਵਲ ਸਿੰਘ ਪਰਵਾਨਾ ਦੀ ਰਚਨਾ "ਪਾਗਲ", ਕੂਕਾ ਲਹਿਰ ਦੇ ਨਾਇਕਾਂ ਬਾਰੇ ਜਾਣਕਾਰੀ ਬੇਮਿਸਾਲ ਹਨ।

ਸ. ਪਿਆਰਾ ਸਿੰਘ ਭੋਗਲ ਦੀ ਰਚਨਾ "ਪੰਜਾਬੀ ਭਾਸ਼ਾ ਨੂੰ ਵਾਰਤਕ ਲੇਖਕਾਂ ਦੀ ਲੋੜ ਹੈ" ਦੀ ਥਾਂ ਮੇਰਾ ਵਿਚਾਰ ਹੈ ਕਿ ਇਸ ਵਕਤ ਜੇਕਰ ਪੰਜਾਬੀ ਲੇਖਕ ਲਿਖਣ ਦੀ ਥਾਂ ਪੜ੍ਹਨਾ ਵੀ ਸ਼ੁਰੂ ਕਰ ਦੇਣ, ਤਾਂ ਪੰਜਾਬੀ ਭਾਸ਼ਾ ਦੀ ਬਹੁਤ ਵੱਡੀ ਸੇਵਾ ਹੋਵੇਗੀ, ਕਿਉਂਕਿ ਇਸ ਵਕਤ ਲੇਖਕ ਲਿਖਣ ਅਤੇ ਆਪਣੀਆਂ ਕਿਤਾਬਾਂ ਪ੍ਰਕਾਸ਼ਿਤ ਕਰਵਾਉਣ ਲਈ ਹੋਲ ਟਾਈਮਰ ਬਣੇ ਹੋਏ ਹਨ। ਇਹ ਬਿਲਕੁਲ ਠੀਕ ਹੈ ਕਿ ਇਸ ਵੇਲੇ ਪੰਜਾਬੀ ਕਵਿਤਾ ਲਿਖਣ ਵਾਲਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਮੈਂ ਭੋਗਲ ਸਾਹਿਬ ਤੋਂ ਉਤਸ਼ਾਹ ਲੈ ਕੇ ਇਕ ਲੇਖ ਰਚਨਾ ਭੇਜ ਰਿਹਾ ਹਾਂ। ਠੀਕ ਲੱਗੇ ਤਾਂ, ਛਾਪ ਦੇਣਾ ਜੀ। ਧੰਨਵਾਦੀ ਹੋਵਾਂਗਾ।

*—ਸੁਖਵੰਤ ਸਿੰਘ ਗਿੱਲ, ਬਟਾਲਾ*

ਜੁਲਾਈ ਮਹੀਨੇ ਦਾ ਵਰਿਆਮ ਪੜ੍ਹ ਕੇ ਕਈ ਕੁਝ ਸਿਖਿਆ ਏ। ਸਭ ਤੋਂ ਪਹਿਲਾਂ ਸ. ਸੁਵਰਨ ਸਿੰਘ ਵਿਰਕ ਦਾ ਭਾਈ ਦਾਨ ਸਿੰਘ ਜੀ ਨਾਮਧਾਰੀਏ ਦਾ ਕੂਕਾ ਲਹਿਰ ਵਿਚ ਕਿੰਨਾ ਯੋਗਦਾਨ ਸੀ। ਉਹ ਵੀ ਨਿਡਰ ਹੋ ਕੇ ਕਰ ਰਿਹਾ ਸੀ। ਜਿਸ ਨੂੰ ਮੌਤ ਦਾ ਡਰ ਵੀ ਨਹੀਂ ਸੀ। ਵਿਰਕ ਜੀ ਦਾ ਨਾਮਧਾਰੀ ਇਤਿਹਾਸ ਬਾਰੇ ਬਹੁਤ ਵਿਸ਼ਾਲ ਗਿਆਨ ਏ।

ਸ. ਵਰਿਆਮ ਸਿੰਘ ਸੰਧੂ ਦੇ ਬਿਖੜੇ ਰਾਹਾਂ ਦਾ ਪੈਂਡਾ ਪੜ੍ਹਿਆ। ਉਸ ਦੇ ਅਜੀਤ ਸਿੰਘ ਮੌਲਵੀ ਬਾਰੇ ਵੀ ਪੜ੍ਹਿਆ। ਕਿਉਂਕਿ ਮੈਂ ਅਜੀਤ ਸਿੰਘ ਮੌਲਵੀ ਨੂੰ ਬਹੁਤ ਵਾਰੀ ਮਿਲਿਆ ਸੀ। ਹੁਣ ਪਤਾ ਨਹੀਂ ਹੈ ਜਾਂ ਫੇਰ ਰੱਬ ਨੂੰ ਪਿਆਰ ਹੋ ਗਿਆ ਏ। ਤੇ ਜਿਹੜੀਆਂ ਧਮਕੀਆਂ ਵਿਆਹ ਤੋਂ ਪਹਿਲਾਂ ਆਪਦੀ ਜੀਵਨ ਸਾਥਣ ਨੂੰ ਦਿੱਤੀਆਂ ਤੇ ਪੂਰੀਆਂ ਕਰ ਵਿਖਾਈਆਂ ਉਹ ਵੀ ਪੜ੍ਹੀਆਂ। ਸਾਰਾ ਕੁਝ ਚੰਗੀ ਤਰ੍ਹਾਂ ਪੜ੍ਹਨ ਲਈ ਸੰਧੂ ਜੀ ਦਾ ਜੀਵਨ ਸ਼ੁਰੂ ਤੋਂ ਪੜ੍ਹਨਾ ਪੈਣਾ ਏ।

ਡਾ: ਹਰਸ਼ਿੰਦਰ ਕੌਰ ਦੀ ਡਾਕਟਰ ਦੀ ਨਿਜੀ ਡਾਇਰੀ ਵੀ ਪੜ੍ਹੀ। ਬੜੇ ਸਵਾਦਲੇ ਡਾਇਲਾਗ ਹੋਏ ਹਨ। ਜਿਸ ਤਰ੍ਹਾਂ "ਸਾਲੀ ਨੇ ਵਿਆਹ ਤੋਂ ਬਾਅਦ ਸੱਤ ਦਿਨ ਤੱਕ ਰੋਜ਼ ਪਾਲਕ ਤੇ ਬਾਥੂ ਬਣਾ ਕੇ ਖੁਆਉਂਦੀ ਰਹੀ। ਅੱਠਵੇਂ ਦਿਨ ਬੰਦੇ ਨੇ ਅੱਕ ਕੇ ਆਖਿਆ ਅੱਜ ਨਾ ਰੋਟੀ ਬਣਾਈ। ਮੈਂ ਆਪੇ ਖੇਤ ਵਿਚੋਂ ਪਾਲਕ ਤੇ ਬਾਥੂ ਚਰ ਆਵਾਂਗਾ।" ਇਸ ਤਰ੍ਹਾਂ ਦੀਆਂ ਆਮ ਗੱਲਾਂ ਉਸ ਸਾਹਿਤਕਾਰ ਨੂੰ ਮਿਲਦੀਆਂ ਹਨ। ਜਿਸ ਦਾ ਆਮ ਲੋਕਾਂ ਨਾਲ ਵਾਹ ਪਵੇ।

ਡਾ: ਜੀ ਦਰਦ ਦੂਰ ਕਰ ਵਾਲੀਆਂ ਦਵਾਈਆਂ ਕਿੰਨੀਆਂ ਕੁ ਖ਼ਤਰਨਾਕ ਹਨ ? ਬਾਰੇ ਵੀ ਪੜ੍ਹਿਆ। ਪਰ ਭਾਰਤ ਅੰਦਰ ਡਾਕਟਰ ਤੇ ਮਰੀਜ ਇਸ ਚੀਜ਼ ਦੀ ਪ੍ਰਵਾਹ ਨਹੀਂ ਕਰਦੇ ਕਿ ਇਸ ਦਵਾਈ ਦੇ ਖਾਣ ਬਾਦ ਕੀ ਅਸਰ ਹੋਵੇਗਾ। ਮਰੀਜ਼ ਸੋਚਦਾ ਦਰਦ ਠੀਕ ਹੋਵੇ ਡਾ: ਸੋਚਦਾ ਪੈਸੇ ਆਉਣਾ। ਇਸ ਕਰਕੇ ਹੀ ਗਲਤ ਤੇ ਵਧ ਦਵਾਈ ਖਾ ਕੇ ਕਈ ਮਰੀਜ਼ ਲਾਇਲਾਜ ਹੋ ਜਾਂਦੇ ਹਨ।

ਗੁਲਜ਼ਾਰ ਸਿੰਘ ਸੰਧੂ ਵੀ ਪੜ੍ਹਿਆ ਤੇਜਵੰਤ ਮਾਨ (ਡਾ:) ਦੀ ਕਵਿਤਾ ਪੁਸਤਕ ਪੜ੍ਹੀ।

—ਹਰਭਜਨ ਸਿੰਘ ਬਾਜਵਾ, ਬਟਾਲਾ


NamdhariElibrary NamdhariElibrary@gmail.com

Gram : 'Sniper' Hello : 431367

Reputed Manufacturers of :

# Superior Quality

## SINGLE BARREL

## &

## DOUBLE BARREL

B.L.–12 Bore

# GUNS

# MODERN GUN WORKS

OPP. INDUSTRIAL ESTATE,

JAMMU CANTT.




Namdhari Elibrary NamdhariElibrary@gm



ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿਚ ਵਰਿਆਮ ਪਰਿਵਾਰ ਜਗਦੀਸ਼ ਸਿੰਘ ਸੰਪਾਦਕ, ਸ੍ਰੀਮਤੀ ਬਖਸ਼ੀਸ਼ ਕੌਰ : ਸ. ਨਰੈਣ ਸਿੰਘ ਭਰਾਤਾ (ਬੈਂਕ ਆਫ ਬੜੌਦਾ), ਬੀਬੀ ਗੁਰਮੀਤ ਕੌਰ ਅਤੇ ਗੁਰਰਤਨ ਸਿੰਘ ਮੈਨੇਜਰ ਯੂਨੀਅਨ ਬੈਂਕ ਆਫ ਇੰਡੀਆ ਆਪਣੇ ਨਿਵਾਸ ਅਸਥਾਨ ਜਲੰਧਰ ਤੇ ੧੪ ਜੁਲਾਈ ੨੦੧੩



ਸਤਿਗੁਰੂ ਜੀ ਅਤੇ ਸੰਪਾਦਕ ਵਰਿਆਮ ...

Namdhari Elibrary NamdhariElibrary@gmail.com

P.O. Regd. No. PB/JL-016/2012-2014 **WARIAM** Ladowali Road, Jalandhar -144001
Regd. RNI No. 26453/75
**August 2013**




ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ 0181-2222543

Namdhari Elibrary NamdhariElibrary@gmail.com